ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

27 ਮਈ ਤੋਂ 2 ਜੂਨ 2026

ਸਾਲ 17ਵਾਂ - ਅੰਕ 22



email : info@sadelok.com

Ph. : 510-706-1300

Fax : 925-373-1300


## ਈਦ-ਉੱਲ-ਅਜ਼ਹਾ ਦੀਆਂ ਲੱਖ-ਲੱਖ ਵਧਾਈਆਂ

### ਭਾਰਤ ਵਿਚ ਈਦ ਮੌਕੇ ਮੁਸਲਮਾਨ ਭਾਈਚਾਰੇ ਦਾ ਲੱਖਾਂ ਦੀ ਤਾਦਾਦ 'ਚ ਇਲਾਹੀ ਇਕੱਠ



(ਦੇਖੋ ਸਫ਼ਾ 38 'ਤੇ)

## ਸ਼੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸ਼ਰਧਾ ਤੇ ਉਤਸ਼ਾਹ ਨਾਲ ਖੁੱਲ੍ਹੇ

### 3,000 ਤੋਂ ਵੱਧ ਸੰਗਤਾਂ ਵਲੋਂ ਸਜਾਇਆ ਨਗਰ ਕੀਰਤਨ

ਚਮੋਲੀ/ਭਾਰਤ, (ਸਾਡੇ ਲੋਕ) : ਬੁਲੰਦ ਪਹਾੜੀਆਂ ਅਤੇ ਬਰਫ਼ ਦੀਆਂ ਚਾਦਰਾਂ ਦਰਮਿਆਨ ਸਥਿਤ ਸਿੱਖਾਂ ਦੇ ਪ੍ਰਸਿੱਧ ਤੀਰਥ ਅਸਥਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਅੱਜ ਸ਼ਨੀਵਾਰ ਨੂੰ ਸੰਗਤਾਂ ਲਈ ਰਸਮੀ ਤੌਰ 'ਤੇ ਖੋਲ੍ਹ ਦਿੱਤੇ ਗਏ ਹਨ। ਇਸ ਇਤਿਹਾਸਕ ਅਤੇ ਪਵਿੱਤਰ ਮੌਕੇ 'ਤੇ ਦੇਸ਼-ਵਿਦੇਸ਼ ਤੋਂ ਪਹੁੰਚੇ 3,000 ਤੋਂ ਵੱਧ ਸਿੱਖ ਸ਼ਰਧਾਲੂਆਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਕਿਵਾੜ ਖੁੱਲ੍ਹਣ ਦੀ ਸ਼ੁਰੂਆਤ ਮੌਕੇ ਫੁੱਲਾਂ ਨਾਲ ਸੁਸੱਜਿਤ ਕੀਤੀ ਗਈ ਸੁੰਦਰ ਪਾਲਕੀ ਸਾਹਿਬ ਦੇ ਆਲੇ-ਦੁਆਲੇ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਇੱਕ

(ਦੇਖੋ ਸਫ਼ਾ 20 'ਤੇ)



## ਸ਼ਹੀਦੀ ਜੋੜ ਮੇਲ

### ਸਾਨ ਫਰਾਂਸਿਸਕੋ ਦੀਆਂ ਸੜਕਾਂ 'ਤੇ 6 ਜੂਨ ਨੂੰ ਸਜੇਗਾ ਮਹਾਨ ਨਗਰ ਕੀਰਤਨ



**ਸੰਗਤਾਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ**

ਸਾਨ ਫਰਾਂਸਿਸਕੋ (ਕੈਲੀਫੋਰਨੀਆ): ਧੰਨ-ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਸ਼ਹੀਦੀ ਪੁਰਬ ਅਤੇ ਜੂਨ 1984 ਵਿੱਚ ਸ੍ਰੀ

(ਦੇਖੋ ਸਫ਼ਾ 20 'ਤੇ)

## ਸ. ਗੁਰਿੰਦਰਵੀਰ ਸਿੰਘ ਬਣਿਆ ਭਾਰਤ ਦਾ ਸਭ ਤੋਂ ਤੇਜ਼ ਦੌੜਾਕ

ਰਾਂਚੀ/ਸ਼ਾਹ : ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਖੇ ਪੰਜਾਬ ਦੇ ਗੁਰਿੰਦਰਵੀਰ ਸਿੰਘ ਨੇ ਉਸ ਸਮੇਂ ਇਤਿਹਾਸ ਸਿਰਜ ਦਿੱਤਾ, ਜਦੋਂ ਉਨ੍ਹਾਂ ਨੇ ਐਥਲੈਟਿਕਸ ਫੈਡਰੇਸ਼ਨ ਮੁਕਾਬਲੇ ਵਿਚ ਪੁਰਸ਼ਾਂ ਦੀ 100 ਮੀਟਰ ਦੌੜ ਨੂੰ ਮਹਿਜ਼ 10:09 ਸਕਿੰਟ ਵਿਚ

(ਦੇਖੋ ਸਫ਼ਾ 18 'ਤੇ)



ਮਹਿਜ਼ 10.09 ਸਕਿੰਟ 'ਚ ਪੂਰੀ ਕੀਤੀ 100 ਮੀਟਰ ਦੌੜ

## ਕੈਲੀਫੋਰਨੀਆ ਦੇ 14ਵੇਂ ਕਾਂਗਰਸਨਲ ਡਿਸਟ੍ਰਿਕਟ ਤੋਂ ਚੋਣ ਲੜ ਰਹੀ ਰਾਖੀ ਇਸਰਾਨੀ ਖ਼ਿਲਾਫ਼ ਫਰੀਮਾਂਟ ਵਿੱਚ ਭਾਰੀ ਮੁਜ਼ਾਹਰਾ

### ਅਮਰੀਕਾ ਦੇ ਵੱਖ-ਵੱਖ ਬੁਲਾਰਿਆਂ ਵੱਲੋਂ ਲਾਏ ਗਏ ਗੰਭੀਰ ਦੋਸ਼





ਫਰੀਮਾਂਟ/ਕੈਲੀਫੋਰਨੀਆ, (ਬਿਊਰੋ) : ਸੰਯੁਕਤ ਰਾਜ ਅਮਰੀਕਾ (USA) ਦੀ ਸਿਆਸਤ ਅਤੇ ਭਾਰਤੀ ਡਾਇਸਪੋਰਾ (ਪ੍ਰਵਾਸੀਆਂ) ਦੇ ਹਵਾਲੇ ਨਾਲ ਇਸ ਵੇਲੇ ਦੀ ਇੱਕ ਬਹੁਤ ਹੀ ਵੱਡੀ ਅਤੇ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ। ਕੈਲੀਫੋਰਨੀਆ ਦੇ 14ਵੇਂ ਕਾਂਗਰਸਨਲ ਡਿਸਟ੍ਰਿਕਟ (ਫਰੀਮਾਂਟ ਖੇਤਰ) ਤੋਂ ਅਮਰੀਕੀ ਸੰਸਦ (Congress) ਦੀ ਚੋਣ ਲੜ ਰਹੀ ਉਮੀਦਵਾਰ ਰਾਖੀ ਇਸਰਾਨੀ (Rakhi Israni) ਦੇ ਚੋਣ ਫੰਡਾਂ ਨੂੰ ਲੈ ਕੇ ਇੱਕ ਵੱਡਾ ਖੁਲਾਸਾ ਹੋਇਆ ਹੈ। ਇਸ ਦੇ ਵਿਰੋਧ ਵਿੱਚ ਫਰੀਮਾਂਟ ਵਿੱਚ ਇੱਕ ਵਿਸ਼ਾਲ ਕਾਰ ਰੈਲੀ ਕੱਢ ਕੇ ਭਾਰੀ ਮੁਜ਼ਾਹਰਾ ਕੀਤਾ ਗਿਆ। ਇਸ ਭਰਵੀਂ ਰੈਲੀ ਨੂੰ ਵੱਖ-ਵੱਖ ਪ੍ਰਮੁੱਖ ਬੁਲਾਰਿਆਂ ਨੇ ਸੰਬੋਧਨ ਕੀਤਾ, ਜਿਨ੍ਹਾਂ ਵਿੱਚ ਅਮਰੀਕਾ ਤੋਂ ਸਿੱਖਾਂ ਦੀ ਆਵਾਜ਼ ਡਾਕਟਰ ਗੁਰਿੰਦਰ ਸਿੰਘ ਗਰੇਵਾਲ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਅਤੇ ਘੱਟਗਿਣਤੀਆਂ ਦੀ ਅੰਤਰਰਾਸ਼ਟਰੀ ਆਵਾਜ਼ 'ਸਿੱਖ ਇਨਫਰਮੇਸ਼ਨ' ਤੋਂ ਭਾਈ ਭਜਨ ਸਿੰਘ ਭਿੰਡਰ

(ਦੇਖੋ ਸਫ਼ਾ 22 'ਤੇ)

## ਇਤਿਹਾਸਕ ਪ੍ਰਾਪਤੀ

### ਡਾ. ਗੁਨੀਸ਼ਾ ਕੌਰ ਅਮਰੀਕੀ ਧਾਰਮਿਕ ਆਜ਼ਾਦੀ ਕਮਿਸ਼ਨ (USCIRF) ਦੀ ਪਹਿਲੀ ਸਿੱਖ ਕਮਿਸ਼ਨਰ ਨਿਯੁਕਤ

ਵਾਸ਼ਿੰਗਟਨ ਡੀ.ਸੀ. (ਸਾਡੇ ਲੋਕ): ਅਮਰੀਕੀ ਸਿਆਸਤ ਅਤੇ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਦੇ ਇਤਿਹਾਸ ਵਿੱਚ ਇੱਕ ਬਹੁਤ ਹੀ ਮਾਣਮੱਤੀ ਅਤੇ ਇਤਿਹਾਸਕ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਸੈਨੇਟ ਦੇ ਡੈਮੋਕ੍ਰੇਟਿਕ ਲੀਡਰ ਚੱਕ ਸ਼ੂਮਰ (Senator Chuck Schumer) ਵੱਲੋਂ ਨਿਊਯਾਰਕ ਦੇ ਮੰਨੇ-ਪ੍ਰਮੰਨੇ ਡਾਕਟਰ, ਮੈਡੀਕਲ ਮਾਨਵ ਵਿਗਿਆਨੀ (Medical Anthropologist) ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਰਕੁਨ ਡਾ. ਗੁਨੀਸ਼ਾ ਕੌਰ (Dr. Gunisha Kaur) ਨੂੰ 'ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ' (USCIRF) ਵਿੱਚ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਵੱਕਾਰੀ ਸੰਘੀ (ਫੈਡਰਲ) ਕਮਿਸ਼ਨ ਦੇ ਪੂਰੇ ਇਤਿਹਾਸ ਵਿੱਚ ਨਿਯੁਕਤ ਹੋਣ ਵਾਲੀ ਉਹ ਪਹਿਲੀ ਸਿੱਖ ਕਮਿਸ਼ਨਰ

(ਦੇਖੋ ਸਫ਼ਾ 5 'ਤੇ)



ਅਮਰੀਕੀ ਰਾਜਨੀਤੀ ਅਤੇ ਸਿੱਖ ਜਗਤ ਵਿੱਚ ਨਵਾਂ ਇਤਿਹਾਸ: ਪੀੜਤਾਂ ਦੇ ਜ਼ਖਮਾਂ 'ਤੇ ਮਲ੍ਹਮ ਲਾਉਣ ਵਾਲੀ ਨਿਊਯਾਰਕ ਦੀ ਮਸ਼ਹੂਰ ਡਾਕਟਰ ਹੁਣ ਵਿਸ਼ਵ ਪੱਧਰ 'ਤੇ ਅਮਰੀਕਾ ਦੀਆਂ ਵਿਦੇਸ਼ ਨੀਤੀਆਂ ਦੀ ਅਗਵਾਈ ਕਰੇਗੀ


**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

kw LAKE WASHINGTON SO
KELLERWILLIAMS. REALTY
**CJ Singh**
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com


ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਫਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 303 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਹੋਏ ਵਿਸ਼ੇਸ਼ ਸਮਾਗਮ

ਫਰਿਜ਼ਨੋ/ਕੈਲੇਫੋਰਨੀਆ, (ਕੁਲਵੰਤ ਧਾਲੀਆਂ/ਨੀਟਾ ਮਾਛੀਕੇ) : ਫਰਿਜ਼ਨੋ ਦੇ ਗੁਰਦੁਆਰਾ "ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜ੍ਹੀਆਂ ਦੀ 303 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ। ਜਿੱਥੇ ਪਾਠ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿਨ੍ਹਾਂ ਦੀ ਸ਼ੁਰੂਆਤ ਗੁਰੂਘਰ ਅੰਦਰ ਚਲਾਏ ਜਾ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕਰਨ ਨਾਲ ਕੀਤੀ। ਇਸ ਉਪਰੰਤ ਗੁਰਬਾਣੀ ਕੀਰਤਨ ਜੱਥੇ ਨੇ ਕੀਰਤਨ ਰਾਹੀ ਹਾਜ਼ਰੀ ਲਾਉਦੇ ਹੋਏ ਗੁਰਬਾਣੀ ਸਰਵਨ ਕਰਵਾਈ ਅਤੇ ਕਥਾ ਵਿਚਾਰਾਂ ਹੋਈਆਂ। ਇਸੇ ਦੌਰਾਨ ਉਪਰੰਤ ਗੁਰੂ ਘਰ ਵਿਖੇ ਹਾਜ਼ਰ ਢਾਡੀ ਜੱਥੇ ਨੇ ਜੋਸ਼ੀਲੀਆਂ ਵਾਰਾਂ ਸੁਣਾਉਂਦੇ ਹੋਏ ਸਿੱਖ ਕੌਮ ਦੇ ਮਹਾਨ ਜਰਨੈਲ ਸ. ਜੱਸਾ ਸਿੰਘ ਰਾਮਗੜੀਆਂ ਦੇ ਜੀਵਨ ਅਤੇ ਇਤਿਹਾਸ ਨੂੰ ਸਾਂਝਾ ਕੀਤਾ। ਸਟੇਜ ਸਕੱਤਰ ਨੇ ਸੇਵਾ ਨਿਭਾਉਦੇ ਹੋਏ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆਂ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆਂ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂੰਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਸ. ਰੇਸ਼ਮ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਮੁੱਚੇ ਪ੍ਰੋਗਰਾਮ ਦੀ ਸੇਵਾ ਸਮੂੰਹ ਟਰੱਕਰਜ਼ ਅਤੇ ਸਹਿਯੋਗੀ ਸੰਗਤਾਂ ਵੱਲੋਂ ਰਲ-ਮਿਲ ਕੇ ਨਿਭਾਈ ਗਈ। ਜਿਸ ਲਈ ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਹਿਯੋਗੀ ਸੰਗਤਾਂ ਦਾ ਧੰਨਵਾਦ ਕਰਦੇ ਹਨ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰਬਾਣੀ ਪ੍ਰਵਾਹ ਅਤੇ ਗੁਰੂ ਦੇ ਲੰਗਰ ਅਤੁੱਟ ਵਰਤੇ। ਅਗਲੇ ਸਾਲ ਤੋਂ ਫਿਰ ਇਸ ਮਹਾਨ ਸ਼ਖਸੀਅਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਬਰਸੀ ਰਲ-ਮਿਲ ਮਨਾਉਣ ਦਾ ਵਾਅਦਾ ਕਰਦੇ ਹੋਏ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ।











# ਇਰਾਨ 'ਸਮਝੌਤਾ ਕਰਨਾ ਚਾਹੁੰਦਾ ਹੈ' ਪਰ ਅਮਰੀਕਾ 'ਸੰਤੁਸ਼ਟ ਨਹੀਂ' : ਟਰੰਪ



ਵਾਸ਼ਿੰਗਟਨ, ਡੀ ਸੀ, : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ 'ਤੇ ਇੱਕ ਸਖ਼ਤ ਪਰ ਉਮੀਦ ਭਰਿਆ ਰੁਖ਼ ਦਿਖਾਉਂਦੇ ਹੋਏ ਦਾਅਵਾ ਕੀਤਾ ਹੈ ਕਿ ਤਹਿਰਾਨ (ਇਰਾਨ) ਵਾਸ਼ਿੰਗਟਨ ਨਾਲ ਇੱਕ ਕੂਟਨੀਤਕ ਸਮਝੌਤੇ ਲਈ ਗੱਲਬਾਤ ਕਰਨ ਦੇ ਬਹੁਤ ਜ਼ਿਆਦਾ ਦਬਾਅ ਹੇਠ ਹੈ।

ਇੱਕ ਕੈਬਨਿਟ ਮੀਟਿੰਗ ਦੌਰਾਨ ਬੋਲਦਿਆਂ, ਅਮਰੀਕੀ ਰਾਸ਼ਟਰਪਤੀ ਨੇ ਦੁਹਰਾਇਆ ਕਿ ਉਹ ਮੰਨਦੇ ਹਨ ਕਿ ਇਰਾਨੀ ਆਗੂ 'ਇੱਕ ਸਮਝੌਤਾ ਕਰਨ ਲਈ ਬਹੁਤ ਉਤਸੁਕ ਹਨ।'

ਰਾਸ਼ਟਰਪਤੀ ਟਰੰਪ ਨੇ ਇਹ ਮੰਨਿਆ ਹੈ ਕਿ ਕੂਟਨੀਤਕ ਸਫਲਤਾ ਅਜੇ ਹਾਸਲ ਨਹੀਂ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਭਾਵੇਂ ਹੁਣ ਤੱਕ ਦੀ ਗੱਲਬਾਤ ਅਧੂਰੀ ਹੈ, ਪਰ ਫਿਰ ਵੀ ਉਨ੍ਹਾਂ ਨੂੰ ਇਸ ਦਾ ਇੱਕ ਵਧੀਆ ਹੱਲ ਨਿਕਲਣ ਦੀ ਪੂਰੀ ਉਮੀਦ ਹੈ। ਟਰੰਪ ਦੇ ਸ਼ਬਦਾਂ ਮੁਤਾਬਕ, 'ਹੁਣ ਤੱਕ ਉਹ (ਇਰਾਨ) ਉਸ ਮੁਕਾਮ 'ਤੇ ਨਹੀਂ ਪਹੁੰਚੇ ਹਨ। ਅਸੀਂ ਇਸ (ਮੌਜੂਦਾ ਸਥਿਤੀ) ਤੋਂ ਸੰਤੁਸ਼ਟ ਨਹੀਂ ਹਾਂ, ਪਰ ਅਸੀਂ ਅੱਗੇ ਜਾ ਕੇ ਜ਼ਰੂਰ ਸੰਤੁਸ਼ਟ ਹੋਵਾਂਗੇ। ਅਸੀਂ ਸਫਲ ਹੋਵਾਂਗੇ।'

ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਨੇ ਸਮਝੌਤੇ ਦੀ ਉਮੀਦ ਜਤਾਉਣ ਦੇ ਨਾਲ-ਨਾਲ ਇੱਕ ਸਖ਼ਤ ਚਿਤਾਵਨੀ ਵੀ ਦਿੱਤੀ ਹੈ ਕਿ ਜੇਕਰ ਇਹ ਗੱਲਬਾਤ ਪੂਰੀ ਤਰ੍ਹਾਂ ਅਸਫਲ ਹੋ ਜਾਂਦੀ ਹੈ, ਤਾਂ ਅਮਰੀਕਾ ਆਪਣੇ ਪੱਧਰ 'ਤੇ ਅਗਲੀ ਕਾਰਵਾਈ ਕਰੇਗਾ। ਉਨ੍ਹਾਂ ਕਿਹਾ, 'ਜਾਂ ਤਾਂ ਇਹ ਸਮਝੌਤਾ ਹੋਵੇਗਾ, ਨਹੀਂ ਤਾਂ ਫਿਰ ਸਾਨੂੰ ਖ਼ੁਦ ਇਹ ਕੰਮ ਖ਼ਤਮ ਕਰਨਾ ਪਵੇਗਾ।' ਇਰਾਨ ਸਰਕਾਰ ਦੀ ਪੁਰਾਣੀ ਰਣਨੀਤੀ ਬਾਰੇ ਗੱਲ ਕਰਦਿਆਂ ਟਰੰਪ ਨੇ ਦਾਅਵਾ ਕੀਤਾ ਕਿ ਇਰਾਨੀ ਸ਼ਾਸਨ ਪਹਿਲਾਂ ਇਹ ਸੋਚਦਾ ਸੀ ਕਿ ਉਹ ਸਮਝੌਤਾ ਕਰਨ ਦੀ ਬਜਾਏ ਮੇਰੇ (ਰਾਸ਼ਟਰਪਤੀ ਦੇ ਅਹੁਦੇ ਤੋਂ) ਜਾਣ ਦਾ ਇੰਤਜ਼ਾਰ ਕਰ ਲਵੇਗਾ।

ਦੋਵਾਂ ਦੇਸ਼ਾਂ ਵਿਚਕਾਰ ਲੰਮੇ ਸਮੇਂ ਤੋਂ ਚੱਲ ਰਹੀ ਇਸ ਖਿੱਚੋਤਾਣ ਦੇ ਬਾਵਜੂਦ, ਅਮਰੀਕਾ ਦਾ ਮੰਨਣਾ ਹੈ ਕਿ ਮਾੜੇ ਆਰਥਿਕ ਹਾਲਾਤਾਂ ਕਰਕੇ ਇਰਾਨੀ ਲੀਡਰਸ਼ਿਪ ਕੋਲ ਹੁਣ ਰਸਤੇ ਬਹੁਤ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ। ਟਰੰਪ ਨੇ ਕਿਹਾ, 'ਉਹ ਹੁਣ ਬਸ ਇੱਕ ਸਮਝੌਤਾ ਕਰਨਾ ਚਾਹੁੰਦੇ ਹਨ ਅਤੇ ਮੈਨੂੰ ਨਹੀਂ ਲੱਗਦਾ ਕਿ ਉਨ੍ਹਾਂ ਕੋਲ ਇਸ ਤੋਂ ਇਲਾਵਾ ਕੋਈ ਹੋਰ ਰਾਹ (ਵਿਕਲਪ) ਬਚਿਆ ਹੈ।' ਇਸੇ ਦੌਰਾਨ, ਵ੍ਹਾਈਟ ਹਾਊਸ ਨੇ ਇਰਾਨ ਦੇ ਸਰਕਾਰੀ ਟੈਲੀਵਿਜ਼ਨ 'ਤੇ ਚੱਲੀ ਉਸ ਖ਼ਬਰ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਰਾਨ ਅਤੇ ਅਮਰੀਕਾ ਨੇ ਪੱਛਮੀ ਏਸ਼ੀਆ ਵਿੱਚ ਚੱਲ ਰਹੀ ਦੁਸ਼ਮਣੀ ਨੂੰ ਰੋਕਣ ਲਈ ਇੱਕ ਸ਼ੁਰੂਆਤੀ ਖਾਕੇ 'ਤੇ ਸਫਲਤਾਪੂਰਵਕ ਗੱਲਬਾਤ ਕਰ ਲਈ ਹੈ। ਅਮਰੀਕਾ ਨੇ ਇਸ ਦਾਅਵੇ ਨੂੰ ਪੂਰੀ ਤਰ੍ਹਾਂ ਝੂਠਾ ਅਤੇ ਮਨਘੜਤ ਦੱਸਿਆ ਹੈ।

# ਵਾਸ਼ਿੰਗਟਨ ਡੀ.ਸੀ. ਵਿੱਚ ਵ੍ਹਾਈਟ ਹਾਊਸ ਦੇ ਨੇੜੇ ਗੋਲੀਬਾਰੀ, ਕਰੀਬ 30 ਰਾਊਂਡ ਕੀਤੇ ਗਏ ਫਾਇਰ

## ਗੋਲੀਬਾਰੀ ਸਮੇਂ ਵ੍ਹਾਈਟ ਹਾਊਸ ਦੇ ਅੰਦਰ ਸਨ ਡੋਨਾਲਡ ਟਰੰਪ










ਵਾਸ਼ਿੰਗਟਨ : ਬੀਤੇ ਦਿਨੀਂ ਵਾਸ਼ਿੰਗਟਨ, ਡੀ.ਸੀ. ਵਿੱਚ ਵ੍ਹਾਈਟ ਹਾਊਸ ਦੇ ਨੇੜੇ ਇੱਕ ਸ਼ੱਕੀ ਵਿਅਕਤੀ ਨੇ ਲਗਭਗ 30 ਰਾਊਂਡ ਫਾਇਰ ਕੀਤੇ। ਫਾਇਰਿੰਗ ਸਮੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵ ?ਹਾਈਟ ਹਾਊਸ ਦੇ ਅੰਦਰ ਸਨ। ਰਿਪੋਰਟਾਂ ਦੇ ਅਨੁਸਾਰ, ਸ਼ੱਕੀ ਵ੍ਹਾਈਟ ਹਾਊਸ ਹਮਲਾਵਰ ਨੇ ਅਮਰੀਕੀ ਗੁਪਤ ਸੇਵਾ ਦੇ ਅਧਿਕਾਰੀਆਂ ਦੁਆਰਾ ਪ੍ਰਬੰਧਿਤ ਇੱਕ ਸੁਰੱਖਿਆ ਚੌਕੀ 'ਤੇ ਗੋਲੀਬਾਰੀ ਕੀਤੀ। ਜਵਾਬੀ ਗੋਲੀਬਾਰੀ ਵਿਚ ਹਮਲਾਵਰ ਢੇਰ ਹੋ ਗਿਆ।

ਗੋਲੀਬਾਰੀ ਵਿੱਚ ਇੱਕ ਆਮ ਨਾਗਰਿਕ ਵੀ ਜ਼ਖ਼ਮੀ ਹੋ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਉਸ ਨੂੰ ਹਮਲਾਵਰ ਦੀ ਗੋਲੀ ਲੱਗੀ ਹੈ ਜਾਂ ਜਵਾਬੀ ਗੋਲੀਬਾਰੀ ਵਿਚ ਜ਼ਖ਼ਮੀ ਹੋਇਆ। ਜ਼ਖਮੀ ਵਿਅਕਤੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਸ ਘਟਨਾ ਤੋਂ ਕੁਝ ਦਿਨ ਪਹਿਲਾਂ, ਰਾਸ਼ਟਰਪਤੀ ਟਰੰਪ ਦੀ ਧੀ ਨੂੰ ਵੀ ਜਾਨੋਂ ਮਾਰਨ ਦੀ ਧਮਕੀ ਮਿਲੀ ਸੀ। ਇਸ ਮਾਮਲੇ ਦੇ ਸਬੰਧ ਵਿੱਚ ਇੱਕ ਇਰਾਕੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਇਰਾਨੀ ਫੌਜ ਨਾਲ ਜੁੜਿਆ ਹੋਇਆ ਸੀ। ਸ਼ੱਕੀ ਵਿਅਕਤੀ ਤੋਂ ਇਵਾਂਕਾ ਅਤੇ ਉਸ ਦੇ ਪਤੀ ਜੇਰੇਡ ਕੁਸ਼ਨਰ ਦੇ ਫਲੋਰੀਡਾ ਘਰ ਦੇ ਬਲੂਪ੍ਰਿੰਟ ਵੀ ਮਿਲੇ ਸਨ। ਗੋਲੀਬਾਰੀ ਤੋਂ ਬਾਅਦ ਵ੍ਹਾਈਟ ਹਾਊਸ ਕੰਪਲੈਕਸ ਵਿੱਚ ਹਫੜਾ-ਦਫੜੀ ਮੱਚ ਗਈ। ਪੱਤਰਕਾਰਾਂ ਅਤੇ ਸਟਾਫ ਨੂੰ ਤੁਰੰਤ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਹਥਿਆਰਾਂ ਨਾਲ ਲੈਸ ਗੁਪਤ ਸੇਵਾ ਏਜੰਟ ਪੂਰੇ ਖੇਤਰ ਵਿੱਚ ਤਾਇਨਾਤ ਹਨ, ਅਤੇ ਲਗਭਗ 40 ਮਿੰਟਾਂ ਲਈ ਤਾਲਾਬੰਦੀ ਵਰਗੀ ਸਥਿਤੀ ਬਣੀ ਰਹੀ।

ਐਫਬੀਆਈ, ਸੀਕ੍ਰੇਟ ਸਰਵਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੇ ਇਲਾਕੇ ਨੂੰ ਘੇਰ ਲਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ। ਵ੍ਹਾਈਟ ਹਾਊਸ ਕੰਪਲੈਕਸ ਦੇ ਉੱਤਰੀ ਲਾਅਨ ਨੂੰ ਖਾਲੀ ਕਰਵਾ ਲਿਆ ਗਿਆ ਹੈ। ਐਫਬੀਆਈ ਡਾਇਰੈਕਟਰ ਕਸ਼ ਪਟੇਲ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਸੁਰੱਖਿਆ ਏਜੰਸੀਆਂ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਦਾ ਜਵਾਬ ਦੇ ਰਹੀਆਂ ਹਨ।

# ਕੁਆਡ ਵਿਦੇਸ਼ ਮੰਤਰੀਆਂ ਦੀ ਬੈਠਕ 'ਚ ਗੂੰਜਿਆ ਹੋਰਮੁਜ਼ ਦਾ ਮੁੱਦਾ

## ਸਮੁੰਦਰੀ ਮਾਰਗਾਂ 'ਤੇ ਵਪਾਰਕ ਜਹਾਜ਼ਾਂ ਦੀ ਆਵਾਜਾਈ ਨਹੀਂ ਰੁਕਣੀ ਚਾਹੀਦੀ-ਕੁਆਡ ਦੇਸ਼



ਨਵੀਂ ਦਿੱਲੀ : ਹਿੰਦ-ਪ੍ਰਸ਼ਾਂਤ ਸਾਗਰ ਖ਼ਿੱਤੇ 'ਚ ਚੀਨ ਦੇ ਵਧਦੇ ਪ੍ਰਭਾਵ ਨੂੰ ਦੇਖਦਿਆਂ ਕੁਆਡ ਮੁਲਕਾਂ ਨੇ ਅਹਿਮ ਖਣਿਜਾਂ ਤੇ ਊਰਜਾ ਖੇਤਰਾਂ 'ਚ ਸਹਿਯੋਗ ਵਧਾਉਣ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਇਲਾਵਾ ਸਮੁੰਦਰ 'ਚ ਨਿਗਰਾਨੀ ਅਤੇ ਹਿੰਦ-ਪ੍ਰਸ਼ਾਂਤ ਖ਼ਿੱਤੇ 'ਚ ਬੰਦਰਗਾਹਾਂ ਦੇ ਬੁਨਿਆਦੀ ਢਾਂਚੇ ਨੂੰ ਹੱਲਾਸ਼ੇਰੀ ਦੇਣ ਲਈ ਨਵੇਂ ਕਦਮ ਚੁੱਕੇ ਹਨ। ਕੁਆਡ ਵਿਦੇਸ਼ ਮੰਤਰੀਆਂ ਨੇ ਹਰਮੁਜ਼ ਜਲ ਮਾਰਗ ਰਾਹੀਂ ਆਲਮੀ ਵਪਾਰ ਬਿਨਾਂ ਕਿਸੇ ਅੜਿੱਕੇ ਦੇ ਜਾਰੀ ਰੱਖਣ ਦਾ ਸੱਦਾ ਦਿੰਦਿਆਂ ਇਰਾਨ ਵੱਲੋਂ ਖ਼ ?ਤੇ 'ਚ ਲਾਈਆਂ ਗਈਆਂ ਰੋਕਾਂ ਦੀ ਆਲੋਚਨਾ ਕੀਤੀ। ਉਨ੍ਹਾਂ ਪੂਰਬੀ ਚੀਨ ਸਾਗਰ ਅਤੇ ਦੱਖਣੀ ਚੀਨ ਸਾਗਰ 'ਚ ਹਾਲਾਤ 'ਤੇ ਵੀ ਗੰਭੀਰ ਚਿੰਤਾ ਪ੍ਰਗਟਾਈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਮਾਰਕੋ ਰੂਬੀਓ, ਆਸਟਰੇਲਿਆਈ ਹਮਰੁਤਬਾ ਪੈਨੀ ਵੋਂਗ ਅਤੇ ਜਪਾਨੀ ਹਮਰੁਤਬਾ ਤੋਸ਼ਿਮਿਤਸੂ ਮੋਤੇਗੀ ਹਾਜ਼ਰ ਸਨ।

ਕੁਆਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਮਗਰੋਂ ਨਵੇਂ ਕਦਮਾਂ ਦਾ ਐਲਾਨ ਕੀਤਾ ਗਿਆ। ਸਾਂਝੇ ਬਿਆਨ 'ਚ ਮੰਤਰੀਆਂ ਨੇ ਕਿਹਾ ਕਿ ਉਹ ਮੁਕਤ ਅਤੇ ਖੁੱਲ੍ਹੇ ਹਿੰਦ-ਪ੍ਰਸ਼ਾਂਤ ਦੀ ਹਮਾਇਤ ਕਰਦੇ ਹਨ। ਚੀਨ ਨੂੰ ਸੁਨੇਹਾ ਦਿੰਦਿਆਂ ਬਿਆਨ 'ਚ ਕਿਹਾ ਗਿਆ, "ਅਸੀਂ ਖ਼ਿੱਤੇ 'ਚ ਸ਼ਾਂਤੀ ਅਤੇ ਸਥਿਰਤਾ ਨੂੰ ਖ਼ਤਰਾ ਪੈਦਾ ਕਰਨ ਵਾਲੀਆਂ ਇਕਪਾਸੜ ਕਾਰਵਾਈਆਂ ਦਾ ਤਿੱਖਾ ਵਿਰੋਧ ਕਰਦੇ ਹਾਂ। ਫ਼ੌਜੀ ਤਾਕਤ ਜਾਂ ਕਬਜ਼ਿਆਂ ਰਾਹੀਂ ਕੀਤੀ ਜਾ ਰਹੀ ਕੋਸ਼ਿਸ਼ ਗ਼ਲਤ ਹੈ।" ਜੈਸ਼ੰਕਰ ਨੇ ਆਪਣੇ ਬਿਆਨ 'ਚ ਖ਼ਿੱਤੇ ਨੂੰ ਦਰਪੇਸ਼ ਪ੍ਰਮੁੱਖ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵਿਆਪਕ ਕੁਆਡ ਦੇ ਏਜੰਡੇ ਤਹਿਤ ਅਹਿਮ ਖਣਿਜ ਖ਼ਾਕੇ ਅਤੇ ਹਿੰਦ-ਪ੍ਰਸ਼ਾਂਤ ਊਰਜਾ ਸੁਰੱਖਿਆ ਪਹਿਲਕਦਮੀ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਕੁਆਡ ਦੇ ਵਿਦੇਸ਼ ਮੰਤਰੀਆਂ ਨੇ ਸੁਰੱਖਿਅਤ ਅਤੇ ਨਿਰਵਿਘਨ ਸਮੁੰਦਰੀ ਵਪਾਰ ਦੇ ਸਵਾਲ 'ਤੇ ਚਰਚਾ ਕੀਤੀ ਅਤੇ ਕੌਮਾਂਤਰੀ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਮਹੱਤਤਾ ਨੂੰ ਦੁਹਰਾਇਆ। ਗੱਲਬਾਤ ਦੌਰਾਨ ਅਤਿਵਾਦ ਦੇ ਸਾਂਝੇ ਖ਼ਤਰੇ ਦਾ ਮੁਕਾਬਲਾ ਕਰਨ ਦਾ ਮੁੱਦਾ ਵੀ ਸਾਹਮਣੇ ਆਇਆ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕੁਆਡ ਮੁਲਕਾਂ ਵਿਚਾਲੇ ਹਿੰਦ-ਪ੍ਰਸ਼ਾਂਤ ਸਮੁੰਦਰੀ ਜਾਗਰੂਕਤਾ ਮੁਹਿੰਮ ਦੇ ਵਿਸਥਾਰ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ 60 ਫ਼ੀਸਦੀ ਆਲਮੀ ਵਪਾਰ ਹਿੰਦ-ਪ੍ਰਸ਼ਾਂਤ ਖ਼ਿੱਤੇ ਰਾਹੀਂ ਹੁੰਦਾ ਹੈ ਅਤੇ ਇਸ ਦੀ ਸੁਰੱਖਿਆ ਜ਼ਰੂਰੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਖ਼ਿੱਤੇ 'ਚ ਸਿਰਫ਼ ਚਾਰ ਕੁਆਡ ਮੁਲਕਾਂ ਦੇ ਹਿੱਤ ਹੀ ਨਹੀਂ ਸਗੋਂ ਦੁਨੀਆ ਦੇ ਕਈ ਮੁਲਕਾਂ ਦੇ ਹਿੱਤ ਇਸ ਨਾਲ ਜੁੜੇ ਹੋਏ ਹਨ। ਆਸਟਰੇਲਿਆਈ ਵਿਦੇਸ਼ ਮੰਤਰੀ ਵੋਂਗ ਨੇ ਕਿਹਾ ਕਿ ਕੁਆਡ ਨੇ ਹਰਮੁਜ਼ ਜਲ ਮਾਰਗ 'ਚ ਆਵਾਜਾਈ ਬਹਾਲ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਕੈਮ ਸੈਂਟਰਾਂ ਖ਼ਿਲਾਫ਼ ਸਹਿਯੋਗ ਮਜ਼ਬੂਤ ਕਰਨ ਲਈ ਰਲ ਕੇ ਕੰਮ ਕੀਤਾ ਜਾ ਰਿਹਾ ਹੈ।

# ਰੂਬੀਓ ਨੇ ਰੂਸੀ ਵਿਦੇਸ਼ ਮੰਤਰੀ ਲਾਵਰੋਵ ਨਾਲ ਕੀਤੀ ਗੱਲਬਾਤ

## ਯੂਕਰੇਨ ਅਤੇ ਈਰਾਨ 'ਤੇ ਹੋਈ ਚਰਚਾ

ਵਾਸ਼ਿੰਗਟਨ : ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਗੱਲਬਾਤ ਕੀਤੀ ਹੈ। ਇਸ ਗੱਲਬਾਤ ਵਿਚ ਉਨ੍ਹਾਂ ਨੇ ਰੂਸ ਅਤੇ ਯੂਕਰੇਨ ਵਿਚਕਾਰ ਜੰਗ ਅਤੇ ਈਰਾਨ





ਦੀ ਸਥਿਤੀ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਇਸ ਸਬੰਧੀ ਜਾਣਕਾਰੀ ਦਿੱਤੀ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੋਟ ਨੇ ਇੱਕ ਬਿਆਨ ਵਿੱਚ ਕਿਹਾ, 'ਦੋਵਾਂ ਧਿਰਾਂ ਨੇ ਰੂਸ-ਯੂਕਰੇਨ ਯੁੱਧ, ਦੁਵੱਲੇ ਸਬੰਧਾਂ ਅਤੇ ਈਰਾਨ ਦੀ ਸਥਿਤੀ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।' ਉਨ੍ਹਾਂ ਅੱਗੇ ਕਿਹਾ ਕਿ ਗੱਲਬਾਤ ਲਈ ਰੂਸੀ ਵਿਦੇਸ਼ ਮੰਤਰੀ ਦੁਆਰਾ ਬੇਨਤੀ ਕੀਤੀ ਗਈ ਸੀ। ਰੂਸੀ ਵਿਦੇਸ਼ ਮੰਤਰਾਲੇ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਲਾਵਰੋਵ ਨੇ ਕੀਵ ਵਿੱਚ ਯੂਕਰੇਨੀ ਫੌਜੀ ਸਥਾਨਾਂ 'ਤੇ ਹਮਲਾ ਕਰਨ ਦੇ ਰੂਸ ਦੇ ਫੈਸਲੇ ਤੋਂ ਜਾਣੂ ਕਰਵਾਇਆ। ਲਾਵਰੋਵ ਨੇ ਕਿਹਾ ਕਿ ਇਹ 'ਯੋਜਨਾਬੱਧ ਅਤੇ ਨਿਰੰਤਰ ਹਮਲੇ' ਰੂਸੀ ਖੇਤਰ 'ਤੇ ਨਾਗਰਿਕ ਟੀਚਿਆਂ ਅਤੇ ਨਾਗਰਿਕ ਟੀਚਿਆਂ 'ਤੇ ਯੂਕਰੇਨ ਦੇ ਲਗਾਤਾਰ ਅੱਤਵਾਦੀ ਹਮਲਿਆਂ ਦੇ ਜਵਾਬ ਵਿੱਚ ਕੀਤੇ ਜਾ ਰਹੇ ਹਨ। ਲਾਵਰੋਵ ਨੇ ਰੂਸੀ ਵਿਦੇਸ਼ ਮੰਤਰਾਲੇ ਦੇ ਇੱਕ ਬਿਆਨ ਵੱਲ ਵੀ ਰੂਬੀਓ ਦਾ ਧਿਆਨ ਖਿੱਚਿਆ, ਜਿਸ ਵਿੱਚ ਸਿਫਾਰਸ਼ ਕੀਤੀ ਗਈ ਸੀ ਕਿ ਅਮਰੀਕਾ ਅਤੇ ਕੀਵ ਵਿੱਚ ਕੂਟਨੀਤਕ ਮਿਸ਼ਨਾਂ ਵਾਲੇ ਹੋਰ ਦੇਸ਼ ਆਪਣੇ ਕੂਟਨੀਤਕ ਕਰਮਚਾਰੀਆਂ ਅਤੇ ਹੋਰ ਨਾਗਰਿਕਾਂ ਨੂੰ ਯੂਕਰੇਨ ਦੀ ਰਾਜਧਾਨੀ ਤੋਂ ਕੱਢਣਾ ਯਕੀਨੀ ਬਣਾਉਣ।

# ਵਰਜੀਨੀਆ 'ਚ ਭਾਰਤੀ ਔਰਤ ਨੂੰ ਮਾਰੀ ਗੋਲੀ-ਮੌਤ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਰਾਜ ਵਰਜੀਨੀਆ 'ਚ ਇਕ ਗੁਜਰਾਤੀ ਔਰਤ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਰਿਪੋਰਟਾਂ ਅਨੁਸਾਰ, ਮੇਹਸਾਣਾ ਜ਼ਿਲ੍ਹੇ ਦੇ ਜੰਤਰਾਲ ਪਿੰਡ ਦੀ ਰਹਿਣ ਵਾਲੀ ਮੇਘਨਾ ਪਟੇਲ ਨੂੰ ਉਸਦੇ ਸੁਪਰ ਮਾਰਕਿਟ ਸਟੋਰ 'ਚ ਗੋਲੀ ਮਾਰ ਦਿੱਤੀ ਗਈ। ਇਸ ਘਟਨਾ ਨੇ ਪਿੰਡ ਨੂੰ ਸੋਗ 'ਚ ਡੁੱਬਾ ਦਿੱਤਾ ਹੈ। ਮੇਘਨਾ ਪਟੇਲ ਪਿਛਲੇ 10 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਸੀ ਤੇ ਆਪਣੇ ਪਤੀ ਨਾਲ ਸਟੋਰ 'ਚ ਕੰਮ ਕਰਦੀ ਸੀ। ਘਟਨਾ ਸਮੇਂ, ਉਹ ਸਟੋਰ ਦੇ ਅੰਦਰ ਸੀ ਜਦੋਂ ਇਕ ਅਣਪਛਾਤਾ ਹਮਲਾਵਰ ਆਇਆ ਤੇ ਉਸ 'ਤੇ ਹਮਲਾ ਕਰ ਦਿੱਤਾ। ਪੂਰੀ ਘਟਨਾ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ। ਫੁਟੇਜ 'ਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਲਗਭਗ 26 ਸਕਿੰਟਾਂ ਦੇ ਅੰਦਰ ਮੌਕੇ ਤੋਂ ਭੱਜ ਗਿਆ। ਪੁਲਿਸ ਨੂੰ ਸ਼ੱਕ ਹੈ ਕਿ ਇਹ ਮਾਮਲਾ ਡਕੈਤੀ ਦਾ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵੀ 4 ਗੁਜਰਾਤੀਆਂ ਨੂੰ ਮਾਰ ਦਿੱਤਾ ਗਿਆ ਸੀ।



# ਇਤਿਹਾਸਕ ਪ੍ਰਾਪਤੀ: ਡਾ. ਗੁਨੀਸ਼ਾ ਕੌਰ ਅਮਰੀਕੀ ਧਾਰਮਿਕ ਆਜ਼ਾਦੀ ਕਮਿਸ਼ਨ (USCIRF) ਦੀ ਪਹਿਲੀ ਸਿੱਖ ਕਮਿਸ਼ਨਰ ਨਿਯੁਕਤ!

## ਅਮਰੀਕੀ ਰਾਜਨੀਤੀ ਅਤੇ ਸਿੱਖ ਜਗਤ ਵਿੱਚ ਨਵਾਂ ਇਤਿਹਾਸ: ਪੀੜਤਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਵਾਲੀ ਨਿਊਯਾਰਕ ਦੀ ਮਸ਼ਹੂਰ ਡਾਕਟਰ ਹੁਣ ਵਿਸ਼ਵ ਪੱਧਰ 'ਤੇ ਅਮਰੀਕਾ ਦੀਆਂ ਵਿਦੇਸ਼ ਨੀਤੀਆਂ ਦੀ ਅਗਵਾਈ ਕਰੇਗੀ

ਵਾਸ਼ਿੰਗਟਨ ਡੀ.ਸੀ. (ਸਾਡੇ ਲੋਕ): ਅਮਰੀਕੀ ਸਿਆਸਤ ਅਤੇ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਦੇ ਇਤਿਹਾਸ ਵਿੱਚ ਇੱਕ ਬਹੁਤ ਹੀ ਮਾਣਮੱਤੀ ਅਤੇ ਇਤਿਹਾਸਕ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਸੈਨੇਟ ਦੇ ਡੈਮੋਕ੍ਰੇਟਿਕ ਲੀਡਰ ਚੱਕ ਸ਼ੂਮਰ (Senator Chuck Schumer) ਵੱਲੋਂ ਨਿਊਯਾਰਕ ਦੇ ਮੰਨੇ-ਪ੍ਰਮੰਨੇ ਡਾਕਟਰ, ਮੈਡੀਕਲ ਮਾਨਵ ਵਿਗਿਆਨੀ (Medical Anthropologist) ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਰਕੁਨ ਡਾ. ਗੁਨੀਸ਼ਾ ਕੌਰ (Dr. Gunisha Kaur) ਨੂੰ 'ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ' (USCIRF) ਵਿੱਚ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਹੈ।

ਇਸ ਵੱਕਾਰੀ ਸੰਘੀ (ਫੈਡਰਲ) ਕਮਿਸ਼ਨ ਦੇ ਪੂਰੇ ਇਤਿਹਾਸ ਵਿੱਚ ਨਿਯੁਕਤ ਹੋਣ ਵਾਲੀ ਉਹ ਪਹਿਲੀ ਸਿੱਖ ਕਮਿਸ਼ਨਰ ਬਣ ਗਏ ਹਨ। ਉਨ੍ਹਾਂ ਦੀ ਇਹ ਨਿਯੁਕਤੀ ਅਗਲੇ 2 ਸਾਲਾਂ ਦੇ ਕਾਰਜਕਾਲ ਲਈ ਹੋਈ ਹੈ।

1. ਕੌਣ ਹਨ ਡਾ. ਗੁਨੀਸ਼ਾ ਕੌਰ (ਇੱਕ ਬੇਮਿਸਾਲ ਪ੍ਰੋਫਾਈਲ)

ਡਾ. ਗੁਨੀਸ਼ਾ ਕੌਰ ਦੁਨੀਆ ਦੇ ਸਭ ਤੋਂ ਬੁੱਧੀਮਾਨ, ਪੜ੍ਹੇ-ਲਿਖੇ ਅਤੇ ਮਨੁੱਖੀ ਅਧਿਕਾਰਾਂ ਲਈ ਪੂਰੀ ਤਰ੍ਹਾਂ ਸਮਰਪਿਤ ਇਨਸਾਨਾਂ ਵਿੱਚੋਂ ਇੱਕ ਹਨ:

**ਉੱਚ ਸਿੱਖਿਆ ਅਤੇ ਯੋਗਤਾ:** ਉਨ੍ਹਾਂ ਨੇ ਕਾਰਨਲ ਯੂਨੀਵਰਸਿਟੀ ਤੋਂ ਡਾਕਟਰੀ (M.D.) ਦੀ ਪੜ੍ਹਾਈ ਕੀਤੀ ਹੈ ਅਤੇ ਵਿਸ਼ਵ ਪ੍ਰਸਿੱਧ ਹਾਰਵਰਡ ਯੂਨੀਵਰਸਿਟੀ (Harvard University) ਤੋਂ ਮੈਡੀਕਲ ਐਂਥਰੋਪੋਲੋਜੀ ਵਿੱਚ ਐਮ.ਏ. (M.A.) ਦੀ ਡਿਗਰੀ ਹਾਸਲ ਕੀਤੀ ਹੈ।

ਮੈਡੀਕਲ ਅਤੇ ਅਕਾਦਮਿਕ ਖੇਤਰ: ਉਹ ਨਿਊਯਾਰਕ ਵਿੱਚ ਇੱਕ ਪੇਸ਼ੇਵਰ ਐਨਸਥੀਸੀਓਲੋਜਿਸਟ (Anesthesiologist) ਅਤੇ 'ਵੇਲ ਕਾਰਨਲ ਮੈਡੀਸਨ' (Weill Cornell Medicine) ਵਿਖੇ ਐਸੋਸੀਏਟ ਪ੍ਰੋਫੈਸਰ ਹਨ।

**ਮਨੁੱਖੀ ਅਧਿਕਾਰਾਂ ਦੀ ਖੋਜ:** ਉਹ 'ਵੇਲ ਕਾਰਨਲ ਸੈਂਟਰ ਫਾਰ ਹਿਊਮਨ ਰਾਈਟਸ' ਦੀ ਮੈਡੀਕਲ ਡਾਇਰੈਕਟਰ ਅਤੇ 'ਹਿਊਮਨ ਰਾਈਟਸ ਇਮਪੈਕਟ ਲੈਬ' ਦੀ ਸੰਸਥਾਪਕ ਡਾਇਰੈਕਟਰ ਹਨ। ਉਨ੍ਹਾਂ ਨੇ ਸ਼ਰਨਾਰਥੀਆਂ, ਪ੍ਰਵਾਸੀਆਂ ਅਤੇ ਟਾਰਚਰ (ਤਸ਼ੱਦਦ) ਤੋਂ ਪੀੜਤ ਲੋਕਾਂ ਦੀ ਸਿਹਤ ਅਤੇ ਮਾਨਸਿਕ ਸਥਿਤੀ 'ਤੇ ਵਿਸ਼ਵ ਪੱਧਰ 'ਤੇ ਵੱਡੀ ਖੋਜ ਕੀਤੀ ਹੈ।

**ਵਿਸ਼ਵ ਪ੍ਰਸਿੱਧ ਲੇਖਕ:** ਉਨ੍ਹਾਂ ਨੇ ਸਾਲ 2004 ਵਿੱਚ ਹੀ ਪੰਜਾਬ ਵਿੱਚ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ 'ਤੇ ਆਧਾਰਿਤ ਪ੍ਰਸਿੱਧ ਕਿਤਾਬ "Lost in History: 1984 Reconstructed" ਲਿਖੀ ਸੀ। ਉਹ 'ਕੌਂਸਲ ਆਨ ਫੌਰਨ ਰਿਲੇਸ਼ਨਜ਼' (CFR) ਵਰਗੀਆਂ ਕੌਮਾਂਤਰੀ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ।

**2. ਜ਼ਮੀਨੀ ਕੰਮ ਅਤੇ ਪੀੜਤਾਂ ਦੀ ਦਿਨ-ਰਾਤ ਸੇਵਾ**

ਡਾ. ਗੁਨੀਸ਼ਾ ਕੌਰ ਨੂੰ ਇਹ ਵੱਡਾ ਅਹੁਦਾ ਉਨ੍ਹਾਂ ਦੇ ਸਾਲਾਂ ਬੱਧੀ ਕੀਤੇ ਗਏ ਜ਼ਮੀਨੀ ਕੰਮ ਸਦਕਾ ਮਿਲਿਆ ਹੈ:

**ਦੁਨੀਆ ਭਰ ਦਾ ਦੌਰਾ:** ਇੱਕ ਡਾਕਟਰ ਅਤੇ ਖੋਜਕਰਤਾ ਵਜੋਂ ਉਨ੍ਹਾਂ ਨੇ ਦੁਨੀਆ ਦੇ ਕੋਨੇ-ਕੋਨੇ ਵਿੱਚ ਜਾ ਕੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੰਮ ਕੀਤਾ ਹੈ।

**ਤਸ਼ੱਦਦ ਪੀੜਤਾਂ ਦੀ ਮਦਦ:** ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਦਿਨ-ਰਾਤ ਸੇਵਾ ਕੀਤੀ ਹੈ ਜਿਨ੍ਹਾਂ ਨੇ ਆਪਣੇ ਦੇਸ਼ਾਂ ਵਿੱਚ ਉਜਾੜਾ (Displacement),



ਧਾਰਮਿਕ ਜ਼ੁਲਮ (Persecution) ਅਤੇ ਅੰਨ੍ਹਾ ਤਸ਼ੱਦਦ (Torture) ਹੰਢਾਇਆ ਹੈ। ਉਨ੍ਹਾਂ ਦੇ ਦਰਦ ਨੂੰ ਦੁਨੀਆ ਸਾਹਮਣੇ ਲਿਆਉਣ ਲਈ ਡਾ. ਕੌਰ ਨੇ ਆਪਣੀ ਸਾਰੀ ਉਮਰ ਲਗਾ ਦਿੱਤੀ ਹੈ।

3. USCIRF ਕੀ ਹੈ ਅਤੇ ਹੁਣ ਕਿੰਨੀਆਂ ਵੱਡੀਆਂ ਹੋਣਗੀਆਂ ਜ਼ਿੰਮੇਵਾਰੀਆਂ?

ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (USCIRF) ਅਮਰੀਕੀ ਸੰਸਦ (Congress) ਦੀ ਇੱਕ ਸੁਤੰਤਰ ਅਤੇ ਦੋ-ਪਾਰਟੀ (Bipartisan) ਸੰਘੀ ਏਜੰਸੀ ਹੈ। ਇਸ ਨਿਯੁਕਤੀ ਤੋਂ ਬਾਅਦ ਡਾ. ਗੁਨੀਸ਼ਾ ਕੌਰ ਦੀਆਂ ਜ਼ਿੰਮੇਵਾਰੀਆਂ ਕੌਮਾਂਤਰੀ ਪੱਧਰ 'ਤੇ ਬਹੁਤ ਵੱਡੀਆਂ ਹੋਣ ਜਾ ਰਹੀਆਂ ਹਨ:

**ਅਮਰੀਕਾ ਦਾ ਵਿਸ਼ਵ ਚਿਹਰਾ:** ਹੁਣ ਉਹ ਅੰਤਰਰਾਸ਼ਟਰੀ ਮੰਚਾਂ 'ਤੇ ਧਾਰਮਿਕ ਆਜ਼ਾਦੀ ਦੇ ਮੁੱਦਿਆਂ 'ਤੇ ਸਿੱਧੇ ਤੌਰ 'ਤੇ ਸੰਯੁਕਤ ਰਾਜ ਅਮਰੀਕਾ (USA) ਦੀ ਨੁਮਾਇੰਦਗੀ ਕਰੇਗੀ।

**ਦੂਜੇ ਦੇਸ਼ਾਂ ਦੀ ਜ਼ਮੀਨੀ ਜਾਂਚ:** ਇਸ ਅਹੁਦੇ ਦੇ ਤਹਿਤ, ਉਹ ਖੁਦ ਦੂਜੇ ਮੁਲਕਾਂ ਦਾ ਦੌਰਾ ਕਰੇਗੀ ਤਾਂ ਜੋ ਉੱਥੇ ਦੀਆਂ ਸਰਕਾਰਾਂ ਦੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ ਦੀ ਜ਼ਮੀਨੀ ਜਾਂਚ (Investigate) ਕੀਤੀ ਜਾ ਸਕੇ ਅਤੇ ਘੱਟ ਗਿਣਤੀਆਂ 'ਤੇ ਹੁੰਦੇ ਅੱਤਿਆਚਾਰਾਂ ਦੀ ਨਿਗਰਾਨੀ ਕੀਤੀ ਜਾ ਸਕੇ।

**ਸਿੱਧੀ ਰਿਪੋਰਟਿੰਗ ਅਤੇ ਨੀਤੀਗਤ ਪ੍ਰਭਾਵ:** ਇਹ ਕਮਿਸ਼ਨ ਸਿੱਧਾ ਅਮਰੀਕਾ ਦੇ ਰਾਸ਼ਟਰਪਤੀ, ਵਿਦੇਸ਼ ਮੰਤਰੀ (Secretary of State) ਅਤੇ ਅਮਰੀਕੀ ਸੰਸਦ (Congress) ਨੂੰ ਆਪਣੀ ਸਾਲਾਨਾ ਰਿਪੋਰਟ ਸੌਂਪਦਾ ਹੈ। ਇਹ ਕਮਿਸ਼ਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਦੇਸ਼ਾਂ 'ਤੇ ਆਰਥਿਕ ਅਤੇ ਰਾਜਨੀਤਿਕ ਪਾਬੰਦੀਆਂ (Sanctions) ਲਗਾਉਣ ਦੀਆਂ ਸਿੱਧੀਆਂ ਨੀਤੀਗਤ ਸਿਫ਼ਾਰਸ਼ਾਂ ਕਰਦਾ ਹੈ।

4. ਸਿੱਖ ਭਾਈਚਾਰੇ ਅਤੇ ਵਿਸ਼ਵ ਲਈ ਇਸ ਦੇ ਕੀ ਮਾਅਨੇ ਹਨ?

ਸਿੱਖ ਸੰਗਠਨਾਂ (ਜਿਵੇਂ ਕਿ 'ਸਿੱਖ ਕੋਲੀਸ਼ਨ') ਵੱਲੋਂ ਇਸ ਇਤਿਹਾਸਕ ਕਦਮ ਦਾ ਭਰਵਾਂ ਸਵਾਗਤ ਕੀਤਾ ਗਿਆ ਹੈ। ਇਸ ਨਿਯੁਕਤੀ ਦੇ ਬਹੁਤ ਦੂਰਗਾਮੀ ਪ੍ਰਭਾਵ ਪੈਣਗੇ:

**ਕੌਮਾਂਤਰੀ ਮੰਚ 'ਤੇ ਸਿੱਖ ਨਜ਼ਰੀਆ:** ਪਹਿਲੀ ਵਾਰ ਅਮਰੀਕੀ ਸਰਕਾਰ ਦੇ ਕਿਸੇ ਮੁੱਖ ਧਾਰਮਿਕ ਆਜ਼ਾਦੀ ਪੈਨਲ ਵਿੱਚ ਸਿੱਖ ਨਜ਼ਰੀਏ ਅਤੇ ਪਛਾਣ ਨੂੰ ਸਿੱਧੀ ਜਗ੍ਹਾ ਮਿਲੀ ਹੈ।

**ਸਰਹੱਦ ਪਾਰ ਦਮਨ (Transnational Repression) ਵਿਰੁੱਧ ਲੜਾਈ:** ਪਿਛਲੇ ਕੁਝ ਸਮੇਂ ਤੋਂ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਅਤੇ ਵਿਦੇਸ਼ੀ ਏਜੰਸੀਆਂ ਵੱਲੋਂ ਡਰਾਉਣ-ਧਮਕਾਉਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਡਾ. ਗੁਨੀਸ਼ਾ ਕੌਰ, ਜੋ ਖੁਦ 'ਇਨਸਾਫ਼' (Ensaaf) ਸੰਸਥਾ ਦੇ ਬੋਰਡ ਮੈਂਬਰ ਵਜੋਂ ਪੰਜਾਬ ਦੇ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ 'ਤੇ ਕੰਮ ਕਰ ਚੁੱਕੇ ਹਨ, ਹੁਣ ਇਸ ਅਹੁਦੇ ਰਾਹੀਂ ਇਨ੍ਹਾਂ ਗੰਭੀਰ ਮੁੱਦਿਆਂ 'ਤੇ ਆਵਾਜ਼ ਬੁਲੰਦ ਕਰ ਸਕਣਗੇ।

**ਦੱਖਣੀ ਏਸ਼ੀਆ ਦੇ ਘੱਟ ਗਿਣਤੀਆਂ ਦੀ ਰੱਖਿਆ:** ਅਫਗਾਨਿਸਤਾਨ, ਇਰਾਨ ਅਤੇ ਦੱਖਣੀ ਏਸ਼ੀਆ (ਭਾਰਤ ਸਮੇਤ) ਵਿੱਚ ਘੱਟ ਗਿਣਤੀਆਂ ਅਤੇ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਹੁਣ ਇਸ ਕਮਿਸ਼ਨ ਦੇ ਸਾਹਮਣੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ ਜਾ ਸਕੇਗਾ।

**ਸੈਨੇਟਰ ਚੱਕ ਸ਼ੂਮਰ ਦਾ ਅਧਿਕਾਰਤ ਬਿਆਨ:**

'ਮੈਨੂੰ ਡਾ. ਗੁਨੀਸ਼ਾ ਕੌਰ ਨੂੰ ਇਸ ਕਮਿਸ਼ਨ ਲਈ ਨਾਮਜ਼ਦ ਕਰਦਿਆਂ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਉਹ ਕਮਿਸ਼ਨ ਦੇ ਇਤਿਹਾਸ ਵਿੱਚ ਪਹਿਲੇ ਸਿੱਖ ਆਗੂ ਵਜੋਂ ਸੇਵਾ ਨਿਭਾ ਕੇ ਇਤਿਹਾਸ ਰਚਣਗੇ। ਮੈਨੂੰ ਪੂਰਾ ਭਰੋਸਾ ਹੈ ਕਿ ਉਹ ਆਪਣੀ ਡੂੰਘੀ ਮੈਡੀਕਲ, ਅਕਾਦਮਿਕ, ਖੋਜ, ਧਾਰਮਿਕ ਅਤੇ ਮਨੁੱਖੀ ਅਧਿਕਾਰਾਂ ਦੀ ਮੁਹਾਰਤ ਨਾਲ ਦੇਸ਼ ਅਤੇ ਮਨੁੱਖਤਾ ਦੀ ਵੱਡੀ ਸੇਵਾ ਕਰਨਗੇ।'

ਇਹ ਨਿਯੁਕਤੀ ਸਿਰਫ਼ ਇੱਕ ਵਿਅਕਤੀ ਜਾਂ ਸਿੱਖ ਭਾਈਚਾਰੇ ਦੀ ਜਿੱਤ ਨਹੀਂ ਹੈ, ਬਲਕਿ ਇਹ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਤਰੱਕੀ (Advancement of human rights) ਦੀ ਸਭ ਤੋਂ ਵੱਡੀ ਜਿੱਤ ਹੈ। ਇੱਕ ਅਜਿਹਾ ਸੰਵੇਦਨਸ਼ੀਲ ਇਨਸਾਨ ਜਿਸ ਨੇ ਸਾਰੀ ਉਮਰ ਪੀੜਤਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਈ ਹੈ, ਹੁਣ ਉਸ ਕੋਲ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਸੰਸਦ ਵਿੱਚ ਬੈਠ ਕੇ ਨੀਤੀਆਂ ਬਣਾਉਣ ਅਤੇ ਦੁਨੀਆ ਨੂੰ ਬਦਲਣ ਦੀ ਅਸਲ ਤਾਕਤ ਹੈ।

# ਸਿੱਖ ਹੀਰੋ ਐਵਾਰਡ-2026 ਦੌਰਾਨ ਵੰਨ-ਬੀਟ ਮੈਡੀਕਲ ਗਰੁੱਪ ਦੇ ਚੇਅਰਮੈਨ ਅਤੇ ਉੱਘੇ ਸਮਾਜ ਸੇਵੀ ਬਹਾਦਰ ਸਿੰਘ ਦਾ ਸਨਮਾਨ



ਵਾਸ਼ਿੰਗਟਨ, (ਰਾਜ ਗੋਗਨਾ) : ਬੀਤੇ ਦਿਨ ਸਿੱਖ ਹੀਰੋ-2026 ਸਮਾਗਮ ਸਿੱਖਸ ਆਫ਼ ਅਮੈਰਿਕਾ ਵੱਲੋਂ ਅਮਰੀਕਾ ਦੇ ਮੈਰੀਲੈਂਡ ਸੂਬੇ 'ਚ ਸਥਿਤ ਕਲਾਰਕਸਵਿਲ ਵਿਖੇ 'ਸਿੱਖ ਹੀਰੋ-2026 ਸਾਲਾਨਾ ਸਮਾਗਮ ਬੜੀ ਹੀ ਧੂਮਧਾਮ ਨਾਲ ਕਰਵਾਇਆ ਗਿਆ, ਜਿਸ 'ਚ ਪੰਜਾਬੀ ਤੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ। ਸਿੱਖ ਹੀਰੋ ਐਵਾਰਡ ਦਾ ਆਦੇਸ਼ ਕੇਵਲ ਵਿਸ਼ੇਸ਼ ਵਿਅਕਤੀਆਂ ਦਾ ਸਨਮਾਨ ਕਰਨਾ ਨਹੀ, ਸਗੋਂ ਲੋਕਾਂ ਦੀਆਂ ਸੇਵਾਵਾਂ ਨੂੰ ਮਾਨਤਾ ਦੇਣਾ ਹੈ। ਜਿਨ੍ਹਾਂ ਨੇ ਸਮਾਜ ਵਿੱਚ ਮਨੁੱਖਤਾ ਅਤੇ ਭਾਈਚਾਰੇ ਲਈ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੋਵੇ ਉਹਨਾਂ 'ਚ ਸਿੱਖਸ ਆਫ਼ ਅਮੈਰਿਕਾ ਵੱਲੋਂ ਕਰਵਾਏ ਗਏ ਇਸ ਸਮਾਗਮ 'ਚ ਅਮਰੀਕਾ ਰਾਜ ਦੇ ਓਰੇਗਨ ਸੂਬੇ ਦੇ ਸੈਲਮ 'ਚ ਉੱਘੇ ਕਾਰੋਬਾਰੀ ਮਸ਼ਹੂਰ ਸਿੱਖ ਉੱਦਮੀ ਸਮਾਜ ਸੇਵੀ ਸ: ਬਹਾਦਰ ਸਿੰਘ ਚੇਅਰਮੈਨ ਵਨ-ਬੀਟ ਮੈਡੀਕਲ ਗਰੁੱਪ ਜਿਨ੍ਹਾਂ ਨੇ ਵੰਨ-ਬੀਟ ਨਾਂ ਦੇ ਤਿੰਨ ਯੂ. ਪੀ 'ਚ ਫਰੀ ਹਸਪਤਾਲ ਖੋਹਲੇ ਜਿਸ ਵਿੱਚ ਇਲਾਜ ਦਵਾਈਆਂ ਖਾਣਾ ਪੀਣਾ ਮੁਫਤ ਜਨਤਾ ਲਈ ਹਸਪਤਾਲ ਖੋਹਲੇ ਹਨ। ਜਿਨ੍ਹਾਂ ਵਿੱਚ ਚੌਥਾ ਵਨ-ਬੀਟ ਨਾਂ ਦਾ ਅੱਖਾਂ ਦਾ ਹਸਪਤਾਲ ਪੰਜਾਬ ਦੇ ਸ਼੍ਰੀ ਚਮਕੌਰ ਸਾਹਿਬ ਵਿੱਚ ਵ੍ਹੀ ਅੱਖਾਂ ਦਾ ਹਸਪਤਾਲ ਚੱਲ ਰਿਹਾ ਹੈ ਜਿੱਥੇ ਮਰੀਜ਼ਾਂ ਲਈ ਲਈ ਵ੍ਹੀ ਇਲਾਜ ਦਵਾਈਆਂ ਰਹਿਣ ਖਾਣ ਦਾ ਪ੍ਰਬੰਧ ਬਿਲਕੁਲ ਫ੍ਰੀ ਹੁੰਦੇ ਹਨ। ਉਨ੍ਹਾਂ ਦੇ ਸੰਸਥਾਪਕ ਅਤੇ ਚੇਅਰਮੈਨ ਬਹਾਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਉਨ੍ਹਾਂ ਦੀ ਅਗਵਾਈ, ਪੇਸ਼ੇਵਰ ਸਫਲਤਾ ਤੇ ਅੱਗੇ ਵਧਦੇ ਰਹਿਣ ਦੇ ਜਜ਼ਬੇ, ਨੇ ਹੋਰ ਹਜ਼ਾਰਾਂ ਸਿੱਖ ਉੱਦਮੀਆਂ ਨੂੰ ਪ੍ਰੇਰਿਤ ਕੀਤਾ ਹੈ, ਜਿਨ੍ਹਾਂ ਨੂੰ ਵਿਸ਼ੇਸ਼ ਸਨਮਾਨ ਦੇ ਕੇ ਨਿਵਾਜਿਆ ਗਿਆ। ਇਹ ਸਮਾਗਮ ਕਲਾਰਕਸਵਿਲ ਦੇ 'ਦਿ ਗੈਦਰਿੰਗ ਪੈਲੇਸ' 'ਚ ਕਰਵਾਇਆ ਗਿਆ। ਇਸ ਸਮਾਗਮ 'ਚ ਸਿੱਖ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਵਾਲੇ ਸਿੱਖਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਜਿਨ੍ਹਾਂ 'ਚ ਬਹਾਦਰ ਸਿੰਘ ਓਰੇਗਨ ਦਾ ਨਾਂ ਸਮਾਜ ਭਲਾਈ ਦੇ ਕੰਮਾਂ ਵਿੱਚ ਪਹਿਲੀ ਕਤਾਰ 'ਚ ਆਉਂਦਾ ਹੈ। ਇਸ ਸਮਾਗਮ 'ਚ ਮਸ਼ਹੂਰ ਪੰਜਾਬੀ ਗਾਇਕਾ ਮਿਸ ਪੂਜਾ ਨੇ ਲਾਈਵ ਸ਼ੋਅ 'ਚ ਵੀ ਆਪਣੀ ਕਲਾਕਾਰੀ ਰਾਹੀਂ ਜਾਦੂ ਬਿਖੇਰਿਆ।

# ਟਰੰਪ ਨੇ ਓਬਾਮਾ ਦੇ ਈਰਾਨ ਸਮਝੌਤੇ ਨੂੰ ਦੱਸਿਆ ਸਭ ਤੋਂ ਮਾੜਾ ਸੌਦਾ, ਕਿਹਾ- 'ਹੁਣ ਗਲਤੀ ਦੀ ਕੋਈ ਗੁੰਜਾਇਸ਼ ਨਹੀਂ'

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਚੱਲ ਰਹੀ ਪਰਮਾਣੂ ਵਾਰਤਾ ਨੂੰ ਲੈ ਕੇ ਇੱਕ ਬੇਹੱਦ ਅਹਿਮ ਅਤੇ ਸਖ਼ਤ ਬਿਆਨ ਜਾਰੀ ਕੀਤਾ ਹੈ। ਟਰੰਪ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਸਮੇਂ ਹੋਏ ਈਰਾਨ ਪਰਮਾਣੂ ਸਮਝੌਤੇ ਦੀ ਤਿੱਖੀ ਆਲੋਚਨਾ ਕਰਦਿਆਂ ਇਸ ਨੂੰ ਦੇਸ਼ ਦੇ ਇਤਿਹਾਸ ਦੇ ਸਭ ਤੋਂ ਮਾੜੇ ਸੌਦਿਆਂ ਵਿੱਚੋਂ ਇੱਕ ਦੱਸਿਆ ਹੈ।

ਟਰੰਪ ਨੇ ਆਪਣੇ ਤਾਜ਼ਾ ਬਿਆਨ ਵਿੱਚ ਕਿਹਾ ਕਿ ਓਬਾਮਾ ਪ੍ਰਸ਼ਾਸਨ ਨੇ ਈਰਾਨ ਨੂੰ ਪਰਮਾਣੂ ਹਥਿਆਰ ਵਿਕਸਿਤ ਕਰਨ ਲਈ ਸਿੱਧਾ ਰਸਤਾ ਦੇ ਦਿੱਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਗੱਲਬਾਤ ਇਸ ਦੇ ਬਿਲਕੁਲ ਉਲਟ ਹੈ ਅਤੇ ਈਰਾਨ ਨੂੰ ਕਿਸੇ ਵੀ ਕੀਮਤ 'ਤੇ ਪਰਮਾਣੂ ਬੰਬ ਨਹੀਂ ਬਣਾਉਣ ਦਿੱਤਾ ਜਾਵੇਗਾ।

ਰਾਸ਼ਟਰਪਤੀ ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ ਸਮਝੌਤੇ ਨੂੰ ਲੈ ਕੇ ਕੋਈ ਜਲਦਬਾਜ਼ੀ ਨਹੀਂ ਕਰਨਗੇ। ਉਨ੍ਹਾਂ ਕਿਹਾ, 'ਸਮਾਂ ਸਾਡੇ ਪੱਖ ਵਿੱਚ ਹੈ ਅਤੇ ਮੈਂ ਆਪਣੇ ਨੁਮਾਇੰਦਿਆਂ ਨੂੰ ਕਿਹਾ ਹੈ ਕਿ ਉਹ ਸਮਝੌਤੇ ਲਈ ਕੋਈ ਜਲਦਬਾਜ਼ੀ ਨਾ ਕਰਨ'। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੱਕ ਕੋਈ ਪ੍ਰਮਾਣਿਤ ਅਤੇ ਸਹੀ ਸਮਝੌਤਾ ਸਿਰੇ ਨਹੀਂ ਚੜ੍ਹਦਾ, ਉਦੋਂ ਤੱਕ ਈਰਾਨ 'ਤੇ ਲਗਾਈ ਗਈ ਨਾਕੇਬੰਦੀ ਪੂਰੀ ਤਰ੍ਹਾਂ ਜਾਰੀ ਰਹੇਗੀ।

ਟਰੰਪ ਨੇ ਮੱਧ ਪੂਰਬ ਦੇ ਦੇਸ਼ਾਂ ਦੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਉਮੀਦ ਜਤਾਈ ਕਿ ਇਹ ਦੇਸ਼ ਇਤਿਹਾਸਕ ਅਬ੍ਰਾਹਮ ਐਕੋਰਡਸ ਵਿੱਚ ਸ਼ਾਮਲ ਹੋ ਕੇ ਇਸ ਨੂੰ ਹੋਰ ਮਜ਼ਬੂਤ ਕਰਨਗੇ। ਉਨ੍ਹਾਂ ਨੇ ਇਹ ਵੀ ਸੰਕੇਤ ਦਿੱਤਾ ਕਿ ਸ਼ਾਇਦ ਈਰਾਨ ਵੀ ਭਵਿੱਖ ਵਿੱਚ ਇਸ ਦਾ ਹਿੱਸਾ ਬਣਨਾ ਚਾਹੇਗਾ।

ਟਰੰਪ ਅਨੁਸਾਰ, ਈਰਾਨ ਨਾਲ ਅਮਰੀਕਾ ਦੇ ਸਬੰਧ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਪੇਸ਼ੇਵਰ ਅਤੇ ਉਸਾਰੂ ਹੁੰਦੇ ਜਾ ਰਹੇ ਹਨ, ਪਰ ਪਰਮਾਣੂ ਹਥਿਆਰਾਂ ਦੇ ਮੁੱਦੇ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਈਰਾਨ ਨਾਲ ਸ਼ਾਂਤੀ ਸਮਝੌਤੇ ਲਈ ਟਰੰਪ ਨੇ ਖੇਡਿਆ 'ਅਬਰਾਹਮ ਅਕਾਰਡ' ਦਾ ਦਾਅ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਹੋਣ ਵਾਲੇ ਸੰਭਾਵੀ ਸ਼ਾਂਤੀ ਸਮਝੌਤੇ ਲਈ ਨਵਾਂ ਦਾਅ ਖੇਡਿਆ ਹੈ। ਰਾਸ਼ਟਰਪਤੀ ਟਰੰਪ ਹੁਣ ਚਾਹੁੰਦੇ ਹਨ ਕਿ ਈਰਾਨ ਸਮੇਤ ਮੱਧ-ਪੂਰਬੀ ਦੇਸ਼ ਕਿਸੇ ਵੀ ਨਵੇਂ ਸਮਝੌਤੇ ਦੇ ਹਿੱਸੇ ਵਜੋਂ 'ਅਬਰਾਹਮ ਸਮਝੌਤੇ' ਵਿੱਚ ਸ਼ਾਮਲ ਹੋਣ।



ਅਬਰਾਹਮ ਸਮਝੌਤੇ ਪਹਿਲੀ ਵਾਰ 2020 ਵਿੱਚ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਹੋਏ ਸਨ, ਜਿਸ ਤਹਿਤ ਕਈ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ ਨੇ ਇਜ਼ਰਾਈਲ ਨਾਲ ਆਪਣੇ ਕੂਟਨੀਤਕ ਸਬੰਧਾਂ ਨੂੰ ਆਮ ਬਣਾਉਣ ਲਈ ਸਹਿਮਤੀ ਜਤਾਈ ਸੀ। ਸ਼ੁਰੂਆਤ ਵਿੱਚ ਯੂਏਈ ਅਤੇ ਬਹਿਰੀਨ ਨੇ ਇਸ 'ਤੇ ਦਸਤਖਤ ਕੀਤੇ ਸਨ, ਜਿਸ ਤੋਂ ਬਾਅਦ ਮੋਰੱਕੋ, ਸੂਡਾਨ ਅਤੇ ਕਜ਼ਾਕਿਸਤਾਨ ਵੀ ਇਸ ਵਿੱਚ ਸ਼ਾਮਲ ਹੋਏ। ਟਰੰਪ ਅਨੁਸਾਰ ਇਹ ਸਮਝੌਤਾ ਇਨ੍ਹਾਂ ਦੇਸ਼ਾਂ ਲਈ ਆਰਥਿਕ ਅਤੇ ਸਮਾਜਿਕ ਪੱਖੋਂ ਬਹੁਤ ਲਾਭਦਾਇਕ ਸਾਬਤ ਹੋਇਆ ਹੈ।

**ਟਰੰਪ ਦੀਆਂ ਸਖ਼ਤ ਸ਼ਰਤਾਂ**

ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਲੰਬੀ ਪੋਸਟ ਰਾਹੀਂ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਸਊਦੀ ਅਰਬ, ਯੂਏਈ, ਕਤਰ, ਪਾਕਿਸਤਾਨ, ਤੁਰਕੀ, ਮਿਸਰ, ਜਾਰਡਨ ਅਤੇ ਬਹਿਰੀਨ ਦੇ ਨੇਤਾਵਾਂ ਨਾਲ ਗੱਲ ਕੀਤੀ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸਾਰੇ ਦੇਸ਼ਾਂ ਲਈ ਇਸ ਸਮਝੌਤੇ 'ਤੇ ਹਸਤਾਖਰ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਇਸ ਦੀ ਸ਼ੁਰੂਆਤ ਸਊਦੀ ਅਰਬ ਅਤੇ ਕਤਰ ਤੋਂ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਈਰਾਨ ਲਈ ਪਹਿਲਾਂ ਹੀ ਕਈ ਸ਼ਰਤਾਂ ਰੱਖੀਆਂ ਗਈਆਂ ਹਨ, ਜਿਨ੍ਹਾਂ ਵਿੱਚ ਸਟਰੇਟ ਆਫ ਹੋਰਮੁਜ਼ ਨੂੰ ਖੁੱਲ੍ਹਾ ਰੱਖਣਾ ਅਤੇ ਯੂਰੇਨੀਅਮ ਸੰਵਰਧਨ ਨੂੰ ਪੂਰੀ ਤਰ੍ਹਾਂ ਬੰਦ ਕਰਨਾ ਸ਼ਾਮਲ ਹੈ।

**ਉਮੀਦ ਅਤੇ ਚੁਣੌਤੀਆਂ**

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਹਾਲ ਹੀ ਵਿੱਚ ਨਵੀਂ ਦਿੱਲੀ ਵਿੱਚ ਉਮੀਦ ਜਤਾਈ ਸੀ ਕਿ ਇੱਕ ਸਮਝੌਤਾ ਬਹੁਤ ਜਲਦੀ ਸਿਰੇ ਚੜ੍ਹ ਸਕਦਾ ਹੈ। ਹਾਲਾਂਕਿ, ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਕਾਈ ਨੇ ਕਿਹਾ ਹੈ ਕਿ ਭਾਵੇਂ ਕਈ ਮੁੱਦਿਆਂ 'ਤੇ ਸਹਿਮਤੀ ਬਣੀ ਹੈ, ਪਰ ਇਹ ਕਹਿਣਾ ਗਲਤ ਹੋਵੇਗਾ ਕਿ ਸਮਝੌਤਾ ਬਿਲਕੁਲ ਨਜ਼ਦੀਕ ਹੈ। ਦੱਸਣਯੋਗ ਹੈ ਕਿ ਅਮਰੀਕਾ ਅਤੇ ਈਰਾਨ ਵਿਚਕਾਰ 8 ਅਪ੍ਰੈਲ ਤੋਂ ਜੰਗਬੰਦੀ (ceasefire) ਲਾਗੂ ਹੈ, ਪਰ ਸਥਿਤੀ ਅਜੇ ਵੀ ਤਣਾਅਪੂਰਨ ਬਣੀ ਹੋਈ ਹੈ।

# ਕੈਲੀਫੋਰਨੀਆ 'ਚ ਕੈਮੀਕਲ ਟੈਂਕ 'ਚ ਆਈ ਦਰਾੜ, ਕਿਸੇ ਵੀ ਸਮੇਂ ਹੋ ਸਕਦੈ ਧਮਾਕਾ, ਐਮਰਜੈਂਸੀ ਸਥਿਤੀ ਦਾ ਐਲਾਨ

ਕੈਲੀਫ਼ੋਰਨੀਆ : ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ ਵੱਡਾ ਰਸਾਇਣਕ ਹਾਦਸਾ ਵਾਪਰਨ ਦਾ ਡਰ ਬਣਿਆ ਹੋਇਆ ਹੈ। ਇੱਕ ਐਰੋਸਪੇਸ (ਹਵਾਈ ਜਹਾਜ਼ ਬਣਾਉਣ ਵਾਲੀ) ਫੈਕਟਰੀ ਵਿੱਚ ਕੈਮੀਕਲ ਟੈਂਕਰ ਦੇ ਬਹੁਤ ਜ਼ਿਆਦਾ ਗਰਮ ਹੋਣ ਕਾਰਨ ਧਮਾਕੇ ਅਤੇ ਜ਼ਹਿਰੀਲੀ ਗੈਸ ਲੀਕ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਸਥਿਤੀ ਇੰਨੀ ਗੰਭੀਰ ਹੈ ਕਿ ਪ੍ਰਸ਼ਾਸਨ ਨੇ ਇਲਾਕੇ ਦੇ ਲਗਭਗ 50,000 ਲੋਕਾਂ ਨੂੰ ਤੁਰੰਤ ਘਰ ਖਾਲੀ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਖੇਤਰ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਹੈ। ਸਥਾਨਕ ਅਧਿਕਾਰੀਆਂ ਅਨੁਸਾਰ ਇਸ ਲੀਕੇਜ ਕਾਰਨ ਕਿਸੇ ਵੱਡੇ ਧਮਾਕੇ ਜਾਂ ਜ਼ਹਿਰੀਲੇ ਰਸਾਇਣ ਦੇ ਫੈਲਣ ਦਾ ਗੰਭੀਰ ਖ਼ਤਰਾ ਬਣਿਆ ਹੋਇਆ ਹੈ।



ਜਾਣਕਾਰੀ ਅਨੁਸਾਰ ਗਾਰਡਨ ਗਰੋਵ ਵਿੱਚ ਸਥਿਤ GKN ਐਰੋਸਪੇਸ ਪਲਾਂਟ ਦੇ ਇੱਕ ਟੈਂਕਰ ਵਿੱਚ ਲਗਭਗ 7,000 ਗੈਲਨ 'ਮਿਥਾਇਲ ਮੈਥਾਕ੍ਰਾਈਲੇਟ' ਮੌਜੂਦ ਹੈ। ਇਹ ਇੱਕ ਬਹੁਤ ਹੀ ਜ਼ਹਿਰੀਲਾ ਅਤੇ ਜਲਣਸ਼ੀਲ ਰਸਾਇਣ ਹੈ, ਜਿਸਦੀ ਵਰਤੋਂ ਪਲਾਸਟਿਕ ਅਤੇ ਰੈਜ਼ਿਨ ਬਣਾਉਣ ਲਈ ਕੀਤੀ ਜਾਂਦੀ ਹੈ। ਵੀਰਵਾਰ ਤੋਂ ਇਸ ਟੈਂਕਰ ਦਾ ਤਾਪਮਾਨ ਅਚਾਨਕ ਵਧਣਾ ਸ਼ੁਰੂ ਹੋ ਗਿਆ ਸੀ, ਜਿਸ ਕਾਰਨ ਇਹ ਕਿਸੇ ਵੀ ਸਮੇਂ ਇੱਕ ਵੱਡੇ ਬੰਬ ਵਾਂਗ ਫਟ ਸਕਦਾ ਹੈ। ਫਾਇਰ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਰਾਤ ਵੇਲੇ ਟੈਂਕਰ ਵਿੱਚ ਇੱਕ ਤਰੇੜ ਦੇਖੀ ਗਈ ਹੈ। ਅਧਿਕਾਰੀਆਂ ਅਨੁਸਾਰ ਇੱਕ ਅਜੀਬ ਸਥਿਤੀ ਵਿੱਚ ਇਹ 'ਚੰਗੀ ਖ਼ਬਰ' ਹੋ ਸਕਦੀ ਹੈ ਕਿਉਂਕਿ ਇਸ ਤਰੇੜ ਰਾਹੀਂ ਅੰਦਰੂਨੀ ਦਬਾਅ ਘੱਟ ਹੋ ਸਕਦਾ ਹੈ, ਜਿਸ ਨਾਲ ਇੱਕ ਵੱਡੇ ਧਮਾਕੇ ਦੀ ਸੰਭਾਵਨਾ ਘਟ ਜਾਵੇਗੀ। ਹਾਲਾਂਕਿ ਇਸ ਨਾਲ ਕੈਮੀਕਲ ਦੇ ਹੌਲੀ-ਹੌਲੀ ਲੀਕ ਹੋਣ ਦਾ ਖ਼ਤਰਾ ਬਣਿਆ ਹੋਇਆ ਹੈ।

ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਕੈਮੀਕਲ ਲੀਕ ਹੁੰਦਾ ਹੈ, ਤਾਂ ਇਸਦੇ ਸੰਪਰਕ ਵਿੱਚ ਆਉਣ ਨਾਲ ਚਮੜੀ ਅਤੇ ਅੱਖਾਂ ਵਿੱਚ ਜਲਣ, ਸਾਹ ਲੈਣ ਵਿੱਚ ਤਕਲੀਫ਼, ਸਿਰਦਰਦ ਅਤੇ ਸੁਸਤੀ ਵਰਗੀਆਂ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ। ਲੰਬੇ ਸਮੇਂ ਤੱਕ ਇਸਦੇ ਪ੍ਰਭਾਵ ਵਿੱਚ ਰਹਿਣ ਨਾਲ ਫੇਫੜਿਆਂ ਅਤੇ ਹੋਰ ਅੰਗਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਫਾਇਰਫਾਈਟਰਜ਼ ਲਗਾਤਾਰ ਟੈਂਕਰ 'ਤੇ ਪਾਣੀ ਦਾ ਛਿੜਕਾਅ ਕਰ ਰਹੇ ਹਨ ਤਾਂ ਜੋ ਇਸਨੂੰ ਠੰਡਾ ਰੱਖਿਆ ਜਾ ਸਕੇ। ਕੈਮੀਕਲ ਨੂੰ ਨਾਲਿਆਂ ਅਤੇ ਜਲ ਸਰੋਤਾਂ ਵਿੱਚ ਜਾਣ ਤੋਂ ਰੋਕਣ ਲਈ ਰੇਤ ਅਤੇ ਹੋਰ ਸਾਮਾਨ ਨਾਲ ਸੁਰੱਖਿਆ ਕੰਧਾਂ ਬਣਾਈਆਂ ਗਈਆਂ ਹਨ। ਫਿਲਹਾਲ ਹਵਾ ਵਿੱਚ ਕਿਸੇ ਜ਼ਹਿਰੀਲੀ ਗੈਸ ਦੀ ਪੁਸ਼ਟੀ ਨਹੀਂ ਹੋਈ ਹੈ, ਪਰ ਜਦੋਂ ਤੱਕ ਸਥਿਤੀ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੋ ਜਾਂਦੀ, ਉਦੋਂ ਤੱਕ ਹਜ਼ਾਰਾਂ ਲੋਕਾਂ ਨੂੰ ਆਪਣੇ ਘਰਾਂ ਤੋਂ ਦੂਰ ਸ਼ੈਲਟਰਾਂ ਵਿੱਚ ਰਹਿਣਾ ਪਵੇਗਾ। ਅਧਿਕਾਰੀਆਂ ਨੇ ਕਿਹਾ ਕਿ ਹਫਤੇ ਦੇ ਅੰਤ ਵਿੱਚ ਟੈਂਕ ਸਾਰਾ ਰਸਾਇਣ ਲੀਕ ਕਰ ਸਕਦਾ ਹੈ ਜਾਂ ਜੇਕਰ ਇਹ ਜ਼ਿਆਦਾ ਗਰਮ ਹੋ ਜਾਂਦਾ ਹੈ ਤਾਂ ਫਟ ਵੀ ਸਕਦਾ ਹੈ।

ਔਰੇਂਜ ਕਾਉਂਟੀ ਫ਼ਾਇਰ ਅਥਾਰਟੀ ਨੇ ਜਾਣਕਾਰੀ ਦਿਤੀ ਹੈ ਕਿ 34,000 ਗੈਲਨ ਦੀ ਸਮਰਥਾ ਵਾਲੇ ਇਸ ਅਸਥਿਰ ਟੈਂਕ ਕਾਰਨ ਦੋ ਤਰ੍ਹਾਂ ਦੇ ਹਾਦਸੇ ਹੋ ਸਕਦੇ ਹਨ। ਪਹਿਲਾ ਖ਼ਤਰਾ ਇਹ ਹੈ ਕਿ 6,000 ਤੋਂ 7,000 ਗੈਲਨ ਜ਼ਹਿਰੀਲਾ ਰਸਾਇਣ ਖੇਤਰ 'ਚ ਫੈਲ ਸਕਦਾ ਹੈ ਅਤੇ ਦੂਜਾ ਇਹ ਕਿ ਟੈਂਕ ਦੇ ਅੰਦਰੂਨੀ ਤਾਪਮਾਨ ਵਧਣ ਕਾਰਨ ਧਮਾਕਾ ਹੋ ਸਕਦਾ ਹੈ, ਜੋ ਨੇੜਲੇ ਹੋਰ ਟੈਂਕਾਂ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ।

# ਅਮਰੀਕੀ ਮਹਾਂਦੀਪ 'ਚ 20 ਦੇਸ਼ਾਂ ਦੀ ਸੰਯੁਕਤ ਕਾਰਵਾਈ

## 3,300 ਹਥਿਆਰ ਤੇ 56 ਟਨ ਨਸ਼ੀਲੇ ਪਦਾਰਥ ਜ਼ਬਤ




ਸੈਲਵਾਡੋਰ : ਮੱਧ ਅਮਰੀਕਾ, ਦੱਖਣ ਅਮਰੀਕਾ ਤੇ ਕੈਰੀਬੀਅਨ ਟਾਪੂਆਂ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਅਤੇ ਸੰਗਠਿਤ ਅਪਰਾਧ ਵਿਰੁੱਧ ਇੱਕ ਵੱਡੀ ਅੰਤਰਰਾਸ਼ਟਰੀ ਕਾਰਵਾਈ ਕੀਤੀ ਗਈ ਹੈ। 'ਅਪ੍ਰੇਸ਼ਨ ਟ੍ਰਿਗਰ-11' (Trigger-11) ਨਾਮਕ ਇਸ ਸਾਂਝੇ ਪੁਲਿਸ ਅਭਿਆਨ ਦੇ ਤਹਿਤ 3,308 ਹਥਿਆਰ ਅਤੇ 56 ਟਨ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ।

**8,700 ਤੋਂ ਵੱਧ ਗ੍ਰਿਫ਼ਤਾਰੀਆਂ**

ਅਕਤੂਬਰ ਅਤੇ ਨਵੰਬਰ 2025 ਦੌਰਾਨ ਚਲਾਏ ਗਏ ਇਸ ਅਭਿਆਨ ਵਿੱਚ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ 8,701 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਕਾਰਵਾਈ ਦੌਰਾਨ ਲਗਭਗ 2,00,000 ਰਾਊਂਡ ਗੋਲਾ-ਬਾਰੂਦ, 2,56,025 ਅਮਰੀਕੀ ਡਾਲਰ ਦੀ ਨਕਦੀ ਅਤੇ 210 ਵਾਹਨ ਵੀ ਕਬਜ਼ੇ ਵਿੱਚ ਲਏ ਗਏ ਹਨ।

**20 ਦੇਸ਼ਾਂ ਦਾ ਸਾਂਝਾ ਅਭਿਆਨ**

ਇਹ ਕਾਰਵਾਈ ਅੰਤਰਰਾਸ਼ਟਰੀ ਅਪਰਾਧਿਕ ਪੁਲਸ ਸੰਗਠਨ (ਇੰਟਰਪੋਲ) ਦੇ ਸਹਿਯੋਗ ਨਾਲ 20 ਦੇਸ਼ਾਂ ਵਿੱਚ ਚਲਾਈ ਗਈ ਸੀ। ਇਹਨਾਂ ਦੇਸ਼ਾਂ ਵਿੱਚ ਅਰਜਨਟੀਨਾ, ਬ੍ਰਾਜ਼ੀਲ, ਮੈਕਸੀਕੋ, ਚਿਲੀ, ਕੋਲੰਬੀਆ ਤੇ ਪਨਾਮਾ ਵਰਗੇ ਦੇਸ਼ ਸ਼ਾਮਲ ਸਨ। 'ਆਰਗੇਨਾਈਜ਼ੇਸ਼ਨ ਆਫ ਅਮਰੀਕਨ ਸਟੇਟਸ' ਨੇ ਵੀ ਇਸ ਖੇਤਰੀ ਸਹਿਯੋਗ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

**ਨਸ਼ਿਆਂ ਦੀ ਵੱਡੀ ਬਰਾਮਦਗੀ**

ਤਸਕਰੀ ਵਿਰੁੱਧ ਇਸ ਜੰਗ ਵਿੱਚ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਫੜੇ ਗਏ ਹਨ, ਜਿਸ ਵਿੱਚ 6.9 ਟਨ ਕੋਕੀਨ, 38.5 ਟਨ ਮਾਰਿਜੁਆਨਾ, 6,59,403 ਕੋਕਾ ਦੇ ਪੌਦੇ ਅਤੇ ਮੈਥਾਮਫੇਟਾਮਾਈਨ ਵਰਗੇ ਘਾਤਕ ਨਸ਼ੇ ਸ਼ਾਮਲ ਹਨ। ਇੰਟਰਪੋਲ ਦੇ ਸਕੱਤਰ ਜਨਰਲ ਵਾਲਡੇਸੀ ਉਰਕੁਇਜ਼ਾ ਨੇ ਕਿਹਾ ਕਿ ਇਹ ਅਭਿਆਨ ਸੰਗਠਿਤ ਅਪਰਾਧ ਵਿਰੁੱਧ ਲੜਾਈ ਵਿੱਚ ਇੱਕ ਅਸਲ ਤਰੱਕੀ ਨੂੰ ਦਰਸਾਉਂਦਾ ਹੈ। ਅਧਿਕਾਰੀਆਂ ਅਨੁਸਾਰ, ਇਸ ਖੇਤਰ ਵਿੱਚ ਹਥਿਆਰਾਂ ਦੀ ਤਸਕਰੀ ਸਿੱਧੇ ਤੌਰ 'ਤੇ ਮਾਨਵ ਤਸਕਰੀ, ਪ੍ਰਵਾਸੀਆਂ ਦੀ ਗੈਰ-ਕਾਨੂੰਨੀ ਘੁਸਪੈਠ ਅਤੇ ਸਾਈਬਰ ਅਪਰਾਧਾਂ ਨਾਲ ਜੁੜੀ ਹੋਈ ਹੈ। ਇਹ ਅਪ੍ਰੇਸ਼ਨ ਸਾਬਤ ਕਰਦਾ ਹੈ ਕਿ ਅੰਤਰਰਾਸ਼ਟਰੀ ਸਹਿਯੋਗ ਅਤੇ ਜਾਣਕਾਰੀ ਸਾਂਝੀ ਕਰਨ ਨਾਲ ਸਮਾਜ ਨੂੰ ਵਧੇਰੇ ਸੁਰੱਖਿਅਤ ਬਣਾਇਆ ਜਾ ਸਕਦਾ ਹੈ।

# ਈਰਾਨ ਨੂੰ ਮਿਲਣਗੇ ਫ੍ਰੀਜ਼ ਕੀਤੇ 24 ਅਰਬ ਡਾਲਰ ! ਅਮਰੀਕਾ-ਈਰਾਨ ਵਿਚਾਲੇ ਸਮਝੌਤੇ ਦੀ ਉਮੀਦ

ਵਾਸ਼ਿੰਗਟਨ : ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਗੱਲਬਾਤ ਵਿਚਕਾਰ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਰਿਪੋਰਟਾਂ ਅਨੁਸਾਰ ਦੋਵਾਂ ਦੇਸ਼ਾਂ ਵਿਚਾਲੇ ਈਰਾਨ ਦੇ ਫ਼ ?ਰੀਜ਼ ਕੀਤੇ ਗਏ ਖ਼ਾਤਿਆਂ ਵਿੱਚੋਂ 24 ਅਰਬ ਡਾਲਰ (ਲਗਭਗ 2 ਲੱਖ ਕਰੋੜ ਰੁਪਏ) ਦੀ ਰਾਸ਼ੀ ਨੂੰ ਜਾਰੀ ਕਰਨ ਦੇ ਸਬੰਧ ਵਿੱਚ ਇੱਕ ਸਮਝੌਤਾ ਹੋ ਸਕਦਾ ਹੈ। ਈਰਾਨੀ ਮੀਡੀਆ ਸੰਸਥਾ 'ਤਸਨੀਮ ਨਿਊਜ਼' ਨੇ ਦਾਅਵਾ ਕੀਤਾ ਹੈ ਕਿ ਇਸ ਸਮਝੌਤੇ ਨੂੰ ਲੈ ਕੇ ਗੰਭੀਰ ਚਰਚਾ ਜਾਰੀ ਹੈ।



ਸਮਝੌਤੇ ਦੇ ਪ੍ਰਸਤਾਵ ਅਨੁਸਾਰ ਜਿਵੇਂ ਹੀ ਦੋਵਾਂ ਦੇਸ਼ਾਂ ਵਿਚਾਲੇ ਸਮਝੌਤਾ ਪੱਤਰ (MOU) ਦਾ ਐਲਾਨ ਹੋਵੇਗਾ, ਈਰਾਨ ਨੂੰ ਇਸ ਰਾਸ਼ੀ ਦਾ ਅੱਧਾ ਹਿੱਸਾ ਯਾਨੀ 12 ਅਰਬ ਡਾਲਰ ਤੁਰੰਤ ਮੁਹੱਈਆ ਕਰਵਾਏ ਜਾਣਗੇ। ਬਾਕੀ ਦੀ ਰਕਮ 60 ਦਿਨਾਂ ਦੀ ਗੱਲਬਾਤ ਦੀ ਮਿਆਦ ਦੇ ਦੌਰਾਨ ਕਿਸ਼ਤਾਂ ਵਿੱਚ ਟ ?ਰਾਂਸਫਰ ਕੀਤੀ ਜਾਵੇਗੀ। ਚਰਚਾ ਅਧੀਨ ਇਸ ਸਮਝੌਤੇ ਵਿੱਚ ਕੁਝ ਅਹਿਮ ਸ਼ਰਤਾਂ ਸ਼ਾਮਲ ਹਨ:

ਜੰਗਬੰਦੀ: ਮੌਜੂਦਾ ਜੰਗਬੰਦੀ ਨੂੰ 60 ਦਿਨਾਂ ਲਈ ਹੋਰ ਵਧਾਇਆ ਜਾਵੇਗਾ।

ਹੋਰਮੁਜ਼ ਸਟ੍ਰੇਟ: ਦੁਨੀਆ ਦੀ ਸਭ ਤੋਂ ਅਹਿਮ ਤੇਲ ਸਪਲਾਈ ਲਾਈਨ 'ਹੋਰਮੁਜ਼ ਸਟ ?ਰੇਟ' ਨੂੰ ਮੁੜ ਖੋਲ੍ਹਣ ਦੀ ਸੰਭਾਵਨਾ ਹੈ।

ਪ੍ਰਮਾਣੂ ਪ੍ਰੋਗਰਾਮ: ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਨਿਰੰਤਰ ਗੱਲਬਾਤ ਜਾਰੀ ਰੱਖਣ ਲਈ ਇੱਕ ਰੂਪਰੇਖਾ ਤਿਆਰ ਕੀਤੀ ਜਾਵੇਗੀ। ਹਾਲਾਂਕਿ ਇਸ ਰਸਤੇ ਵਿੱਚ ਸਭ ਤੋਂ ਵੱਡਾ ਰੋੜਾ ਈਰਾਨ ਦਾ ਸੰਵਰਧਿਤ ਯੂਰੇਨੀਅਮ ਦਾ ਭੰਡਾਰ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਖ਼ਤ ਰੁਖ ਅਪਣਾਉਂਦਿਆਂ ਕਿਹਾ ਹੈ ਕਿ ਈਰਾਨ ਕੋਲ ਮੌਜੂਦ ਲਗਭਗ 440 ਕਿਲੋਗ੍ਰਾਮ ਯੂਰੇਨੀਅਮ (ਜੋ ਹਥਿਆਰ ਬਣਾਉਣ ਦੇ ਬਹੁਤ ਕਰੀਬ ਹੈ) ਨੂੰ ਜਾਂ ਤਾਂ ਤੁਰੰਤ ਅਮਰੀਕਾ ਨੂੰ ਸੌਂਪ ਦਿੱਤਾ ਜਾਵੇ ਜਾਂ ਨਸ਼ਟ ਕੀਤਾ ਜਾਵੇ। ਅਮਰੀਕੀ ਅਧਿਕਾਰੀਆਂ ਨੇ ਸਪੱਸ਼ਟ ਨਾਅਰਾ ਦਿੱਤਾ ਹੈ- 'ਨੋ ਡਸਟ, ਨੋ ਡਾਲਰਜ਼', ਯਾਨੀ ਜਦੋਂ ਤੱਕ ਯੂਰੇਨੀਅਮ ਖ਼ਤਮ ਨਹੀਂ ਹੁੰਦਾ, ਈਰਾਨ ਨੂੰ ਕੋਈ ਵਿੱਤੀ ਲਾਭ ਨਹੀਂ ਮਿਲੇਗਾ। ਦੂਜੇ ਪਾਸੇ ਈਰਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਯੂਰੇਨੀਅਮ ਨਾਲ ਜੁੜੀ ਕੋਈ ਵੀ ਗੱਲਬਾਤ ਉਦੋਂ ਹੀ ਸ਼ੁਰੂ ਹੋਵੇਗੀ, ਜਦੋਂ ਸੰਘਰਸ਼ ਨੂੰ ਰਸਮੀ ਤੌਰ 'ਤੇ ਖ਼ਤਮ ਕਰਨ ਵਾਲੇ ਦਸਤਾਵੇਜ਼ਾਂ 'ਤੇ ਹਸਤਾਖਰ ਹੋ ਜਾਣਗੇ। ਫਿਲਹਾਲ ਪਾਬੰਦੀਆਂ ਵਿੱਚ ਢਿੱਲ ਅਤੇ ਪ੍ਰਮਾਣੂ ਗਤੀਵਿਧੀਆਂ ਨੂੰ ਸੀਮਤ ਕਰਨ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਵੱਡੇ ਮਤਭੇਦ ਬਣੇ ਹੋਏ ਹਨ।

# ਨਕਲੀ ਦੁੱਧ ਦਾ ਗ਼ੈਰ-ਕਾਨੂੰਨੀ ਕਾਰੋਬਾਰ

ਪੰਜਾਬ ’ਚ ਖਾਧ ਪਦਾਰਥਾਂ ’ਚ ਮਿਲਾਵਟ ਦੀ ਸਮੱਸਿਆ ਇਕ ਵਾਰ ਮੁੜ ਤੋਂ ਸਿਖ਼ਰ ’ਤੇ ਪੁੱਜ ਗਈ ਹੈ। ਖ਼ਾਸ ਕਰਕੇ ਦੁੱਧ, ਦੁੱਧ ਤੋਂ ਬਣੇ ਪਦਾਰਥ ਅਤੇ ਮਠਿਆਈਆਂ ਵਿਚ ਮਿਲਾਵਟ ਦਾ ਕਾਰੋਬਾਰ ਬੇਖ਼ੌਫ ਤੇ ਧੜੱਲੇ ਨਾਲ ਜਾਰੀ ਹੈ। ਹਾਲਾਤ ਇੱਥੋਂ ਤੱਕ ਪਹੁੰਚ ਗਏ ਹਨ ਕਿ ਸੂਬੇ ਦੇ ਕਈ ਇਲਾਕਿਆਂ ’ਚ ਦੁੱਧ ਆਮ ਲੋਕਾਂ ਲਈ ਪੀਣ ਯੋਗ ਵੀ ਨਹੀਂ ਰਿਹਾ। ਬੱਚਿਆਂ ਤੇ ਖ਼ਾਸ ਕਰਕੇ ਗਰਭਵਤੀ ਔਰਤਾਂ ਲਈ ਤਾਂ ਇਹ ਮਿਲਾਵਟੀ ਦੁੱਧ ਜ਼ਹਿਰ ਹੋਣ ਦੀ ਹੱਦ ਤੱਕ ਪੁੱਜ ਗਿਆ ਹੈ। ਹਸਪਤਾਲਾਂ ’ਚ ਮਰੀਜ਼ਾਂ ਨੂੰ ਦਿੱਤੇ ਜਾਣ ਵਾਲੇ ਦੁੱਧ ਦੀ ਗੁਣਵੱਤਾ ਵੀ ਨਿਰਧਾਰਤ ਮਾਪਦੰਡਾਂ ਤੋਂ ਬਹੁਤ ਹੇਠਲੇ ਪੱਧਰ ’ਤੇ ਪਾਈ ਗਈ ਹੈ। ਦੁੱਧ ਤੋਂ ਬਣਦੇ ਪਦਾਰਥਾਂ (ਦਹੀਂ, ਪਨੀਰ ਤੇ ਖੋਏ ਤੋਂ ਬਣੀ ਮਠਿਆਈ) ਵਿਚ ਵੀ ਮਿਲਾਵਟ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ। ਪਹਿਲਾਂ ਜਦੋਂ ਤਿਉਹਾਰਾਂ ਮੌਕੇ ਦੁੱਧ ਤੇ ਦੁੱਧ ਦੇ ਪਦਾਰਥਾਂ ’ਚ ਮਿਲਾਵਟ ਹੋਣ ਦੀਆਂ ਗੱਲਾਂ ਹੁੰਦੀਆਂ ਸਨ ਤਾਂ ਪ੍ਰਸ਼ਾਸਨ ਦੇ ਨਾਲ-ਨਾਲ ਸਮਾਜਿਕ ਸੰਗਠਨ ਵੀ ਮਿਲਾਵਟ ਖ਼ਿਲਾਫ਼ ਸੁਚੇਤ ਹੋ ਜਾਂਦੇ ਸਨ। ਅਜਿਹੇ ’ਚ ਸੂਬੇ ਤੇ ਜ਼ਿਲ੍ਹਾ ਪੱਧਰ ’ਤੇ ਸਿਹਤ ਤੰਤਰ ਵਲੋਂ ਬਾਕਾਇਦਾ ਸਰਗਰਮ ਹੋ ਕੇ ਛਾਪੇਮਾਰੀ ਕੀਤੀ ਜਾਂਦੀ ਸੀ ਤੇ ਮਿਲਾਵਟੀ ਮਠਿਆਈ ਤੇ ਹੋਰ ਖਾਧ ਪਦਾਰਥਾਂ ਨੂੰ ਨਸ਼ਟ ਵੀ ਕਰਵਾ ਦਿੱਤਾ ਜਾਂਦਾ ਸੀ, ਪਰ ਹੁਣ ਲੱਗਦਾ ਹੈ ਕਿ ਪ੍ਰਸ਼ਾਸਨ ਤੇ ਸਿਹਤ ਵਿਭਾਗ ਦੇ ਕੁੰਭਕਰਨੀ ਨੀਂਦ ਸੌਂ ਜਾਣ ਕਰਕੇ ਅਸਮਾਜਿਕ ਤੱਤ ਖੁੱਲ੍ਹੇਆਮ ਮਿਲਾਵਟ ਕਰਨ ਲੱਗ ਪਏ ਹਨ।

ਅੱਜ ਹਾਲਾਤ ਇਹ ਹਨ ਕਿ ਅਖ਼ਬਾਰਾਂ ਦੇ ਨਾਲ-ਨਾਲ ਸੋਸ਼ਲ ਮੀਡੀਆ ’ਤੇ ਵੀ ਦੁੱਧ ’ਚ ਮਿਲਾਵਟ ਪਾਏ ਜਾਣ ਅਤੇ ਨਕਲੀ ਦੁੱਧ ਸ਼ਰੇਆਮ ਵਿਕਣ ਤੇ ਨਕਲੀ ਦੁੱਧ ਬਣਾਉਣ ਵਾਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦੇ ਬਾਵਜੂਦ ਪ੍ਰਸ਼ਾਸਨ ’ਤੇ ਕੋਈ ਅਸਰ ਨਹੀਂ ਹੋ ਰਿਹਾ। ਭਾਵੇਂ ਦਿਖਾਵੇ ਲਈ ਰੋਜ਼ਾਨਾ ਦੁੱਧ ਤੇ ਦੁੱਧ ਪਦਾਰਥਾਂ ਦੇ ਨਮੂਨੇ ਲਏ ਜਾਂਦੇ ਹਨ ਅਤੇ ਨਕਲੀ ਦੁੱਧ ਬਣਾਉਣ ਵਾਲੀਆਂ ਛੋਟੀਆਂ-ਵੱਡੀਆਂ ਫੈਕਟਰੀਆਂ ’ਤੇ ਛਾਪੇ ਵੀ ਮਾਰੇ ਜਾਂਦੇ ਹਨ, ਪਰ ਕੋਈ ਵੀ ਜ਼ਿਕਰਯੋਗ ਨਤੀਜਾ ਸਾਹਮਣੇ ਨਹੀਂ ਆ ਰਿਹਾ। ਭਾਰਤੀ ਖਾਧ ਸੁਰੱਖਿਆ ਤੇ ਮਾਪਦੰਡ ਅਥਾਰਿਟੀ ਦੀ ਇਕ ਰਿਪੋਰਟ ਅਨੁਸਾਰ ਮਿਲਾਵਟ ਦਾ ਇਹ ਧੰਦਾ ਸੂਬੇ ਦੇ ਹਰ ਜ਼ਿਲ੍ਹੇ ’ਚ ਬੇਰੋਕ ਜਾਰੀ ਹੈ। ਇਸੇ ਰਿਪੋਰਟ ਦੇ ਅਨੁਸਾਰ ਪੰਜਾਬ ਵਿਚ ਭਰੇ ਜਾਣ ਵਾਲੇ ਨਮੂਨਿਆਂ ਵਿਚ ਹਰ ਛੇਵਾਂ ਨਮੂਨਾ ਫੇਲ੍ਹ ਹੋ ਜਾਂਦਾ ਹੈ। ਦਰਅਸਲ ਬਹੁਤੀ ਵਾਰ ਪ੍ਰਸ਼ਾਸਨਿਕ ਤੰਤਰ ਤੇ ਨਕਲੀ ਦੁੱਧ ਬਣਾਉਣ ਵਾਲਿਆਂ ਵਿਚਾਲੇ ਮਿਲੀਭੁਗਤ ਹੋਣ ਕਰਕੇ ਛਾਪੇ ਪੈਣ ਦੀ ਸੂਚਨਾ ਉਨ੍ਹਾਂ ਨੂੰ ਪਹਿਲਾਂ ਹੀ ਮਿਲ ਜਾਂਦੀ ਹੈ ਤੇ ਉਹ ਨਕਲੀ ਸਮੱਗਰੀ ਖੁਰਦ-ਬੁਰਦ ਕਰ ਦਿੰਦੇ ਹਨ। ਜੇ ਮਿਲਾਵਟ ਦਾ ਕੋਈ ਸਬੂਤ ਮਿਲ ਵੀ ਜਾਵੇ ਤਾਂ ਉਸ ਨੂੰ ਪ੍ਰਯੋਗਸ਼ਾਲਾ ਤੱਕ ਪਹੁੰਚਣ ਤੋਂ ਪਹਿਲਾਂ ਹੀ ਰਸਤੇ ’ਚ ਖ਼ਤਮ ਕਰ ਦਿੱਤਾ ਜਾਂਦਾ ਹੈ ਜਾਂ ਪ੍ਰਯੋਗਸ਼ਾਲਾ ਵਿਚ ਵੀ ਰਿਪੋਰਟ ਨੂੰ ਪ੍ਰਭਾਵਿਤ ਕਰ ਲਿਆ ਜਾਂਦਾ ਹੈ। ਹਾਲ ਹੀ ’ਚ ਸਿਹਤ ਵਿਭਾਗ ਦੀ ਨਿਗਰਾਨੀ ਹੇਠ ਸੂਬੇ ’ਚ ਕਈ ਥਾਵਾਂ ’ਤੇ ਦੁੱਧ ਦੇ ਨਮੂਨੇ ਭਰੇ ਗਏ। ਹੈਰਾਨ ਕਰਨ ਵਾਲਾ ਤੱਥ ਇਹ ਰਿਹਾ ਕਿ ਇਨ੍ਹਾਂ ’ਚੋਂ 33 ਫ਼ੀਸਦੀ ਨਮੂਨੇ ਫ਼ੇਲ੍ਹ ਹੋ ਗਏ ਤੇ ਬਾਕੀ ਦੇ ਨਮੂਨੇ ਵੀ ਪ੍ਰੀਖਣ ਦੌਰਾਨ ਪੂਰੀ ਤਰ੍ਹਾਂ ਠੀਕ ਜਾਂ ਸੰਤੁਸ਼ਟੀਜਨਕ ਨਹੀਂ ਪਾਏ ਗਏ। ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਭਰੇ ਗਏ 204 ਨਮੂਨਿਆਂ ’ਚੋਂ 68 ਨਮੂਨੇ ਮਾਪਦੰਡਾਂ ’ਤੇ ਬਿਲਕੁਲ ਖ਼ਰੇ ਨਹੀਂ ਉਤਰੇ। ਇਨ੍ਹਾਂ ’ਚੋਂ ਦੁੱਧ ਦਾ ਇਕ ਨਮੂਨਾ ਤਾਂ ਅਜਿਹਾ ਸੀ ਕਿ ਇਹ ਮਨੁੱਖ ਦੇ ਪੀਣ ਲਈ ਬੇਹੱਦ ਖ਼ਰਾਬ ਸ਼ ?ਰੇਣੀ ’ਚ ਆਇਆ। ਇਸੇ ਤਰ੍ਹਾਂ ਪਨੀਰ ਦੇ ਲਏ ਨਮੂਨਿਆਂ ’ਚੋਂ ਵੀ ਜ਼ਿਆਦਾਤਰ ਠੀਕ ਨਹੀਂ ਨਿਕਲੇ। ਸੂਬਾਈ ਪ੍ਰਸ਼ਾਸਨ ਦੀ ਸਰਗਰਮੀ ਦਾ ਅਨੁਮਾਨ ਇਸ ਇਕ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਦੇ ਕਰੜੇ ਨਿਰਦੇਸ਼ਾਂ ਤੇ ਮਿਲਾਵਟਖੋਰਾਂ ਵਿਰੁੱਧ ਸਮੇਂ-ਸਮੇਂ ’ਤੇ ਕਾਰਵਾਈ ਕਰਨ ਦੇ ਬਾਵਜੂਦ ਇਸ ਗ਼ੈਰਕਾਨੂੰਨੀ ਕਾਰੋਬਾਰ ’ਚ ਲੱਗੇ ਲੋਕਾਂ ਦੀ ਨਕੇਲ ਨਹੀਂ ਕਸੀ ਜਾ ਸਕੀ। ਦਰਅਸਲ ਹੁਣ ਮਿਲਾਵਟਖੋਰੀ ਇਸ ਪੱਧਰ ’ਤੇ ਫੈਲ ਚੁੱਕੀ ਹੈ ਕਿ ਜ਼ਿਆਦਾਤਰ ਖਾਧ ਪਦਾਰਥਾਂ ’ਚ ਮਿਲਾਵਟ ਪਾਈ ਜਾਂਦੀ ਹੈ। ਇਸ ਵਿਚ ਸਭ ਤੋਂ ਗੰਭੀਰ ਤੇ ਚਿੰਤਜਨਕ ਗੱਲ ਦੁੱਧ ਤੇ ਦੁੱਧ ਤੋਂ ਬਣਨ ਵਾਲੇ ਪਦਾਰਥਾਂ ’ਚ ਪਾਈ ਜਾਂਦੀ ਮਿਲਾਵਟ ਹੈ।

ਪੇਂਡੂ ਇਲਾਕਿਆਂ ’ਚ ਬਣੀਆਂ ਗ਼ੈਰਕਾਨੂੰਨੀ ਦੁੱਧ ਦੀਆਂ ਇਨ੍ਹਾਂ ਫੈਕਟਰੀਆਂ ’ਚ ਨਕਲੀ ਦੁੱਧ ਅਕਸਰ ਕਾਸਟਿਕ ਸੋਡੇ ਜਿਹੇ ਹਾਨੀਕਾਰਕ ਪਦਾਰਥਾਂ ਤੋਂ ਬਣਾਇਆ ਜਾਂਦਾ ਹੈ। ਇਸ ਨਕਲੀ ਤੇ ਜ਼ਹਿਰੀਲੇ ਦੁੱਧ ਨੂੰ ਰਾਤ ਦੇ ਹਨੇਰੇ ’ਚ ਨੇੜਲੇ ਸ਼ਹਿਰਾਂ ਤੇ ਕਸਬਿਆਂ ਤੱਕ ਪਹੁੰਚਾ ਦਿੱਤਾ ਜਾਂਦਾ ਹੈ, ਜੋ ਦਿਨ ਚੜ੍ਹੇ ਸ਼ਰੇਆਮ ਵਿਕਦਾ ਹੈ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਨਕਲੀ ਦੁੱਧ ਬਾਰੇ ਸਮਾਜ, ਪ੍ਰਸ਼ਾਸਨ ਤੇ ਪੁਲਿਸ ਤੰਤਰ ਸਭ ਨੂੰ ਪਤਾ ਹੋਣ ਦੇ ਬਾਵਜੂਦ ਇਸ ਦੀ ਵਿਕਰੀ ਖ਼ਿਲਾਫ਼ ਕੋਈ ਵੀ ਧਿਰ ਸਖ਼ਤ ਕਾਰਵਾਈ ਲਈ ਅੱਗੇ ਨਹੀਂ ਆਉਂਦੀ। ਅੱਜ ਸਮਾਜ ਦੀ ਜਿਹੜੀ ਪੀੜ੍ਹੀ ਇਸ ਮਿਲਾਵਟੀ ਦੁੱਧ ਦੇ ਸਹਾਰੇ ਪਲ ਰਹੀ ਹੈ, ਉਸ ਦੇ ਭਵਿੱਖ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਅਸੀਂ ਸਮਝਦੇ ਹਾਂ ਕਿ ਨਕਲੀ ਤੇ ਮਿਲਾਵਟੀ ਦੁੱਧ ਦੇ ਇਸ ਗ਼ੈਰਕਾਨੂੰਨੀ ਕਾਰੋਬਾਰ ’ਤੇ ਤੁਰੰਤ ਤੇ ਪੱਕੀ ਰੋਕ ਲਗਾਉਣ ਲਈ ਪੂਰੇ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਕਾਰੋਬਾਰ ’ਚ ਲੱਗੇ ਸਮਾਜ ਵਿਰੋਧੀ ਅਨਸਰ ਕੋਈ ਸਰਹੱਦ ਪਾਰ ਤੋਂ ਕੰਡਿਆਲੀ ਤਾਰ ਟੱਪ ਕੇ ਨਹੀਂ ਆਉਂਦੇ, ਇਹ ਸਾਡੇ ਸਮਾਜ ਵਿਚ ਹੀ ਵਿਚਰਨ ਵਾਲੇ ਲੋਕ ਹਨ। ਸਰਕਾਰ ਤੇ ਪ੍ਰਸ਼ਾਸਨ ਨੂੰ ਅਜਿਹੇ ਸਮਾਜ ਵਿਰੋਧੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ ਤਾਂ ਹੀ ਇਸ ਗੰਭੀਰ ਸਮੱਸਿਆ ਨੂੰ ਮੁੱਢ ਤੋਂ ਖ਼ਤਮ ਕੀਤਾ ਜਾ ਸਕੇਗਾ।

# ਆਲਮੀ ਥਪੇੜਿਆਂ ਨਾਲ ਜੂਝਦਾ ਰੁਪਿਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਦੇਸ਼ ਵਾਸੀਆਂ ਤੋਂ ਊਰਜਾ ਦੀ ਕਿਫ਼ਾਇਤ ਕਰਨ ਦੀ ਅਪੀਲ ਕੀਤੀ ਅਤੇ ਫਿਰ ਚੇਤਾਵਨੀ ਦਿੱਤੀ ਕਿ ਪੱਛਮੀ ਏਸ਼ੀਆ ਵਿਚ ਚੱਲ ਰਹੇ ਯੁੱਧ ਕਾਰਨ ਦੁਨੀਆ ਵਿਚ ਆਰਥਿਕ ਮੰਦੀ ਆ ਸਕਦੀ ਹੈ। ਉਨ੍ਹਾਂ ਦੇ ਬਿਆਨਾਂ ਦੇ ਪਿੱਛੇ ਚਾਰ ਮੁੱਖ ਚਿੰਤਾਵਾਂ ਕੰਮ ਕਰ ਰਹੀਆਂ ਹਨ। ਹੋਰਮੁਜ਼ ਜਲਮਾਰਗ ਬੰਦ ਹੋਣ ਕਾਰਨ ਤੇਲ, ਗੈਸ ਅਤੇ ਖਾਦ ਦੇ ਭਾਅ ਡੇਢ ਗੁਣਾ ਤੋਂ ਜ਼ਿਆਦਾ ਵਧ ਗਏ ਹਨ ਜਿਸ ਕਾਰਨ ਭਾਰਤ ਦਾ ਊਰਜਾ ਅਤੇ ਖਾਦ ਦਰਾਮਦ ਬਿੱਲ ਵੀ ਲਗਪਗ ਡੇਢ ਗੁਣਾ ਵਧ ਗਿਆ ਹੈ। ਊਰਜਾ ਅਤੇ ਖਾਦ ਦੇ ਭਾਅ ਵਧਣ ਨਾਲ ਦੇਸ਼ ਵਿਚ ਮਹਿੰਗਾਈ ਵਧਣ ਅਤੇ ਬਜਟ ਗੜਬੜਾਉਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਵਿਦੇਸ਼ੀ ਨਿਵੇਸ਼ਕ ਪਿਛਲੇ ਦੋ ਸਾਲਾਂ ਤੋਂ ਭਾਰਤ ਤੋਂ ਆਪਣੀ ਪੂੰਜੀ ਕੱਢ ਰਹੇ ਹਨ ਅਤੇ ਅਮਰੀਕਾ ਵਿਚ ਵਿਆਜ ਦਰਾਂ ਦੇ ਵਧਣ ਦੇ ਆਸਾਰ ਨਾਲ ਇਸ ਦੀ ਰਫ਼ਤਾਰ ਹੋਰ ਤੇਜ਼ ਹੋ ਸਕਦੀ ਹੈ।

ਊਰਜਾ ਅਤੇ ਖ਼ੁਰਾਕ ਦੀ ਦਰਾਮਦ ਦਾ ਬਿੱਲ ਵਧਣ ਅਤੇ ਵਿਦੇਸ਼ੀ ਪੂੰਜੀ ਦੇ ਪਲਾਇਨ ਨਾਲ ਰੁਪਿਆ ਸਸਤਾ ਹੋ ਰਿਹਾ ਹੈ ਜਿਸ ਕਾਰਨ ਦਰਾਮਦ ਮਹਿੰਗੇ ਹੁੰਦੇ ਜਾ ਰਹੇ ਹਨ। ਡਾਲਰ ਦੀ ਤੁਲਨਾ ’ਚ ਰੁਪਏ ਦੀ ਕੀਮਤ ਦਹਾਕਿਆਂ ਤੋਂ ਟੁੱਟ ਰਹੀ ਹੈ ਜਿਸ ਦੀ ਰਫ਼ਤਾਰ ਪਿਛਲੇ ਦਹਾਕੇ ਵਿਚ ਹੋਰ ਵਧੀ ਹੈ ਅਤੇ ਉਹ 66 ਤੋਂ ਟੁੱਟ ਕੇ 96 ’ਤੇ ਪਹੁੰਚ ਗਿਆ ਹੈ। ਇਸ ਵਿੱਚੋਂ 6.1 ਪ੍ਰਤੀਸ਼ਤ ਦੀ ਗਿਰਾਵਟ ਈਰਾਨ ’ਤੇ ਅਮਰੀਕਾ ਅਤੇ ਇਜ਼ਰਾਈਲ ਦੇ ਹਮਲੇ ਤੋਂ ਬਾਅਦ ਹੋਈ ਹੈ। ਰੁਪਏ ਦੀ ਕੀਮਤ ਨਾ ਸਿਰਫ਼ ਡਾਲਰ ਦੇ ਮੁਕਾਬਲੇ, ਸਗੋਂ ਜਾਪਾਨੀ ਯੇਨ ਨੂੰ ਛੱਡ ਕੇ ਲਗਪਗ ਹਰ ਹਾਰਡ ਕਰੰਸੀ ਦੇ ਮੁਕਾਬਲੇ ਕਮਜ਼ੋਰ ਹੋਈ ਹੈ।

ਪਿਛਲੇ ਸਾਲ ਭਰ ਵਿਚ ਤਾਂ ਇਹ ਪਾਕਿਸਤਾਨੀ ਰੁਪਏ ਅਤੇ ਬੰਗਲਾਦੇਸ਼ੀ ਟਕੇ ਦੇ ਮੁਕਾਬਲੇ 10 ਪ੍ਰਤੀਸ਼ਤ ਤੋਂ ਜ਼ਿਆਦਾ ਟੁੱਟ ਗਿਆ ਜਿਸ ਕਾਰਨ ਭਾਰਤ ਵਿਚ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ’ਤੇ ਸਵਾਲ ਉੱਠਣ ਲੱਗੇ ਹਨ। ਹਾਲਾਂਕਿ ਜੇ ਪਾਕਿਸਤਾਨੀ ਰੁਪਏ ਦੇ ਗ੍ਰਾਫ ਨੂੰ ਦੇਖੀਏ ਤਾਂ ਉਸ ਦਾ ਭਾਅ 2016 ਤੋਂ 2024 ਦਰਮਿਆਨ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਨਾਲੋਂ ਦੁੱਗਣੀ ਰਫ਼ਤਾਰ ਨਾਲ ਟੁੱਟਿਆ ਹੈ।

ਸੰਨ 2022 ਤੋਂ 2024 ਦਰਮਿਆਨ ਬੰਗਲਾਦੇਸ਼ੀ ਟਕੇ ਦੀ ਵੀ ਇਹੀ ਹਾਲਤ ਹੋਈ। ਸੰਨ 2024 ਤੋਂ ਬਾਅਦ ਪਾਕਿਸਤਾਨੀ ਰੁਪਏ ਅਤੇ ਬੰਗਲਾਦੇਸ਼ੀ ਟਕੇ ਦੀਆਂ ਦਰਾਂ ਵਿਚ ਤਾਂ ਕੁਝ ਸਥਿਰਤਾ ਆਈ ਪਰ ਭਾਰਤੀ ਰੁਪਏ ਦੇ ਟੁੱਟਣ ਦੀ ਰਫ਼ਤਾਰ ਕਿਤੇ ਤੇਜ਼ ਰਹੀ। ਰੁਪਏ ਦੀ ਤੁਲਨਾ ’ਚ ਇਨ੍ਹਾਂ ਦੋਹਾਂ ਕਰੰਸੀਆਂ ਦੀ ਕੀਮਤ ਵਿਚ ਕੁਝ ਸੁਧਾਰ ਦੇਖਣ ਨੂੰ ਮਿਲਣ ਦੀ ਅਸਲੀ ਵਜ੍ਹਾ ਇਹੀ ਹੈ।

ਹਕੀਕਤ ਇਹੋ ਹੈ ਕਿ ਮੁਦਰਾ ਦੀ ਵਟਾਂਦਰਾ ਦਰ ਕਿਸੇ ਦੇਸ਼ ਦੀ ਅਰਥ-ਵਿਵਸਥਾ ਦੀ ਤਾਕਤ ਜਾਂ ਕਮਜ਼ੋਰੀ ਦਾ ਪੈਮਾਨਾ ਨਹੀਂ ਹੁੰਦੀ। ਉਦਾਹਰਨ ਵਜੋਂ ਜਾਪਾਨੀ ਯੇਨ ਦਾ ਭਾਅ ਇਸ ਸਮੇਂ ਲਗਪਗ 60 ਪੈਸੇ ਹੈ। ਤਾਂ ਕੀ ਭਾਰਤ ਦੇ ਅਰਥਚਾਰੇ ਨੂੰ ਜਾਪਾਨ ਤੋਂ ਡੇਢ ਗੁਣਾ ਮਜ਼ਬੂਤ ਮੰਨਿਆ ਜਾਵੇ?

ਇਸੇ ਤਰ੍ਹਾਂ, ਯੂਰੋ ਆਉਣ ਤੋਂ ਪਹਿਲਾਂ 1998 ਵਿਚ ਇਕ ਰੁਪਏ ਦੀ ਕੀਮਤ 40 ਇਤਾਲਵੀ ਲੀਰਾ ਸੀ। ਤਾਂ ਕੀ ਭਾਰਤ ਇਟਲੀ ਤੋਂ ਚਾਲੀ ਗੁਣਾ ਵਿਕਸਤ ਸੀ? ਕਿਸੇ ਦੇਸ਼ ਦੀ ਮੁਦਰਾ ਦੀ ਕੀਮਤ ਉਸ ਦੀ ਜੀਡੀਪੀ ਅਤੇ ਜਾਰੀ ਮੁਦਰਾ ਦੀ ਗਿਣਤੀ ਦੇ ਆਧਾਰ ’ਤੇ ਤੈਅ ਹੁੰਦੀ ਹੈ ਅਤੇ ਵਟਾਂਦਰਾ ਦਰ ਮੁਦਰਾ ਦੀ ਮੰਗ ਦੇ ਆਧਾਰ ’ਤੇ ਚੜ੍ਹਦੀ-ਡਿੱਗਦੀ ਹੈ। ਜਿਸ ਦੇਸ਼ ਦੀ ਬਰਾਮਦ ਦਰਾਮਦ ਤੋਂ ਵੱਧ ਹੁੰਦੀ ਹੈ ਅਤੇ ਜਿਸ ਦੀ ਮੁਦਰਾ ਨੂੰ ਲੋਕ ਨਿਵੇਸ਼ ਲਈ ਜਮ ?ਹਾ ਰੱਖਣਾ ਚਾਹੁੰਦੇ ਹਨ, ਉਸ ਦੀ ਮੰਗ ਵਧਦੀ ਹੈ। ਨਤੀਜੇ ਵਜੋਂ, ਉਸ ਦੀ ਵਟਾਂਦਰਾ ਦਰ ਵੀ ਵਧਦੀ ਹੈ।

ਹਾਲਾਤ ਇਸ ਦੇ ਉਲਟ ਹੋਣ ’ਤੇ ਮੁਦਰਾ ਦੀ ਮੰਗ ਘਟਦੀ ਹੈ ਅਤੇ ਵਟਾਂਦਰਾ ਦਰ ਵੀ ਡਿੱਗ ਜਾਂਦੀ ਹੈ। ਇਸ ਲਈ ਨਾ ਤਾਂ ਮੁਦਰਾ ਝੰਡੇ ਦੀ ਤਰ੍ਹਾਂ ਦੇਸ਼ ਦੀ ਆਨ ਹੁੰਦੀ ਹੈ ਅਤੇ ਨਾ ਹੀ ਇਹ ਉਸ ਦੀ ਅਰਥ-ਵਿਵਸਥਾ ਦਾ ਪੈਮਾਨਾ।

ਭਾਰਤ ਵਿਚ ਸਮੁੱਚੀ ਐੱਫਡੀਆਈ ਜਾਂ ਵਿਦੇਸ਼ੀ ਨਿਵੇਸ਼ ਦੀ ਮਾਤਰਾ ਵਿਚ ਕਮੀ ਨਹੀਂ ਆ ਰਹੀ। ਉਹ ਲਗਾਤਾਰ ਵਧ ਰਹੀ ਹੈ ਪਰ ਭਾਰਤ ਤੋਂ ਵਾਪਸ ਜਾਣ ਵਾਲੇ ਵਿਦੇਸ਼ੀ ਨਿਵੇਸ਼ ਦੀ ਮਾਤਰਾ ਵੀ ਪਿਛਲੇ ਤਿੰਨ ਸਾਲਾਂ ਤੋਂ ਵਧ ਰਹੀ ਹੈ। ਇਸ ਦੇ ਦੋ ਕਾਰਨ ਦੱਸੇ ਜਾਂਦੇ ਹਨ। ਪਹਿਲਾ, ਵਿਦੇਸ਼ੀ ਨਿਵੇਸ਼ਕ ਉਨ੍ਹਾਂ ਬਾਜ਼ਾਰਾਂ ਦਾ ਰੁਖ਼ ਕਰ ਰਹੇ ਹਨ ਜਿੱਥੇ ਏਆਈ, ਸੈਮੀਕੰਡਕਟਰ ਅਤੇ ਡਾਟਾ ਦੇ ਖੇਤਰਾਂ ਵਿਚ ਨਵੀਆਂ ਕਾਢਾਂ ਕੱਢੀਆਂ ਜਾ ਰਹੀਆਂ ਹਨ।

ਇਨ੍ਹਾਂ ਕੰਪਨੀਆਂ ਦੇ ਭਾਅ ਡਾਟ-ਕਾਮ ਦੇ ਦਿਨਾਂ ਦੀ ਤਰ੍ਹਾਂ ਹਫ਼ਤਿਆਂ ਦੇ ਅੰਦਰ ਦੁੱਗਣੇ-ਤਿੱਗਣੇ ਹੁੰਦੇ ਜਾ ਰਹੇ ਹਨ। ਹਾਲਾਂਕਿ ਵੱਡੇ ਵਿਦੇਸ਼ੀ ਨਿਵੇਸ਼ਕਾਂ ਲਈ ਆਪਣਾ ਨਿਵੇਸ਼ ਇਕੱਠਾ ਵੇਚਣਾ ਆਸਾਨ ਨਹੀਂ ਹੁੰਦਾ ਕਿਉਂਕਿ ਵੇਚਣ ਦੀ ਭਿਣਕ ਲੱਗਦੇ ਹੀ ਭਾਅ ਅਤੇ ਮੁਨਾਫ਼ਾ ਘਟਣ ਲੱਗਦਾ ਹੈ। ਵਿਡੰਬਨਾ ਇਹ ਹੈ ਕਿ ਉਨ੍ਹਾਂ ਦੀ ਇਹ ਮੁਸ਼ਕਲ ਭਾਰਤ ਵਿਚ ਲੋਕਪ੍ਰਿਆ ਹੋਏ ਮਿਊਚੁਅਲ ਫੰਡਾਂ ਨੇ ਆਸਾਨ ਕੀਤੀ ਹੈ।

ਅਮਰੀਕੀ ਨਿਵੇਸ਼ ਬੈਂਕ ਜੈਫਰੀਜ਼ ਦਾ ਕਹਿਣਾ ਹੈ ਕਿ ਮਿਊਚੁਅਲ ਫੰਡਾਂ ਦੇ ਜ਼ਰੀਏ ਨਿਵੇਸ਼ ਕਰਨ ਵਾਲੇ ਭਾਰਤੀ ਨਿਵੇਸ਼ਕਾਂ ਦੀ ਮੰਗ ਦੀ ਆੜ ਵਿਚ ਵਿਦੇਸ਼ੀ ਨਿਵੇਸ਼ਕ ਆਪਣਾ ਪੈਸਾ ਸ਼ੇਅਰ ਬਾਜ਼ਾਰ ਵਿਚ ਗਿਰਾਵਟ ਲਿਆਏ ਬਿਨਾਂ ਕੱਢ ਕੇ ਉੱਥੇ ਲਗਾ ਰਹੇ ਹਨ ਜਿੱਥੇ ਇਕ ਮਹੀਨੇ ਵਿਚ ਉਨ੍ਹਾਂ ਨੂੰ ਅਜਿਹਾ ਮੁਨਾਫ਼ਾ ਮਿਲ ਰਿਹਾ ਹੈ ਜੋ ਭਾਰਤ ਵਿਚ ਇਕ ਸਾਲ ਵਿਚ ਨਹੀਂ ਮਿਲਦਾ। ਦੂਜਾ ਕਾਰਨ ਖਾੜੀ ਤੋਂ ਪੈਦਾ ਹੋਇਆ ਊਰਜਾ ਸੰਕਟ ਹੈ, ਜਿਸ ਨਾਲ ਭਾਰਤ ਦਾ ਬਜਟ ਗੜਬੜਾਉਣ, ਵਪਾਰ ਘਾਟਾ ਅਤੇ ਮਹਿੰਗਾਈ ਵਧਣ ਅਤੇ ਰੁਪਿਆ ਟੁੱਟਣ ਦਾ ਖ਼ਤਰਾ ਪੈਦਾ ਹੋ ਗਿਆ ਹੈ।



ਰੁਪਏ ਦੇ ਟੁੱਟਣ ਨਾਲ ਵਿਦੇਸ਼ੀ ਨਿਵੇਸ਼ਕਾਂ ਦੇ ਨਿਵੇਸ਼ ਦੀ ਕੀਮਤ ਵੀ ਡਿੱਗਦੀ ਹੈ। ਇਸੇ ਲਈ ਉਹ ਭੱਜ ਰਹੇ ਹਨ। ਰੁਪਏ ਦੇ ਟੁੱਟਣ ਨਾਲ ਸਰਕਾਰ ’ਤੇ ਰਾਜਨੀਤਕ ਦਬਾਅ ਵੀ ਪੈਂਦਾ ਹੈ ਜਿਸ ਨੂੰ ਘਟਾਉਣ ਲਈ ਰਿਜ਼ਰਵ ਬੈਂਕ ਡਾਲਰ ਵੇਚ ਕੇ ਰੁਪਏ ਨੂੰ ਸਹਾਰਾ ਦੇਣ ਦੀ ਕੋਸ਼ਿਸ਼ ਕਰ ਸਕਦਾ ਹੈ ਪਰ ਅੰਤਰਰਾਸ਼ਟਰੀ ਮੁਦਰਾ ਫੰਡ ਦੀ ਸਾਬਕਾ ਉਪ ਨਿਰਦੇਸ਼ਕ ਗੀਤਾ ਗੋਪੀਨਾਥ ਦਾ ਕਹਿਣਾ ਹੈ ਕਿ ਰਿਜ਼ਰਵ ਬੈਂਕ ਨੂੰ ਆਪਣਾ ਲਗਪਗ 700 ਅਰਬ ਡਾਲਰ ਦਾ ਵਿਦੇਸ਼ੀ ਮੁਦਰਾ ਭੰਡਾਰ ਰੁਪਏ ਨੂੰ ਉਭਾਰਨ ਵਿਚ ਬਰਬਾਦ ਨਹੀਂ ਕਰਨਾ ਚਾਹੀਦਾ ਕਿਉਂਕਿ ਸਸਤਾ ਰੁਪਿਆ ਭਾਰਤ ਦੇ ਨਿਰਯਾਤਕਾਂ ਨੂੰ ਲਾਭ ਪਹੁੰਚਾਏਗਾ। ਉਹ ਵਿਦੇਸ਼ੀ ਮੰਡੀਆਂ ਵਿਚ ਸਖ਼ਤ ਮੁਕਾਬਲਾ ਕਰ ਕੇ ਵੱਧ ਮਾਲ ਵੇਚ ਸਕਣਗੇ ਜਿਸ ਨਾਲ ਵਿਦੇਸ਼ੀ ਮੁਦਰਾ ਦੀ ਆਮਦ ਵਧੇਗੀ।

ਹਾਲਾਂਕਿ ਇਸ ਦਾ ਦੂਜਾ ਅਤੇ ਰਾਜਨੀਤਕ ਤੌਰ ’ਤੇ ਖ਼ਤਰਨਾਕ ਪਹਿਲੂ ਇਹ ਹੈ ਕਿ ਰੁਪਿਆ ਸਸਤਾ ਹੋਣ ਨਾਲ ਦਰਾਮਦਾਂ ਮਹਿੰਗੀਆਂ ਹੋਣਗੀਆਂ ਜਿਨ੍ਹਾਂ ਵਿਚ ਤੇਲ ਅਤੇ ਖਾਦ ਮੁੱਖ ਹਨ। ਇਨ੍ਹਾਂ ਨਾਲ ਹਰ ਚੀਜ਼ ਮਹਿੰਗੀ ਹੋਵੇਗੀ ਅਤੇ ਵਿਕਾਸ ਦੀ ਰਫ਼ਤਾਰ ਮੱਠੀ ਪੈ ਸਕਦੀ ਹੈ।

ਤੇਲ ਕੰਪਨੀਆਂ ਨੂੰ ਨਿੱਤ ਦਿਨ ਹੋ ਰਹੇ 750 ਕਰੋੜ ਰੁਪਏ ਦੇ ਘਾਟੇ ਨੂੰ ਘਟਾਉਣ ਲਈ ਜੇ ਪੈਟਰੋਲ, ਡੀਜ਼ਲ ਅਤੇ ਗੈਸ ਦੇ ਭਾਅ ਵਧਾਏ ਗਏ ਤਾਂ ਉਸ ਤੋਂ ਮਿਲੀ ਰਾਹਤ ਨਾਲ ਰੁਪਏ ਦੀ ਗਿਰਾਵਟ ਬੇਅਸਰ ਹੋ ਜਾਵੇਗੀ। ਇਸ ਲਈ ਨੀਤੀ ਆਯੋਗ ਦੇ ਸਾਬਕਾ ਮੁਖੀ ਅਮਿਤਾਬ ਕਾਂਤ ਦਾ ਕਹਿਣਾ ਹੈ ਕਿ ਇਸ ਸੰਕਟ ਨੂੰ ਮੌਕੇ ਵਿਚ ਬਦਲ ਕੇ ਉਹ ਕੰਮ ਪੂਰੇ ਕਰਨੇ ਚਾਹੀਦੇ ਹਨ, ਜੋ ਸਾਨੂੰ ਜਲਵਾਯੂ ਰੱਖਿਆ ਲਈ ਕਰਨੇ ਚਾਹੀਦੇ ਸਨ।

ਤੇਲ ਅਤੇ ਖਾਦ ਦੀਆਂ ਵਧੀਆਂ ਹੋਈਆਂ ਕੀਮਤਾਂ ਕਾਰਨ ਲੋਕ ਦੋਹਾਂ ਦੀ ਕਿਫ਼ਾਇਤ ਕਰਨ ਅਤੇ ਸਵੱਛ ਊਰਜਾ ਅਪਣਾਉਣ ਲਈ ਮਜਬੂਰ ਹੋਣਗੇ। ਇਸ ਨਾਲ ਜਲਵਾਯੂ ਨੂੰ ਬਿਹਤਰ ਬਣਾਉਣ ਦੇ ਨਾਲ-ਨਾਲ ਏਆਈ, ਊਰਜਾ ਅਤੇ ਡਾਟਾ ਸਟੋਰੇਜ ਦੇ ਖੇਤਰਾਂ ਵਿਚ ਨਵੀਆਂ ਖੋਜਾਂ ਦੀ ਪ੍ਰੇਰਨਾ ਮਿਲੇਗੀ। ਅਸਲ ਵਿਚ ਰੁਪਏ ਨੂੰ ਸਥਾਈ ਤੌਰ ’ਤੇ ਤਦ ਹੀ ਉਭਾਰਿਆ ਜਾ ਸਕਦਾ ਹੈ ਜਦ ਨਿਰਯਾਤ ਅਤੇ ਵਿਦੇਸ਼ੀ ਨਿਵੇਸ਼ ਵਧਣ। ਇਹ ਦੋਵੇਂ ਕੰਮ ਆਰਥਿਕ ਅਤੇ ਪ੍ਰਸ਼ਾਸਕੀ ਸੁਧਾਰਾਂ ਤੋਂ ਬਿਨਾਂ ਨਹੀਂ ਹੋ ਸਕਦੇ।

-ਸ਼ਿਵਕਾਂਤ ਸ਼ਰਮਾ

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

## ਨਾ-ਭੁੱਲਣਯੋਗ, ਨਾ-ਬਖਸ਼ਣਯੋਗ

# ਘੱਲੂਘਾਰਾ

# ਜੂਨ 1984

ਭਾਰਤੀ ਹਕੂਮਤ ਵੱਲੋਂ ਸਿੱਖ ਕੌਮ ਉੱਤੇ
ਵਰਤਾਏ ਤੀਜੇ ਘੱਲੂਘਾਰੇ ਦੇ 42 ਸਾਲ

# ਭਾਰੀ ਪੰਥਕ ਇਕੱਠ

## ਅਤੇ ਰੋਹ ਭਰਪੂਰ ਮੁਜ਼ਾਹਰਾ

ਸ਼ਨਿੱਚਰਵਾਰ
6 ਜੂਨ 2026

11am - 3pm

ਭਾਰਤੀ ਅੰਬੈਸੀ
ਵਾਸ਼ਿੰਗਟਨ ਡੀਸੀ
2107 Massachusetts Ave NW,
Washington, DC 20008

ਦਰਬਾਰ ਸਾਹਿਬ ਅਤੇ ਅਨੇਕਾਂ ਹੋਰ ਗੁਰਦੁਆਰਿਆਂ ਉੱਤੇ ਭਾਰਤੀ ਫੌਜ ਵਲੋਂ
ਟੈਂਕਾਂ, ਤੋਪਾਂ, ਗੈਸਾਂ ਨਾਲ ਕੀਤੇ ਹਮਲੇ ਵਿਰੁੱਧ,
ਸਮੂਹ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਿਆਂ ਵੱਲੋਂ
ਸ਼ਹੀਦਾਂ ਵੱਲੋਂ ਵਿੱਢੇ ਸੰਘਰਸ਼ ਨੂੰ ਅੱਗੇ ਤੋਰਦਿਆਂ ਭਾਰੀ ਇਕੱਤਰਤਾ ।

ਸਮੂਹ ਗੁਰਦੁਆਰਾ ਪ੍ਰਬੰਧਕਾਂ ਅਤੇ ਪੰਥਕ ਜੱਥੇਬੰਦੀਆਂ ਨੂੰ ਅਪੀਲ,
ਕੌਮੀ ਸੰਘਰਸ਼ ਅਤੇ ਸ਼ਹੀਦਾਂ ਪ੍ਰਤੀ ਆਪਣਾ ਫਰਜ ਪਛਾਣਦੇ ਹੋਏ
ਸੰਗਤਾਂ ਨੂੰ ਬੱਸਾਂ, ਵੈਨਾਂ ਅਤੇ ਹੋਰ ਸਾਧਨਾਂ ਰਾਹੀਂ ਵੱਡੀ ਤਾਦਾਦ ਵਿੱਚ ਲੈਕੇ
ਇਸ ਇਕੱਤਰਤਾ ਵਿੱਚ ਸ਼ਮੂਲੀਅਤ ਕਰੋ।

### ਬੇਨਤੀ ਕਰਤਾ ਸਮੂਹ ਪੰਥਕ ਜਥੇਬੰਦੀਆਂ

- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
- ਬਾਬਾ ਬੰਦਾ ਸਿੰਘ ਬਹਾਦਰ
- ਇੰਟਰਨੈਸ਼ਨਲ ਸਿੱਖ ਸੁਸਾਇਟੀ
  ਸਿੱਖਸ਼ ਫਾਰ ਜਸਟਿਸ
- ਸਿੱਖ ਯੂਥ ਆਫ ਅਮਰੀਕਾ
- ਦਲ ਖਾਲਸਾ ਯੂਐਸਏ
- ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
- ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ
- ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸ਼ੋਸਾਇਟੀ
- ਪੰਥਕ ਸਿੱਖ ਸ਼ੋਸਾਇਟੀ
- ਸ਼ਹੀਦ ਭਾਈ ਮਨੀ ਸਿੰਘ ਸ਼ੋਸਾਇਟੀ
- ਖਾਲਿਸਤਾਨ ਅਫੇਅਰਜ਼ ਸੈਂਟਰ
- ਅਦਾਰਾ ਟੀ ਵੀ 84
- ਕਾਉਂਸ਼ਿਲ ਆਫ ਖਾਲਿਸਤਾਨ
- ਗੁਰੂ ਰਾਮਦਾਸ ਵੈਲਫੇਅਰ ਸ਼ੋਸਾਇਟੀ ਆਫ ਹਰਿਆਣਾ, ਨਿਊਯਾਰਕ

## ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

੧੫੦. ਸ. ਗੁਰਬਖਸ਼ ਸਿੰਘ ਜੀ ਐਡੀਟਰ 'ਪੰਜਾਬੀ ਪੰਚ', ੧੫੧. ਸ. ਬੀਰ ਸਿੰਘ ਜੀ ਐਡੀਟਰ 'ਪੰਜਾਬੀ ਭੈਣ', ੧੫੨. ਸ. ਰਾਮ ਸਿੰਘ ਜੀ ਧਾਰੋਵਾਲੀਆ 'ਰਾਮਗੜ੍ਹੀਆ ਪੱਤ੍ਰਿਕਾ'।

(ਖ) ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ

੧੫੩. ਗਿ. ਪ੍ਰਤਾਪ ਸਿੰਘ ਜੀ, ੧੫੪. ਭਾ. ਸ਼ੰਕਰ ਸਿੰਘ ਜੀ, ੧੫੫. ਭਾ. ਤੀਰਥ ਸਿੰਘ ਜੀ, ੧੫੬. ਭਾ. ਨਰਿੰਜਨ ਸਿੰਘ ਜੀ 'ਸਰਲ', ੧੫੭. ਭਾ. ਵਸਣ ਸਿੰਘ ਜੀ, ੧੫੮. ਭਾ. ਨਿਹਾਲ ਸਿੰਘ ਜੀ, ੧੫੯. ਭਾ. ਗੁਰਦਾਸ ਸਿੰਘ ਜੀ।

(ਗ) ਅਕਾਲੀ ਜਥੇ

੧੬੦. ਭਾਈ ਸਿੰਘ ਗਿਆਨੀ ਗੜ੍ਹਵਾਲੀਆ, ੧੬੧. ਜਥੇਦਾਰ ਜੀਤ ਸਿੰਘ ਜੀ ਹਿਸਾਰ।

(ਘ) ਸਿੰਘ ਸਭਾਵਾਂ

੧੬੨. ਭਾਈ ਕਰਤਾਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ, ੧੬੩. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਬੁਤਾਲਾ (ਅੰਮ੍ਰਿਤਸਰ) ਨਾਮ ਪੜ੍ਹਿਆ ਨਹੀਂ ਗਿਆ, ੧੬੪. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਫਿਰੋਜ਼ਪੁਰ ਸ਼ਹਿਰ ਨਾਮ ਪੜ੍ਹਿਆ ਨਹੀਂ ਗਿਆ, ੧੬੫. ਭਾਈ ਖੁਸ਼ਹਾਲ ਸਿੰਘ ਜੀ ਗੁਰੂ ਸਿੰਘ ਸਭਾ ਵਜ਼ੀਦਾਬਾਦ, ੧੬੬. ਭਾਈ ਮੋਹਨ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਪਸਰੂਰ (ਸਿਆਲਕੋਟ), ੧੬੭. ਭਾਈ ਰਾਜ ਸਿੰਘ ਨਾਨਕਸਰ ਸਿੰਘ ਸਭਾ ਟੋਬਾ ਟੇਕ ਸਿੰਘ, ੧੬੮. ਡਾਕਟਰ ਹਰਭਜਨ ਸਿੰਘ ਜੀ ਸਿੰਘ ਸਭਾ ਆਗਰਾ, ੧੬੯. ਭਾਈ ਭਗਵਾਨ ਸਿੰਘ ਜੀ ਸਿੰਘ ਸਭਾ ਬਿਲਗਾ (ਜਲੰਧਰ), ੧੭੦. ਭਾਈ ਸਰਧਾ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ।

ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ ਨੇ ਅਰੰਭ ਸਮੇਂ ਅਰਦਾਸਾ ਸੋਧਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ, ਜਿਸ ਦੀ ਪਹਿਲੀ ਤੁਕ ਇਉਂ ਹੈ :

ਧਨਾਸਰੀ ਮਹਲਾ ੧ ਛੰਤ
੧ੴ ਸਤਿਗੁਰ ਪ੍ਰਸਾਦਿ॥
ਤੀਰਥਿ ਨਾਵਣ ਜਾਉ ਤੀਰਥ ਨਾਮੁ ਹੈ॥
ਤੀਰਥੁ ਸ਼ਬਦ ਬੀਚਾਰ ਅੰਤਰਿਕ ਗਿਆਨੁ ਹੈ॥
(ਪੰਨਾ ੬੮੭)

ਕਾਰਵਾਈ ਸ਼ੁਰੂ ਹੋਣ ਤੋਂ ਪਹਿਲੇ ਪ੍ਰਧਾਨ ਸਾਹਿਬ ਨੇ ਸਮਾਗਮ ਨੂੰ ਸੰਬੋਧਨ ਕੀਤਾ ਕਿ ਬੋਲਣ ਵਾਲੇ ਸੱਜਣ ਸਮੇਂ ਦਾ ਖਿਆਲ ਰੱਖਣ ਅਤੇ ਗਿਆਨੀ ਸ਼ੇਰ ਸਿੰਘ ਜੀ ਅਤੇ ਸਰਦਾਰ ਸਿੰਘ ਜੀ ਦੀ ਸਿਧਵਾ ਦੇ ਪੁੱਛਣ ਤੇ ਪ੍ਰੋਫੈਸਰ ਤੇਜਾ ਸਿੰਘ ਜੀ (ਕਨਵੀਨਰ ਬਹੁਰੀਤੀ ਸਬ-ਕਮੇਟੀ) ਨੇ ਉਹ ਫਤਿਕਿਸਤ ਸੁਣਾਈ ਜਿਸ ਅਨੁਸਾਰ ਇਸ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਸੱਜਣਾਂ ਨੂੰ ਸੱਦਾ ਪੱਤਰ ਭੇਜੇ ਗਏ ਸਨ। ਇਸ ਉਪਰੰਤ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਚਹੁਰੀਤ ਸਬ-ਕਮੇਟੀ ਦੀ ਰਿਪੋਰਟ ਸੁਣਾਈ ਅਤੇ ਫਿਰ ਨਿਰਮਲ ਮਹਾਂ ਮੰਡਲ ਅਤੇ ਚੀਫ਼ ਖਾਲਸਾ ਦੀਵਾਨ ਵਲੋਂ ਆਈਆਂ ਪੱਤ੍ਰਕਾਵਾਂ ਸੁਣਾਈਆਂ, ਜਿਨ੍ਹਾਂ ਵਿਚ ਉਪਰੋਕਤ ਜਥਿਆਂ ਨੇ ਇਸ ਸਮਾਗਮ ਵਿਚ ਆਪਣੇ ਸ਼ਾਮਲ ਨਾ ਹੋਣ ਦੀ ਵਜਹ ਦੱਸੀ ਹੋਈ ਸੀ।

ਗਿਆਨੀ ਸ਼ੇਰ ਸਿੰਘ ਜੀ ਨੇ ਕਿਹਾ ਕਿ ਰਹਿਤ ਮਰਯਾਦਾ ਦੀ ਵਿਚਾਰ ਸਮੇਂ ਪਾਰਟੀਬਾਜ਼ੀ ਦਾ ਕੋਈ ਖਿਆਲ ਨਹੀਂ ਹੋਣਾ ਚਾਹੀਦਾ ਅਤੇ ਅਸੀਂ ਵਿਚਾਰ ਵਿਚ ਹਿੱਸਾ ਲਵਾਂਗੇ, ਪਰ ਸੱਦੇ ਪੱਤਰ ਦੀ ਪਾਰਟੀ ਲਾਈਨ 'ਤੇ ਨਹੀਂ ਸਨ ਭੇਜਣੇ ਚਾਹੀਦੇ, ਪ੍ਰੰਤੂ ਐਸਾ ਨਹੀਂ ਕੀਤਾ ਗਿਆ, ਕਿਉਂਕਿ ਖਾਲਸਾ ਅਕਾਲੀ ਦਲ ਨੂੰ ਸੱਦਾ ਪੱਤਰ ਨਹੀਂ ਭੇਜਿਆ ਗਿਆ।




ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਖਾਲਸਾ ਅਕਾਲੀ ਦਲ ਦੀਆਂ ਹਸਤੀਆਂ ਸਬੰਧੀ ਮਾਸਟਰ ਤਾਰਾ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਜੀ ਦੇ ਵਿਚਕਾਰ ਕੁਝ ਬੋਲ ਕੁਬੋਲ ਹੋ ਪਏ। ਪ੍ਰਧਾਨ ਸਾਹਿਬ ਅਤੇ ਗਿਆਨੀ ਠਾਕਰ ਸਿੰਘ ਜੀ ਨੇ ਫੁਰਮਾਇਆ ਕਿ ਅੱਜ ਦੇ ਸਮਾਗਮ ਵਿਚ ਪਾਰਟੀਆਂ ਦੇ ਸਵਾਲ ਨੂੰ ਲਾਂਭੇ ਰੱਖ ਕੇ ਅਸਲੀ ਮਾਮਲੇ ਉਤੇ ਵਿਚਾਰ ਹੋਣੀ ਚਾਹੀਦਾ ਹੈ।

ਪ੍ਰੋਫੈਸਰ ਤੇਜਾ ਸਿੰਘ ਜੀ ਨੇ ਸਮਾਗਮ ਨੂੰ ਸੰਬੋਧਨ ਕੀਤਾ ਕਿ ਕਹੀ ਸੱਜਣ ਅਤੇ ਜਥੇ ਭਾਵੇਂ ਰਹਿਤ ਮਰਯਾਦਾ ਨੀਯਤ ਕਰਨ ਦੇ ਮਾਮਲੇ ਨੂੰ ਲਮਕਾਉਣਾ ਚਾਹੁੰਦੇ ਹਨ, ਪਰ ਇਸ ਦੇ ਪਾਸ ਕਰਨ ਦੀ ਸਖਤ ਜ਼ਰੂਰਤ ਹੈ, ਨਹੀਂ ਤਾਂ ਸਾਡੀ ਰਹਿਤ ਮਰਯਾਦਾ ਇਕ ਨਾ ਹੋਣ ਕਰਕੇ ਅਸੀਂ ਬਹੁਤ ਹਾਸੋਹੀਣ ਹੋ ਰਹੇ ਹਾਂ। ਸਾਡਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਕੁਝ ਪਾਸ ਕਰੀਏ, ਚੰਗੀ ਤੋਂ ਚੰਗੀ ਸ਼ਕਲ ਵਿਚ ਪਾਸ ਕਰੀਏ।

ਗਿਆਨੀ ਸ਼ੇਰ ਸਿੰਘ ਜੀ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਅਤੇ ਨਿਰਮਲੇ ਸੱਜਣਾਂ ਦੇ ਸ਼ਾਮਲ ਹੋਏ ਬਿਨਾਂ ਵੀ ਖਰੜਾ ਪਾਸ ਜ਼ਰੂਰ ਕਰਨਾ ਹੀ ਹੈ? ਸਰਦਾਰ ਅਮਰ ਸਿੰਘ ਜੀ ਲਾਹੌਰ ਨੇ ਕਿਹਾ ਕਿ ਮੁਖਾਲਫਤ ਤਾਂ ਕਿਸੇ ਨਾ ਕਿਸੇ ਵਲੋਂ ਹੁੰਦੀ ਹੀ ਰਹਿਣੀ ਹੈ, ਪਰ ਰਹਿਤ ਮਰਯਾਦਾ ਪਾਸ ਜ਼ਰੂਰ ਕਰਨੀ ਚਾਹੀਦੀ ਹੈ। ਸਰਦਾਰ ਰਦਜੀਤ ਸਿੰਘ ਜੀ ਲਾਇਲਪੁਰ ਨੇ ਕਿਹਾ ਕਿ ਖਰੜੇ ਦੀ ਪਬਲੀਸਿਟੀ ਕਾਫ਼ੀ ਨਹੀਂ ਹੋਈ ਅਤੇ ਚੀਫ਼ ਖਾਲਸਾ ਦੀਵਾਨ ਭੀ ਸ਼ਾਮਲ ਨਹੀਂ ਹੋ ਰਿਹਾ, ਇਸ ਲਈ ਅੱਜ ਹੀ ਫੈਸਲਾ ਨਹੀਂ ਹੋਣਾ ਚਾਹੀਦਾ।

ਪ੍ਰੋਫੈਸਰ ਜੋਧ ਸਿੰਘ ਜੀ ਦਰਿਆਫ਼ਤ ਕੀਤਾ ਕਿ (੧) ਅੱਜ ਦੀ ਕਾਰਵਾਈ ਕਰਨ ਲਈ ਕੀ ਤਰੀਕਾ ਹੋਵੇਗਾ, (੨) ਸ਼੍ਰੋਮਣੀ ਕਮੇਟੀ ਦਾ ਉਹ ਗੁਰਮਤਾ ਸੁਣਾਇਆ ਜਾਵੇ, ਜਿਸ ਅਨੁਸਾਰ ਹਿਹ ਖਰੜਾ ਤਿਆਰ ਹੋ ਰਿਹਾ ਹੈ। (੩) ਕੀ ਪਿਛਲੀ ਪ੍ਰਚਲਤ ਮਰਯਾਦਾ ਨੂੰ ਬਦਲਿਆ ਜਾਣਾ ਹੈ ਕਿ ਜਿਥੇ ਕਿਤੇ ਨੁਕਸ ਹੋਵੇ ਕੇਵਲ ਉਸਨੂੰ ਸੋਧਿਆ ਜਾਵੇਗਾ।

**(ਚਲਦਾ)**

# ਪੀ ਆਰ ਲੈਣ ਲਈ ਛੱਡਣਾ ਪਵੇਗਾ ਅਮਰੀਕਾ - ਟਰੰਪ ਪ੍ਰਸ਼ਾਸਨ ਦਾ ਨਵਾਂ ਨਿਯਮ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਟਰੰਪ ਪ੍ਰਸ਼ਾਸਨ ਨੇ ਗਰੀਨ ਕਾਰਡ ਦੀ ਉਡੀਕ ਕਰ ਰਹੇ ਪ੍ਰਵਾਸੀਆਂ ਲਈ ਇਕ ਨਵਾਂ ਨਿਯਮ ਜਾਰੀ ਕੀਤਾ ਹੈ ਜਿਸ ਤਹਿਤ ਦਰਖਾਸਤ ਪ੍ਰਕ੍ਰਿਆ ਦੌਰਾਨ ਉਨ੍ਹਾਂ ਨੂੰ ਆਪਣੇ ਮੂਲ ਦੇਸ਼ ਵਾਪਿਸ ਜਾਣਾ ਪਵੇਗਾ। ਯੂ ਐਸ ਇਮੀਗ੍ਰੇਸ਼ਨ ਅਥਾਰਿਟੀ ਅਨੁਸਾਰ ਪ੍ਰਵਾਸੀਆਂ ਨੂੰ ਵਾਪਿਸ ਆਪਣੇ ਦੇਸ਼ ਜਾ ਕੇ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਪੱਕੇ ਤੌਰ 'ਤੇ ਰਹਿਣ (ਪੀ ਆਰ) ਤੇ ਵਰਕ ਪਰਮਿਟ ਲਈ ਅਪਲਾਈ ਕਰਨਾ ਪਵੇਗਾ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਇਸ ਨਾਲ ਹਜ਼ਾਰਾਂ ਪ੍ਰਵਾਸੀਆਂ ਦੀ ਜ਼ਿੰਦਗੀ ਬਦਲ ਸਕਦੀ ਹੈ। ਯੂਐਸ ਸਿਟੀਜਨਸ਼ਿੱਪ ਐਂਡ ਇਮੀਗ੍ਰੇਸ਼ਨ ਸਰਵਿਸਜ ਦੇ ਬੁਲਾਰੇ ਜ਼ਾਕ ਕਹਲਰ ਨੇ ਕਿਹਾ ਹੈ ਕਿ ਨਵਾਂ ਨਿਯਮ ਅਸਧਾਰਨ ਹਾਲਾਤ ਵਿੱਚ ਪ੍ਰਵਾਸੀਆਂ ਨੂੰ ਆਪਣੇ ਦੇਸ਼ ਵਾਪਿਸ ਜਾਣ ਤੋਂ ਰਾਹਤ ਵੀ ਦਿੰਦਾ ਹੈ। ਬੁਲਾਰੇ ਨੇ ਕਿਹਾ ਕਿ ਇਸ ਨਵੇਂ ਨਿਯਮ ਨਾਲ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਲੱਭਣ ਦੀ ਲੋੜ ਨਹੀਂ ਪਵੇਗੀ ਜਾਂ ਘੱਟ ਜਾਵੇਗੀ। ਸ਼ੁੱਕਰਵਾਰ ਨੂੰ ਜਾਰੀ ਕੀਤੇ ਨਵੇਂ ਕਾਨੂੰਨ ਦੀ ਇਮੀਗ੍ਰੇਸ਼ਨ ਵਕੀਲਾਂ ਤੇ ਸਾਂਸੰਦਾਂ ਨੇ ਅਲੋਚਨਾ ਕੀਤੀ ਹੈ। ਇਲੀਨੋਇਸ ਤੋਂ ਡੈਮੋਕਰੈਟਿਕ ਪ੍ਰਤੀਨਿੱਧ ਡੇਲੀਆ ਸੀ ਰਾਮੀਰੇਜ਼ ਨੇ ਕਿਹਾ ਹੈ ਕਿ ਇਹ ਨੀਤੀ ਬਹੁਤ ਘਿਣਾਉਣੀ ਹੈ ਜਿਸ ਨਾਲ ਹੋਮਲੈਂਡ ਸਕਿਉਰਿਟੀ ਵਿਭਾਗ ਖੇਰੂੰ-ਖੇਰੂੰ ਹੋ ਜਾਵੇਗਾ। ਐਰੀਜ਼ੋਨਾ ਤੋਂ ਡੈਮੋਕਰੈਟਿਕ ਪ੍ਰਤੀਨਿੱਧ ਗਰੇਗ ਸਟਾਨਟੋਨ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਨੇ ਅਸਲ ਵਿੱਚ ਕਾਨੂੰਨੀ ਪ੍ਰਵਾਸ ਨੂੰ ਸਖਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦਕਿ ਪਹਿਲਾਂ ਹੀ ਵਰਕ ਵੀਜ਼ਾ ਪ੍ਰੋਗਰਾਮ ਤਹਿਤ ਖੋਜੀਆਂ, ਡਾਕਟਰਾਂ ਤੇ ਇੰਜੀਨੀਅਰਾਂ ਨੂੰ ਬੁਲਾਉਣ ਲਈ ਸਾਡੇ ਵਰਕ ਵੀਜ਼ਾ ਪ੍ਰੋਗਰਾਮ ਹਨ। ਕਾਟੋ ਇੰਸਟੀਚਿਊਟ ਵਿਖੇ ਇਮੀਗ੍ਰੇਸ਼ਨ ਸਟੱਡੀਜ਼ ਦੇ ਡਾਇਰੈਕਟਰ ਏਵਿਡ ਜੀ ਬੀਏਰ ਨੇ ਕਿਹਾ ਹੈ ਕਿ ਇਸ ਨਾਲ ਲੋਕ ਦੂਸਰੇ ਦੇਸ਼ਾਂ ਵੱਲ ਰੁਖ ਕਰਨਗੇ ਤੇ ਅਮਰੀਕਾ ਕਾਰੋਬਾਰ ਦੇ ਨਜ਼ਰੀਏ ਤੋਂ ਘੱਟ ਮੁਕਾਬਲੇ ਵਾਲੀ ਜਗਾ ਰਹਿ ਜਾਵੇਗਾ। ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਗਰੀਨ ਕਾਰਡ ਲਈ ਅਪਲਾਈ ਕਰਨਾ ਹੋਰ ਵੀ ਕਠਿਨ ਹੋ ਜਾਵੇਗਾ ਕਿਉਂਕਿ ਇਹ ਪ੍ਰਕ੍ਰਿਆ ਮੁਕੰਮਲ ਹੋਣ ਲਈ ਕਈ ਮਹੀਨੇ ਜਾਂ ਸਾਲ ਲੱਗ ਜਾਣਗੇ।

# ਕੈਲੀਫੋਰਨੀਆ ਸੈਨੇਟ ਵੱਲੋਂ 'ਜੈਕਾਰਾ ਮੂਵਮੈਂਟ' ਨੂੰ '2026 ਨਾਨ-ਪ੍ਰੋਫਿਟ ਆਫ ਦਿ ਈਅਰ' ਸਨਮਾਨ

ਸੈਕਰਾਮੈਂਟੋ: ਪੰਜਾਬੀ ਅਤੇ ਸਿੱਖ ਨੌਜਵਾਨਾਂ ਦੀ ਪ੍ਰਮੁੱਖ ਸੰਸਥਾ 'ਜੈਕਾਰਾ ਮੂਵਮੈਂਟ' ਨੂੰ ਸੈਨੇਟਰ ਐਨਾ ਐਮ. ਕਾਬਾਯੇਰੋ ਵੱਲੋਂ ਸੈਨੇਟ ਡਿਸਟ੍ਰਿਕਟ 14 ਲਈ '2026 ਕੈਲੀਫੋਰਨੀਆ ਨਾਨ-ਪ੍ਰੋਫਿਟ ਆਫ ਦਿ ਈਅਰ' ਵਜੋਂ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਸੰਸਥਾ ਵੱਲੋਂ ਸੈਂਟਰਲ ਵੈਲੀ ਵਿੱਚ ਸਿੱਖਿਆ, ਨੌਜਵਾਨ ਲੀਡਰਸ਼ਿਪ ਅਤੇ ਨਾਗਰਿਕ ਅਧਿਕਾਰਾਂ ਲਈ ਕੀਤੇ ਗਏ ਕਾਰਜਾਂ ਦੀ ਵੱਡੀ ਮਾਨਤਾ ਹੈ।

ਜੈਕਾਰਾ ਮੂਵਮੈਂਟ ਨੇ ਇਸ ਇਤਿਹਾਸਕ ਪ੍ਰਾਪਤੀ ਦਾ ਸਿਹਰਾ ਸਮੁੱਚੀ ਸੰਗਤ, ਭੁਝੰਗੀ ਕੈਂਪਾਂ ਦੇ ਮਾਪਿਆਂ, ਸੇਵਾਦਾਰਾਂ ਅਤੇ ਦਾਨੀਆਂ ਦੇ ਸਿਰ ਬੰਨ੍ਹਿਆ ਹੈ। ਸੰਸਥਾ ਨੇ ਸੈਨੇਟਰ ਕਾਬਾਯੇਰੋ ਦਾ ਵਿਸ਼ੇਸ਼ ਧੰਨਵਾਦ ਕੀਤਾ, ਜੋ 'ਪਰਦੇਸੀ ਦਮਨ' (transnational repression) ਦੇ ਖਿਲਾਫ ਅਤੇ 1984 ਦੀ ਯਾਦ ਵਿੱਚ ਕੱਢੇ ਮਾਰਚਾਂ ਦੌਰਾਨ ਭਾਈਚਾਰੇ ਨਾਲ ਚੱਟਾਨ ਵਾਂਗ ਖੜ੍ਹੇ ਰਹੇ।

ਸੰਸਥਾ ਨੇ ਕਿਹਾ ਕਿ ਸੱਜੇਪੱਖੀ ਨਸਲਵਾਦੀਆਂ ਅਤੇ ਹਿੰਦੂਤਵ ਕੱਟੜਪੰਥੀਆਂ ਦੇ ਵਿਰੋਧ ਦੇ ਬਾਵਜੂਦ, ਉਹ ਚੜ੍ਹਦੀ ਕਲਾ ਵਿੱਚ ਰਹਿ ਕੇ ਬੱਚਿਆਂ ਦੀ ਪੜ੍ਹਾਈ, ਸੱਭਿਆਚਾਰਕ ਸੰਭਾਲ ਅਤੇ ਇਨਸਾਫ਼ ਦੀ ਲੜਾਈ ਵਰਗੇ ਆਪਣੇ ਸੇਵਾ ਕਾਰਜ ਨਿਰੰਤਰ ਜਾਰੀ ਰੱਖਣਗੇ ਕਿਉਂਕਿ ਐਵਾਰਡ ਨਹੀਂ, ਬਲਕਿ 'ਸਾਡਾ ਕੰਮ ਹੀ ਸਾਡੀ ਪਛਾਣ ਹੈ।'



# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੋ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੋ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਭਾਈ ਮਹਿੰਦਰ ਸਿੰਘ ਜੀ ਨੂੰ ਹਰ ਰੋਜ਼ ਸੱਪ ਮਿਲਣਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਨ੍ਹਾਂ ਦਿਨਾਂ ਦੀ ਹੀ ਹੱਡ-ਬੀਤੀ ਘਟਨਾ ਭਾਈ ਮਹਿੰਦਰ ਸਿੰਘ ਜੀ ਜੋ ਕਿ ਬਾਬਾ ਜੀ ਦੀ ਜੀਪ ਦੇ ਡਰਾਈਵਰ ਸਨ, ਨੇ ਦੱਸੀ ਕਿ ਬਾਬਾ ਜੀ ਕਿਸੇ ਕੰਮ ਗੁਰਦੁਆਰਾ ਸਾਹਿਬ ਤੋਂ ਬਾਹਰ ਗਏ ਹੋਏ ਸਨ ਕਿ ਗੁਫ਼ਾ ਵਿੱਚ ਇੱਕ ਬਹੁਤ ਭਾਰੀ ਫ਼ਨੀਅਰ ਸੱਪ ਆ ਵੜਿਆ। ਗੁਰਦੁਆਰਾ ਸਾਹਿਬ ਦੇ ਸੇਵਾਦਾਰ ਅਤੇ ਦੋ-ਚਾਰ ਹੋਰ ਪ੍ਰੇਮੀ ਉਸ ਸੱਪ ਨੂੰ ਮਾਰਨ ਦਾ ਯਤਨ ਕਰ ਰਹੇ ਸਨ। ਗੁਫ਼ਾ ਵਿੱਚ ਹਨ੍ਹੇਰਾ ਸੀ। ਸੱਪ ਕਾਫ਼ੀ ਵੱਡਾ ਤੇ ਖ਼ਤਰਨਾਕ ਹੋਣ ਕਾਰਨ ਗੁਫ਼ਾ ਅੰਦਰ ਵੜਨ ਦਾ ਕੋਈ ਵੀ ਹੀਆ ਨਹੀਂ ਸੀ ਕਰਦਾ। ਸਾਰਿਆਂ ਨੇ ਸਲਾਹ ਬਣਾਈ ਕਿ ਗੈਸ ਜਗਾ ਕੇ ਲੋਅ ਦਾ ਪ੍ਰਬੰਧ ਕੀਤਾ ਜਾਵੇ। ਇੱਕ ਪ੍ਰੇਮੀ ਗੈਸ ਜਗਾ ਕੇ ਲੈ ਆਇਆ। ਦੋ-ਤਿੰਨ ਸੇਵਾਦਾਰਾਂ ਨੇ ਬਿਜਲੀ ਦੀਆਂ ਤਾਰਾਂ ਮੁਹਰਿਉਂ ਨੰਗੀਆਂ ਕਰਕੇ ਲੰਬੇ ਬਾਂਸ ਨਾਲ ਬੰਨ੍ਹ ਕੇ ਲੈ ਆਂਦੀਆਂ ਤਾਂ ਜੋ ਦੂਰੋਂ ਹੀ ਸੱਪ ਨੂੰ ਬਿਜਲੀ ਦਾ ਕਰੰਟ ਲਾ ਕੇ ਮਾਰ ਦਿੱਤਾ ਜਾਵੇ। ਜਗਦਾ ਗੈਸ ਗੁਫ਼ਾ ਅੰਦਰ ਲੱਕੜ ਵਿੱਚ ਅੜਾ ਕੇ ਰੱਖ ਦਿੱਤਾ, ਪਲੰਘ ਵਿੱਚ ਤਾਰਾਂ ਲਾ ਕੇ ਇੱਕ ਪ੍ਰੇਮੀ ਨੇ ਸੱਪ ਨੂੰ ਕਰੰਟ ਲਾਇਆ। ਜਿਉਂ ਹੀ ਸੱਪ ਨੂੰ ਕਰੰਟ ਲੱਗਾ ਤਾਂ ਉਸ ਨੇ ਐਨੇ ਜ਼ੋਰ ਦੀ ਫ਼ੁੰਕਾਰਾ ਮਾਰਿਆ ਕਿ ਗੈਸ ਬੁਝ ਗਿਆ, ਸਾਰੇ ਪ੍ਰੇਮੀ ਡਰ ਕੇ ਭੈ-ਭੀਤ ਹੋ ਗਏ। ਮਹਿੰਦਰ ਸਿੰਘ ਨੇ ਦੱਸਿਆ ਕਿ ਮੈਂ ਸਾਰਿਆਂ ਨੂੰ ਕਿਹਾ, ਤੁਸੀਂ ਹਟ ਜਾਉ, ਮੈਂ ਇਸ ਨੂੰ ਮਾਰਦਾ ਹਾਂ। ਇੱਕ ਬੋਰੀ ਲੈ ਕੇ ਮਿੱਟੀ ਦੇ ਤੇਲ ਨਾਲ ਭਿਉਂ ਲਈ, ਉਸ ਨੂੰ ਬਾਂਸ ਉੱਪਰ ਰੱਖ ਕੇ ਅੱਗ ਲਾ ਲਈ ਅਤੇ ਅੱਗ ਨਾਲ ਸੜਦੀ ਬੋਰੀ ਸੱਪ ਉੱਪਰ ਸੁੱਟ ਦਿੱਤੀ ਜਿਸ ਨਾਲ ਸੱਪ ਸੜ ਕੇ ਮਰ ਗਿਆ।

ਸ਼ਾਮ ਨੂੰ ਜਦੋਂ ਬਾਬਾ ਜੀ ਆਏ ਤਾਂ ਸੰਗਤ ਨੇ ਸੱਪ ਮਾਰਨ ਦੀ ਸਾਰੀ ਵਿਥਿਆ ਬਾਬਾ ਜੀ ਨੂੰ ਦੱਸੀ। ਬਾਬਾ ਜੀ ਸਾਰੀ ਸੰਗਤ ਨੂੰ ਬਹੁਤ ਗੁੱਸੇ ਹੋਏ। ਖ਼ਾਸ ਕਰਕੇ ਮਹਿੰਦਰ ਸਿੰਘ ਨੂੰ ਕੋਲ ਸੱਦ ਕੇ ਕਹਿਣ ਲੱਗੇ, ਤੂੰ ਬਹੁਤ ਮਾੜਾ ਕੰਮ ਕੀਤਾ ਹੈ। ਜੇ ਭਲਾ ਸੱਪ ਗੁਫ਼ਾ ਵਿੱਚ ਵੜ ਹੀ ਗਿਆ ਸੀ, ਉਸ ਨੂੰ ਉੱਥੇ ਰਹਿਣ ਦਿੰਦੇ, ਮੈਂ ਕਿਹੜਾ ਵਿਦੇਸ਼ ਚਲਾ ਗਿਆ ਸੀ, ਆ ਹੀ ਜਾਣਾ ਸੀ। ਕੋਈ ਵੀ ਇਹੋ ਜਿਹਾ ਕੰਮ ਕਰਨਾ ਹੋਵੇ ਤਾਂ ਪੁੱਛ ਕੇ ਕਰੀਦਾ ਹੈ। ਬਾਬਾ ਜੀ ਥੋੜ੍ਹੀ ਦੇਰ ਚੁੱਪ ਰਹੇ ਫਿਰ ਕਹਿਣ ਲੱਗੇ ਅੱਛਾ, ਜੋ ਹੋਣਾ ਸੀ ਸੋ ਹੋ ਗਿਆ ਅਗਾਂਹ ਖ਼ਿਆਲ ਰੱਖਣਾ। ਮਹਿੰਦਰ ਸਿੰਘ ਜੀ ਦੱਸਦੇ ਸਨ ਕਿ ਉਸ ਤੋਂ ਬਾਅਦ ਮੈਂ ਜਦੋਂ ਵੀ ਗੁਰਦੁਆਰਾ ਸਾਹਿਬ ਤੋਂ ਪਿੰਡ ਜਾਣਾ ਤਾਂ ਹਰ ਰੋਜ਼ ਰਸਤੇ ਵਿੱਚ ਸੱਪ ਮਿਲਣਾ। ਲਗਾਤਾਰ ਤਿੰਨ ਚਾਰ ਦਿਨ ਜਦੋਂ ਇਸੇ ਤਰ੍ਹਾਂ ਹੋਇਆ ਤਾਂ ਮੈਂ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਮੈਨੂੰ ਹਰ ਰੋਜ਼ ਰਸਤੇ ਵਿੱਚ ਸੱਪ ਮਿਲਦਾ ਹੈ। ਬਾਬਾ ਜੀ ਨੇ ਹੁਕਮ ਕੀਤਾ ਕਿ ਇੱਕੀ ਦਿਨ ਮੂਲ-ਮੰਤ੍ਰ ਦੀਆਂ ਦੋ ਮਾਲਾ ਇੱਕ ਸਵੇਰ ਤੇ ਇੱਕ ਸ਼ਾਮੀਂ ਪ੍ਰੇਮ ਨਾਲ ਕਰਕੇ ਸਤਿਗੁਰੂ ਜੀ ਪਾਸੋਂ ਅਰਦਾਸ ਰੂਪ ਵਿੱਚ ਖਿਮਾ ਮੰਗੀਂ, ਤਦ ਇਹ ਤੇਰਾ ਖਹਿੜਾ ਛੱਡਣਗੇ। ਜਿਸ ਦਿਨ ਮਾਲਾਂ ਪੂਰੀਆਂ ਹੋ ਜਾਣ ਤਦ ਕੜਾਹ ਪ੍ਰਸ਼ਾਦ ਦੀ ਦੇਗ ਬਣਵਾ, ਸਵਾ ਰੁਪਿਆ ਸਤਿਗੁਰੂ ਜੀ ਦੀ ਗੋਲਕ ਵਿੱਚ ਪਾ ਕੇ ਅਰਦਾਸ ਕਰਾਈਂ। ਸੋ ਭਾਈ ਮਹਿੰਦਰ ਸਿੰਘ ਜੀ ਨੇ ਜਿਸ ਦਿਨ ਮੂਲ-ਮੰਤ੍ਰ ਦਾ ਜਾਪ ਅਰੰਭ ਕੀਤਾ, ਉਸ ਦਿਨ ਤੋਂ ਹੀ ਮੁੜ ਸੱਪ ਨਹੀਂ ਮਿਲਿਆ ਤੇ ਸਾਰਾ ਨਿਯਮ ਪੂਰਾ ਕਰਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਦੇਗ ਤਿਆਰ ਕਰਕੇ



੧ੴ ਸਤਿਗੁਰ ਪ੍ਰਸਾਦਿ ॥

ਸੋ ਕਿਨੇਹਿਆ ?

ਜੀਵਨ-ਗਾਥਾ

ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ

(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ

ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)

ਫੋਨ ਨੰ: +91-1886-260334, 98767-60334

Website : www.RamPurKhera.com | Email : RamPurKhera@yahoo.ca

3

ਅਰਦਾਸ ਕਰਵਾਈ ਅਤੇ ਪਸ਼ਚਾਤਾਪ ਕਰ ਕੇ ਮੁਆਫ਼ੀ ਮੰਗੀ।

**ਜੀਵਾਂ ਨੂੰ ਨਜਾਇਜ਼ ਤੰਗ ਕਰਨ ਤੇ ਪਰਮੇਸ਼ਰ ਵੱਲੋਂ ਕਰੋਪੀ ਹੁੰਦੀ ਹੈ**

ਬਾਬਾ ਜੀ ਦੀ ਛੱਪਰੀ ਦੇ ਸਾਮ੍ਹਣੇ ਉੱਤਰ ਵਾਲੇ ਪਾਸੇ ਜੋ ਖੇਤ ਸਨ, ਇੱਕ ਦਿਨ ਉਸ ਖੇਤ ਵਿੱਚ ਇੱਕ ਪ੍ਰੇਮੀ ਨੇ ਸਵੇਰੇ ਤੜਕੇ ਤੋਂ ਹਲ਼ ਵਾਹੁਣਾ ਸ਼ੁਰੂ ਕੀਤਾ ਹੋਇਆ ਸੀ। ਭਾਦਰੋਂ ਮਹੀਨੇ ਦਾ ਹੁੰਮਸ ਭਰਿਆ ਦਿਨ ਸੀ, ਗਰਮੀ ਬਹੁਤ ਪੈ ਰਹੀ ਸੀ, ਸਿਖ਼ਰ ਦੁਪਹਿਰ ਦਾ ਸਮਾਂ ਹੋ ਗਿਆ। ਉਹ ਪ੍ਰੇਮੀ ਆਪ ਵੀ ਪਸੀਨੋ-ਪਸੀਨੀ ਹੋਇਆ, ਭੁੱਖੇ ਤ੍ਰਿਹਾਏ ਡੰਗਰਾਂ ਨੂੰ ਮਾਰ-ਕੁੱਟ ਕਰਦਾ ਉਨ੍ਹਾਂ ਪਾਸੋਂ ਹਲ਼ ਦੀ ਵਗਾਰ ਲੈ ਰਿਹਾ ਸੀ। ਦੋਵੇਂ ਡੰਗਰ ਜੀਭਾਂ ਕੱਢੀ ਆਪਣੀ ਬੇਵੱਸੀ ਦਾ ਪ੍ਰਗਟਾਵਾ ਕਰ ਰਹੇ ਸਨ। ਬਾਬਾ ਜੀ ਨੇ ਛੱਪਰੀ ਤੋਂ ਬਾਹਰ ਆ ਕੇ ਦੇਖਿਆ ਤਾਂ ਪਸ਼ੂਆਂ ਦੀ ਹਾਲਤ ਬਹੁਤ ਤਰਸਯੋਗ ਸੀ। ਮਨ ਵਿੱਚ ਦਇਆ ਆਈ ਤੇ ਮਨ ਬਣਾ ਲਿਆ ਕਿ ਜਦੋਂ ਹੁਣ ਇਹ ਹਲ਼ ਦਾ ਫੇਰਾ ਲੈ ਕੇ ਸਾਡੇ ਕੋਲ ਆਇਆ ਤਾਂ ਅਸੀਂ ਬੇਨਤੀ ਜ਼ਰੂਰ ਕਰ ਦੇਣੀ ਹੈ ਕਿ ਰਹਿੰਦਾ ਕੰਮ ਜ਼ਰਾ ਗਰਮੀ ਹਟੀ ਤੇ ਸ਼ਾਮ ਨੂੰ ਕਰ ਲਵੇ, ਇਨ੍ਹਾਂ ਪਸ਼ੂਆਂ ਨੂੰ ਛੱਡ ਕੇ ਪੱਠੇ-ਪਾਣੀ ਦੀ ਸੇਵਾ ਕਰੇ ਅਤੇ ਥੋੜ੍ਹਾ ਅਰਾਮ ਕਰਨ ਦੇਵੇ। ਮਨ ਬਣਾ ਕੇ ਆਪ ਜੀ ਉਸ ਦੇ ਕੋਲ ਗਏ, ਮਨ ਵਿੱਚ ਜੋ ਪਸ਼ੂਆਂ ਪ੍ਰਤੀ ਦਇਆ ਦਾ ਫੁਰਨਾ ਬਣਿਆ ਸੀ, ਉਹ ਕਹਿ ਦਿੱਤਾ। ਅੱਗੋਂ ਉਸ ਨੇ ਉੱਤਰ ਦਿੱਤਾ ਕਿ ਮੈਂ ਵੀ ਸਵੇਰ ਦਾ ਇਹਨਾਂ ਦੇ ਨਾਲ ਹੀ ਲੱਗਾ ਹੋਇਆ ਹਾਂ, ਤੁਸੀਂ ਆਪਣਾ ਕੰਮ ਕਰੀ ਚਲੋ, ਜੱਟਾਂ ਦੇ ਕੰਮ ਵਿੱਚ ਦਖ਼ਲ ਨਹੀਂ ਦੇਈਦਾ। ਐਂਧੇ ਕੁ ਘੰਟੇ ਪਿਛੋਂ ਮਨ ਵਿੱਚ ਫਿਰ ਵਿਚਾਰ ਆਈ ਕਿ ਪਸ਼ੂ ਤਾਂ ਵਿਚਾਰੇ ਬੇ-ਜ਼ੁਬਾਨੇ ਹਨ। ਇਹ ਸੱਜਣ ਅੜੀਅਲ ਬਿਰਤੀ ਵਿੱਚ ਪਸ਼ੂਆਂ ਪਾਸੋਂ, ਉਨ੍ਹਾਂ ਦੀ ਵਿੱਤ ਤੋਂ ਜ਼ਿਆਦਾ ਕੰਮ ਲੈ ਰਿਹਾ ਹੈ। ਅਤਿ ਦੀ ਗਰਮੀ ਹੈ, ਜੇ ਉਹ ਵਿਚਾਰੇ ਬੇਵੱਸ ਹਨ ਤਾਂ ਸਾਨੂੰ ਆਪ ਹੀ ਉਹਨਾਂ ਦੇ ਦੁੱਖ-ਸੁੱਖ ਦਾ ਖਿਆਲ ਰੱਖਣਾ ਚਾਹੀਦਾ ਹੈ। ਮਨ ਬਣਾ ਕੇ ਫਿਰ ਉਸ ਨੂੰ ਜਾ ਬੇਨਤੀ ਕੀਤੀ ਕਿ ਸਾਡੀ ਬੇਨਤੀ ਮੰਨ ਕੇ ਇਨ੍ਹਾਂ ਨੂੰ ਛੱਡ ਦੇਵੋ, ਨਾਲ ਹੀ ਕਿਹਾ ਕਿ ਫ਼ਸਲ ਦੇਣੀ ਜਾਂ ਬਰਕਤ ਪਾਉਣੀ ਤਾਂ ਪਰਮੇਸ਼ਰ ਦੇ ਵੱਸ ਵਿੱਚ ਹੈ। ਜੇ ਉਸ ਨੇ ਦੇਣਾ ਹੀ ਹੈ ਤਾਂ ਇਹ ਜ਼ਰੂਰੀ ਨਹੀਂ ਕਿ ਜ਼ਿਆਦਾ ਵਾਹੁਣ ਨਾਲ ਹੀ ਦੇਵੇ, ਨਾਲੇ ਜਦੋਂ ਅਸੀਂ ਇਨ੍ਹਾਂ ਪਸ਼ੂਆਂ ਨੂੰ ਜ਼ਿਆਦਾ ਤੰਗ ਕਰਾਂਗੇ ਤਾਂ ਬੇ-ਜ਼ੁਬਾਨਾਂ ਦੀ ਹਾਅ ਪੈ ਜਾਂਦੀ ਹੈ। ਪਰ ਉਸ ਪ੍ਰੇਮੀ ਨੇ ਇਹ ਗੱਲ ਵੀ ਸੁਣੀ ਅਣਸੁਣੀ ਕਰਕੇ ਦੂਸਰੇ ਕੰਨੋਂ ਕੱਢ ਦਿੱਤੀ ਸਗੋਂ ਉੱਤਰ ਦਿੱਤਾ ਕਿ ਜ਼ਿਮੀਂਦਾਰ ਦੀ ਤਾਂ ਜੇ ਮਾਂ ਵੀ ਮਰ ਜਾਵੇ ਤਾਂ ਉਹ ਵੀ ਆਪਣਾ ਵੱਤਰ ਸਾਂਭ ਕੇ ਹੀ ਉਸ ਦਾ ਸਸਕਾਰ ਕਰਦਾ ਹੈ। ਬਾਬਾ ਜੀ ਨੇ ਕਿਹਾ ਕਿ ਅਸੀਂ ਆਪਣਾ ਫ਼ਰਜ਼ ਪੂਰਾ ਕਰ ਦਿੱਤਾ ਹੈ, ਅੱਗੋਂ ਤੇਰੀ ਮਰਜ਼ੀ। ਉਹ ਪ੍ਰੇਮੀ ਆਪਣੀ ਧੁਨ ਵਿੱਚ ਲੱਗਾ ਰਿਹਾ ਅਤੇ ਕਾਫ਼ੀ ਸਮੇਂ ਬਾਅਦ ਖੇਤ ਨੂੰ ਸੁਹਾਗਾ ਮਾਰ ਕੇ ਸਾਰਾ ਕੰਮ ਮੁਕਾ ਕੇ ਗਿਆ। ਪਸ਼ੂ ਬਹੁਤ ਤ੍ਰਿਹਾਏ ਹੋਏ ਸਨ, ਇੱਕ ਨੇ ਜਾਂਦਿਆਂ ਹੀ ਜ਼ਬਰਦਸਤੀ ਪਾਣੀ ਪੀ ਲਿਆ ਜਿਸ ਕਰਕੇ ਉਹ ਬੀਮਾਰ ਪੈ ਗਿਆ, ਜਿਸ ਦਾ ਕਾਫ਼ੀ ਇਲਾਜ ਕਰਾਉਣਾ ਪਿਆ। ਦਾਸ ਦੇ ਅੱਖੀਂ ਦੇਖਣ ਦੀ ਗੱਲ ਹੈ ਕਿ ਜਿਸ ਖੇਤ ਵਿੱਚ ਕਾਫ਼ੀ ਫ਼ਸਲ ਹੁੰਦੀ ਸੀ, ਉਸ ਖੇਤ ਵਿੱਚੋਂ ਕੁਝ ਗਿਣਤੀ ਦੀਆਂ ਭਰੀਆਂ ਹੋਈਆਂ। ਉਨ੍ਹਾਂ ਦੇ ਪਿਤਾ ਜੀ ਜੋ ਕਾਫ਼ੀ ਗੁਰਮੁਖ ਸਨ, ਨੇ ਆਪਣੇ ਪੁੱਤਰਾਂ ਨੂੰ ਪੁੱਛਿਆ ਕਿ ਇਸ ਖੇਤ ਵਿੱਚ ਤੁਸੀਂ ਐਨੀ ਜ਼ਿਆਦਾ ਵਾਹੀ ਵੀ ਕੀਤੀ ਅਤੇ ਸਾਰੀ ਸਾਰ-ਸੰਭਾਲ ਵੀ ਪਿਛਲੇ ਸਾਲਾਂ ਨਾਲੋਂ ਜ਼ਿਆਦਾ ਕੀਤੀ ਸੀ ਪਰ ਫ਼ਸਲ ਨਾ-ਮਾਤਰ ਹੀ ਹੋਈ ਹੈ, ਇਸ ਦਾ ਕੀ ਕਾਰਨ ?

(ਚਲਦਾ)

# ਜਸਪ੍ਰੀਤ ਕੌਰ ਸਿੱਧੂ ਨੇ ਕੈਨੇਡਾ ਪੁਲਿਸ 'ਤੇ ਕੀਤਾ 80 ਮਿਲੀਅਨ ਦਾ ਮੁਕੱਦਮਾ

## ਹਮਲਾਵਰਾਂ ਨੇ ਮਾਪਿਆਂ ਦਾ ਕੀਤਾ ਸੀ ਕਤਲ, ਧੀ ਨੂੰ ਲੱਗੀਆਂ ਸਨ 13 ਗੋਲੀਆਂ

ਵਿਨੀਪੈਗ : ਕੈਨੇਡਾ 'ਚ ਰਹਿ ਰਹੀ ਇੱਕ ਪੰਜਾਬੀ ਮੁਟਿਆਰ ਜਸਪ੍ਰੀਤ ਕੌਰ ਸਿੱਧੂ (31) ਨੇ ਕੈਨੇਡਾ ਪੁਲੀਸ ਵਿਰੁੱਧ ਲਾਪਰਵਾਹੀ ਦਾ ਦੋਸ਼ ਲਗਾਉਂਦੇ ਹੋਏ 80 ਮਿਲੀਅਨ ਕੈਨੇਡੀਅਨ ਡਾਲਰ (ਕਰੀਬ 558.4 ਕਰੋੜ ਰੁਪਏ) ਦੇ ਹਰਜਾਨੇ ਦਾ ਕੇਸ ਦਾਇਰ ਕੀਤਾ ਹੈ। ਜਸਪ੍ਰੀਤ ਦਾ ਦੋਸ਼ ਹੈ ਕਿ ਪੁਲੀਸ ਦੀ ਅਣਗਹਿਲੀ ਕਾਰਨ ਉਸ ਦੇ ਮਾਪਿਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਅਤੇ ਉਹ ਖ਼ੁਦ ਵੀ ਮੌਤ ਦੇ ਮੂੰਹੋਂ ਵਾਪਸ ਆਈ ਹੈ।

ਮਾਰੇ ਗਏ ਇੱਕ ਬਜ਼ੁਰਗ ਪੰਜਾਬੀ ਜੋੜੇ ਦੇ ਬੱਚਿਆਂ ਨੇ ਕੈਨੇਡੀਅਨ ਪੁਲੀਸ ਦੀ ਵੱਡੀ ਲਾਪਰਵਾਹੀ ਖ਼ਿਲਾਫ਼ ਅਦਾਲਤ ਵਿੱਚ ਕਰੋੜਾਂ ਰੁਪਏ ਦਾ ਕੇਸ ਦਰਜ ਕਰਵਾਇਆ ਹੈ। ਪੰਜਾਬੀ ਮੂਲ ਦੇ ਭਰਾ-ਭੈਣ ਨੇ ਪੀਲ ਰਿਜਨਲ ਪੁਲੀਸ (PRP) ਵਿਰੁੱਧ 80 ਮਿਲੀਅਨ ਕੈਨੇਡੀਅਨ ਡਾਲਰ (ਕਰੀਬ 558.4 ਕਰੋੜ ਰੁਪਏ) ਦੇ ਹਰਜਾਨੇ (Damages) ਦੀ ਮੰਗ ਕੀਤੀ ਹੈ। ਇਹ ਮੁਕੱਦਮਾ ਉਨ੍ਹਾਂ ਦੇ ਵਕੀਲ ਫਰੈਡਰਿਕ ਸ਼ੂਮੈਨ ਰਾਹੀਂ ਦਾਇਰ ਕੀਤਾ ਗਿਆ ਹੈ। ਪਰਿਵਾਰ ਦਾ ਦੋਸ਼ ਹੈ ਕਿ ਪੁਲੀਸ ਨੂੰ ਸੰਭਾਵੀ ਖ਼ਤਰੇ ਬਾਰੇ ਪਤਾ ਸੀ, ਪਰ ਉਨ੍ਹਾਂ ਨੇ ਪਰਿਵਾਰ ਨੂੰ ਅਲਰਟ ਨਹੀਂ ਕੀਤਾ।

ਇਹ ਦਰਦਨਾਕ ਘਟਨਾ 20 ਨਵੰਬਰ 2023 ਦੀ ਹੈ। ਜਗਤਾਰ ਸਿੱਧੂ ਅਤੇ ਹਰਭਜਨ ਸਿੱਧੂ, ਜੋ ਪੰਜਾਬ ਤੋਂ ਕੈਨੇਡਾ ਦੇ ਓਨਟਾਰੀਓ ਵਿੱਚ ਰਹਿੰਦੇ ਆਪਣੇ ਬੱਚਿਆਂ ਜਸਪ੍ਰੀਤ ਕੌਰ ਸਿੱਧੂ (31) ਅਤੇ ਗੁਰਦਿੱਤ ਸਿੱਧੂ (29) ਨੂੰ ਮਿਲਣ ਆਏ ਸਨ, ਦੀ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲੀਸ ਅਧਿਕਾਰੀਆਂ ਨੂੰ ਮੌਕੇ ਤੋਂ ਜਗਤਾਰ ਸਿੱਧੂ ਦੀ ਲਾਸ਼ ਮਿਲੀ, ਜਦੋਂ ਕਿ ਉਨ੍ਹਾਂ ਦੀ ਪਤਨੀ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ। ਇਸ ਹਮਲੇ ਵਿੱਚ ਉਨ੍ਹਾਂ ਦੀ ਧੀ ਜਸਪ੍ਰੀਤ ਕੌਰ ਸਿੱਧੂ ਨੂੰ 13 ਗੋਲੀਆਂ ਮਾਰੀਆਂ ਗਈਆਂ, ਪਰ ਉਹ ਚਮਤਕਾਰੀ ਢੰਗ ਨਾਲ ਬਚ ਗਈ। ਹਸਪਤਾਲ ਵਿੱਚ ਆਪਣੀ ਹਾਲਤ ਬਾਰੇ ਦੱਸਦਿਆਂ ਜਸਪ੍ਰੀਤ ਨੇ ਰੋਂਦੇ ਹੋਏ ਕਿਹਾ, 'ਮੈਨੂੰ ਯਾਦ ਹੈ ਉਸ ਰਾਤ ਮੇਰੇ ਮਾਪਿਆਂ ਦਾ ਮੇਰੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤਾ ਗਿਆ ਸੀ। ਮੇਰੇ ਪਿਤਾ ਨੂੰ ਮੇਰੇ ਸਾਹਮਣੇ ਗੋਲੀ ਮਾਰੀ ਗਈ ਅਤੇ ਮੈਂ ਆਪਣੀ ਮਾਂ ਦੀਆਂ ਆਖ਼ਰੀ ਚੀਕਾਂ ਸੁਣੀਆਂ। ਉਸ ਤੋਂ ਬਾਅਦ ਸਿਰਫ਼ ਗੋਲੀਬਾਰੀ ਦੀਆਂ ਆਵਾਜ਼ਾਂ ਗੂੰਜ ਰਹੀਆਂ ਸਨ।'

ਜਸਪ੍ਰੀਤ ਕੌਰ ਨੂੰ ਮੋਢੇ ਤੋਂ ਲੈ ਕੇ ਪੈਰਾਂ ਤੱਕ ਵਾਰ-ਵਾਰ ਗੋਲੀਆਂ ਮਾਰੀਆਂ ਗਈਆਂ ਸਨ। ਉਸ ਦੀ ਜਾਨ ਬਚਾਉਣ ਲਈ ਡਾਕਟਰਾਂ ਨੂੰ 18 ਘੰਟੇ ਲੰਮਾ ਅਪਰੇਸ਼ਨ ਕਰਨਾ ਪਿਆ। ਗਰਦਨ ਅਤੇ ਪੇਟ ਵਿੱਚ ਗੋਲੀ ਲੱਗਣ ਕਾਰਨ ਉਹ ਕਈ ਦਿਨ ਬੋਲ ਵੀ ਨਹੀਂ ਸਕੀ। ਮੁਕੱਦਮੇ ਮੁਤਾਬਕ, ਇੱਕ ਗੋਲੀ ਉਸ ਦੀ ਰੀੜ੍ਹ ਦੀ ਹੱਡੀ ਦੇ ਬੇਹੱਦ ਨੇੜੇ ਫਸੀ ਹੋਈ ਹੈ, ਜਿਸ ਨੂੰ ਕੱਢਿਆ ਨਹੀਂ ਜਾ ਸਕਿਆ। ਨਸਾਂ ਦੇ ਨੁਕਸਾਨ ਕਾਰਨ ਉਹ ਹੁਣ ਤੁਰਨ-ਫਿਰਨ ਅਤੇ ਕੰਮ ਕਰਨ ਤੋਂ ਪੂਰੀ ਤਰ੍ਹਾਂ ਅਸਮਰਥ ਹੈ ਅਤੇ ਗੰਭੀਰ ਮਾਨਸਿਕ ਤਣਾਅ ਵਿੱਚੋਂ ਲੰਘ ਰਹੀ ਹੈ।

ਦਾਅਵੇ ਮੁਤਾਬਕ, ਹੱਤਿਆ ਕਾਂਡ ਤੋਂ ਠੀਕ ਚਾਰ ਦਿਨ ਪਹਿਲਾਂ ਪੀਲ ਪੁਲੀਸ ਦਾ ਇੱਕ ਅਧਿਕਾਰੀ ਉਨ੍ਹਾਂ ਦੇ ਘਰ ਆਇਆ ਸੀ, ਪਰ ਉਸ ਨੇ ਪਰਿਵਾਰ ਨੂੰ ਕਿਸੇ ਵੀ ਤਰ੍ਹਾਂ ਦੇ ਖ਼ਤਰੇ ਬਾਰੇ ਕੋਈ ਸੂਚਨਾ ਨਹੀਂ ਦਿੱਤੀ। ਪਰਿਵਾਰ ਦਾ ਕਹਿਣਾ ਹੈ ਕਿ ਪੁਲੀਸ ਨੂੰ ਪਤਾ ਸੀ ਕਿ ਇਸ ਮਾਮਲੇ ਵਿੱਚ ਕੈਨੇਡੀਅਨ ਗੈਂਗਸਟਰ ਰਿਆਨ ਵੈਡਿੰਗ ਦਾ ਇੱਕ ਸਾਥੀ ਸ਼ਾਮਲ ਸੀ। ਜੇਕਰ ਪੁਲਿਸ ਸਮੇਂ ਸਿਰ ਚੇਤਾਵਨੀ ਦੇ ਦਿੰਦੀ, ਤਾਂ ਇਸ ਮਾਸੂਮ ਪੰਜਾਬੀ ਜੋੜੇ ਦੀ ਜਾਨ ਬਚਾਈ ਜਾ ਸਕਦੀ ਸੀ।

ਓਂਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਪਰਿਵਾਰ ਹਮਲਾਵਰਾਂ ਦਾ ਅਸਲ ਟਾਰਗੇਟ ਨਹੀਂ ਸੀ। ਦਰਅਸਲ, ਅਕਤੂਬਰ 2024 ਵਿੱਚ ਅਮਰੀਕੀ ਅਟਾਰਨੀ ਦਫ਼ਤਰ ਨੇ ਖ਼ੁਲਾਸਾ ਕੀਤਾ ਸੀ ਕਿ ਉੱਤਰੀ ਅਮਰੀਕਾ ਦੇ ਇੱਕ ਵੱਡੇ ਡਰੱਗ ਗੈਂਗ



ਦੇ ਲੀਡਰ ਰਿਆਨ ਵੈਡਿੰਗ ਅਤੇ ਉਸ ਦੇ ਸਾਥੀ ਐਂਡਰਿਊ ਕਲਾਰਕ ਨੇ ਦੱਖਣੀ ਕੈਲੇਫੋਰਨੀਆ ਵਿੱਚ ਚੋਰੀ ਹੋਈ ਨਸ਼ੇ ਦੀ ਇੱਕ ਖੇਪ ਦੇ ਬਦਲੇ 'ਬੌਬੀ' ਨਾਮ ਦੇ ਇੱਕ ਨੌਜਵਾਨ ਨੂੰ ਜਾਨੋਂ ਮਾਰਨ ਦਾ ਹੁਕਮ ਦਿੱਤਾ ਸੀ। ਜਿਸ ਘਰ ਵਿੱਚ ਸਿੱਧੂ ਪਰਿਵਾਰ ਰਹਿ ਰਿਹਾ ਸੀ, ਉਹ ਪਹਿਲਾਂ ਬੌਬੀ ਨਾਮ ਦੇ ਵਿਅਕਤੀ ਨਾਲ ਜੁੜਿਆ ਹੋਇਆ ਸੀ ਅਤੇ ਉਸ 'ਤੇ ਪਹਿਲਾਂ ਵੀ ਹਮਲਾ ਹੋ ਚੁੱਕਾ ਸੀ। ਬੌਬੀ ਨੂੰ ਲੱਭਦੇ ਹੋਏ ਸ਼ੂਟਰ ਗਲਤੀ ਨਾਲ ਇਸ ਪੰਜਾਬੀ ਜੋੜੇ ਦੇ ਘਰ ਵੜ ਗਏ ਅਤੇ ਉਨ੍ਹਾਂ ਨੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਦੱਸ ਦੇਈਏ ਕਿ ਇਸ ਹੱਤਿਆਕਾਂਡ ਦੇ ਮੁੱਖ ਮੁਲਜ਼ਮ ਅਤੇ ਡਰੱਗ ਲਾਰਡ ਰਿਆਨ ਵੈਡਿੰਗ ਨੂੰ ਜਨਵਰੀ 2026 ਵਿੱਚ ਮੈਕਸੀਕੋ ਤੋਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਦੂਜੇ ਪਾਸੇ, ਪੀਲ ਪੁਲੀਸ ਨੇ ਆਪਣੇ ਬਚਾਅ ਵਿੱਚ ਕਿਹਾ ਹੈ ਕਿ ਉਨ੍ਹਾਂ ਕੋਲ ਅਜਿਹੀ ਕੋਈ ਖ਼ੁਫ਼ੀਆ ਜਾਣਕਾਰੀ ਜਾਂ ਰਿਪੋਰਟ ਨਹੀਂ ਸੀ ਕਿ ਉਸ ਪਤੇ 'ਤੇ ਰਹਿਣ ਵਾਲੇ ਮੌਜੂਦਾ ਨਿਵਾਸੀਆਂ (ਸਿੱਧੂ ਪਰਿਵਾਰ) ਦੀ ਜਾਨ ਨੂੰ ਕੋਈ ਖ਼ਤਰਾ ਹੋ ਸਕਦਾ ਹੈ। ਅਦਾਲਤ ਵਿੱਚ ਹੁਣ ਇਸ ਕਰੋੜਾਂ ਰੁਪਏ ਦੇ ਮੁਕੱਦਮੇ 'ਤੇ ਸੁਣਵਾਈ ਹੋਵੇਗੀ

# ਗੁਰੂ ਨਾਨਕ ਜਹਾਜ਼ ਦੀ 112ਵੀਂ ਯਾਦਗਾਰੀ ਵਰ੍ਹੇਗੰਢ 'ਤੇ ਵੈਨਕੂਵਰ 'ਚ ਸਮਾਗਮ

## 'ਗੁਰੂ ਨਾਨਕ ਜਹਾਜ਼' ਦੇ ਸਹੀ ਇਤਿਹਾਸ ਅਤੇ ਨਾਂ ਦੀ ਬਹਾਲੀ 'ਤੇ ਖ਼ੁਸ਼ੀ ਦੀ ਲਹਿਰ









ਗੁਰੂ ਨਾਨਕ ਜਹਾਜ਼ ਦੇ 112 ਸਾਲਾ ਯਾਦਗਾਰੀ ਸਮਾਗਮ ਦੀਆਂ ਤਸਵੀਰਾਂ।

ਵੈਨਕੂਵਰ : 23 ਮਈ 1914 ਨੂੰ ਬ੍ਰਿਟਿਸ਼ ਕੈਨੇਡਾ ਦੇ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ 'ਗੁਰੂ ਨਾਨਕ ਜਹਾਜ਼' ਦੇ ਮੁਸਾਫਿਰਾਂ ਦੀ ਨਿੱਡਰ ਅਤੇ ਸੁਤੰਤਰ ਹਸਤੀ ਬਾਰੇ, ਵੈਨਕੂਵਰ ਸਮੁੰਦਰੀ ਤੱਟ 'ਤੇ ਸ਼ਾਨਦਾਰ ਸਮਾਗਮ ਉਲੀਕਿਆ ਗਿਆ। ਇਸ ਮੌਕੇ 'ਤੇ ਗੁਰੂ ਨਾਨਕ ਜਹਾਜ਼ ਦੇ ਅਸਲੀ ਇਤਿਹਾਸ ਅਤੇ ਨਾਂ ਦੀ ਬਹਾਲੀ ਲਈ ਵੈਨਕੂਵਰ ਸ਼ਹਿਰ ਵੱਲੋਂ ਜਾਰੀ ਐਲਾਨਨਾਮੇ ਅਤੇ 'ਗੁਰੂ ਨਾਨਕ ਜਹਾਜ਼' ਨਾਂ 'ਤੇ ਸਥਾਪਿਤ ਹੋਏ ਸਮਾਰਕ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਵੈਨਕੂਵਰ ਦੇ ਮੇਅਰ ਕੈਨ ਸਿਮ ਅਤੇ ਪਾਰਕਸ ਬੋਰਡ ਦੇ ਕਮਿਸ਼ਨਰ ਜਸਪ੍ਰੀਤ ਸਿੰਘ ਵਿਰਦੀ ਨੇ ਕਿਹਾ ਕਿ ਵੈਨਕੂਵਰ ਸ਼ਹਿਰ ਵੱਲੋਂ 23 ਮਈ 'ਗੁਰੂ ਨਾਨਕ ਜਹਾਜ਼ ਦਿਹਾੜਾ ਦਰਜ ਕਰਨਾ ਮਾਣ ਵਾਲੀ ਗੱਲ ਹੈ। ਸਰੀ ਸ਼ਹਿਰ ਵੱਲੋਂ ਮੇਅਰ ਬਰਿੰਡਾ ਲੌਕ ਅਤੇ ਕੌਂਸਲ 'ਗੁਰੂ ਨਾਨਕ ਜਹਾਜ਼' ਨਾਂ ਬਹਾਲ ਕਰਦਿਆਂ ਪਹਿਲਾਂ ਹੀ ਐਲਾਨਨਾਮੇ ਜਾਰੀ ਕੀਤੇ ਹਨ। ਇੱਕ ਸਦੀ ਪਹਿਲਾਂ ਦੀ ਕੈਨੇਡਾ ਅਤੇ ਭਾਰਤ ਦੀ ਨਸਲੀ ਬ੍ਰਿਟਿਸ਼ ਸਰਕਾਰ ਅਤੇ ਨਸਲੀ ਮੀਡੀਏ ਵੱਲੋਂ ਜਪਾਨੀ ਕਾਰਪੋਰੇਟ ਸ਼ਿਪਿੰਗ ਕੰਪਨੀ ਦੇ ਨਾਂ ਕਾਮਾਗਾਟਾਮਾਰੂ ਨੂੰ ਪ੍ਰਚਾਰਨ ਅਤੇ ਸਾਂਝੇ ਪੰਜਾਬ ਦੇ ਮੁਸਾਫਰਾਂ ਵੱਲੋਂ ਰੱਖੇ ਗਏ ਗੁਰੂ ਨਾਨਕ ਜਹਾਜ਼ ਨਾਂ ਨੂੰ ਵਿਸਾਰਨ ਦੇ ਗੁਮਰਾਹਕੁਨ ਬਿਰਤਾਂਤ ਨੂੰ ਰੱਦ ਕਰਦਿਆਂ, ਕੈਨੇਡਾ ਦੇ ਸੈਨੇਟਰ ਅਤੇ ਕੈਨੇਡੀਅਨ ਪੁਲਿਸ ਵਿੱਚ ਦਸਤਾਰ ਦਾ ਕੇਸ ਜਿੱਤਣ ਵਾਲੇ ਸ. ਬਲਤੇਜ ਸਿੰਘ ਢਿੱਲੋਂ ਨੇ ਭੇਜੇ ਸੰਦੇਸ਼ ਵਿੱਚ ਕਿਹਾ ਕਿ 'ਗੁਰੂ ਨਾਨਕ' ਨਾਂ ਕੇਵਲ ਜਹਾਜ਼ ਦੀ ਪਛਾਣ ਨਹੀਂ, ਬਲਕਿ ਮਨੁੱਖੀ ਪਿਆਰ ਅਤੇ ਸਾਂਝ ਕਾਇਮ ਕਰਨ ਅਤੇ ਜਬਰ-ਜ਼ੁਲਮ ਤੇ ਨਸਲਵਾਦ ਖ਼ ?ਲਾਫ਼ ਡਟਣ ਦਾ ਮਾਰਗ-ਦਰਸ਼ਨ ਹੈ।

ਵੈਨਕੂਵਰ ਤੋਂ ਨਿਊ ਡੈਮੋਕਰੇਟਿਕ ਪਾਰਟੀ ਦੀ ਐਮਪੀ ਜੈਨੀ ਕਵਾਨ ਨੇ ਕਿਹਾ ਕਿ ਉਹ ਕੈਨੇਡਾ ਦੀ ਪਾਰਲੀਮੈਂਟ ਵਿੱਚ ਜਾ ਕੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਲਈ ਹਰ ਜਦੋ-ਜਹਿਦ ਵਿੱਚ ਸ਼ਾਮਿਲ ਹੋਵੇਗੀ। ਕੈਨੇਡਾ ਦੀ ਵਿਰੋਧੀ ਧਿਰ ਕੰਜ਼ਰਵਟਿਵ ਪਾਰਟੀ ਦੇ ਆਗੂ ਪੀਅਰ ਪੋਲੀਏਵ ਦਾ ਸੰਦੇਸ਼ ਸਾਂਝਾ ਕਰਦਿਆਂ ਐਬਸਫੋਰਡ ਲੈਂਗਲੀ ਤੋਂ ਐਮਪੀ ਸੁਖਮਨ ਸਿੰਘ ਗਿੱਲ ਨੇ ਗੁਰੂ ਨਾਨਕ ਜਹਾਜ਼ ਨਾਂ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਕੈਨੇਡਾ ਦੇ ਸੂਬੇ ਬੀਸੀ ਦੀ ਵਿਰੋਧੀ ਧਿਰ ਬੀਸੀ ਕੰਜ਼ਰਵਟਿਵ ਪਾਰਟੀ ਦੇ ਅੰਤਰਿਮ ਮੁਖੀ ਟਰੇਵਰ ਹੈਲਫੋਰਡ ਅਤੇ ਸਰੀ ਨੌਰਥ ਤੋਂ ਐਮਐਲਏ ਮਨਦੀਪ ਸਿੰਘ ਧਾਲੀਵਾਲ ਨੇ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਦੀ ਸਹੀ ਪਛਾਣ ਦੀ ਕਾਇਮੀ ਅਤੇ ਵਿਦਿਅਕ ਸਿਲੇਬਸਾਂ ਵਿੱਚ ਗੁਰੂ ਨਾਨਕ ਜਹਾਜ਼ ਦੇ ਸਹੀ ਇਤਿਹਾਸ ਪੜ੍ਹਾਉਣ ਲਈ ਬੀਜੀ ਅਸੈਂਬਲੀ ਵਿੱਚ ਆਵਾਜ਼ ਉਠਾਉਣ ਦੀ ਵਚਨਵੱਧਤਾ ਪ੍ਰਗਟਾਈ। ਵੈਨਕੂਵਰ ਤੋਂ ਐਨਡੀਪੀ ਦੇ ਐਮਐਲਏ ਜੌਰਜ ਚਾਓ ਨੇ ਗੁਰੂ ਨਾਨਕ ਜਹਾਜ਼ ਦੇ ਨਾਂ ਦੀ ਮਾਨਤਾ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ, ਇਸ ਦੀ ਮੁਕੰਮਲ ਬਹਾਲੀ ਦਾ ਅਹਿਦ ਲਿਆ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਜਦੋਂ ਬਾਬਾ ਗੁਰਦਿੱਤ ਸਿੰਘ ਵੱਲੋਂ ਕਿਰਾਏ 'ਤੇ ਲਏ ਗਏ ਸਮੁੰਦਰੀ ਬੇੜੇ ਦਾ ਨਾਂ ਗੁਰੂ ਨਾਨਕ ਜਹਾਜ਼ ਰੱਖ ਦਿੱਤਾ ਗਿਆ ਸੀ, ਤਾਂ ਇਤਿਹਾਸਕਾਰਾਂ, ਮੀਡੀਆਕਾਰਾਂ ਅਤੇ ਸਿਆਸਤਦਾਨਾਂ ਨੂੰ 'ਗੁਰੂ ਨਾਨਕ ਜਹਾਜ਼' ਸ਼ਬਦ ਹੀ ਵਰਤਣਾ ਚਾਹੀਦਾ ਹੈ। ਸੁਸਾਇਟੀ ਦੇ ਬੁਲਾਰੇ ਰਾਜ ਸਿੰਘ ਭੰਡਾਲ ਨੇ ਵੈਨਕੂਵਰ ਸਿਟੀ ਕੌਂਸਲ ਵੱਲੋਂ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜੇ ਤੇ ਐਲਾਨਨਾਮਾ ਕਰਨ ਅਤੇ ਯਾਦਗਾਰੀ ਸਮਾਰਕ ਦਾ ਨਾਂ ਗੁਰੂ ਨਾਨਕ ਜਹਾਜ਼ ਦੇ ਨਾਂ 'ਤੇ ਕਰਨ ਲਈ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਸਿਆਸੀ ਹਸਤੀਆਂ ਤੋਂ ਇਲਾਵਾ, ਵੱਖ-ਵੱਖ ਸੰਸਥਾਵਾਂ, ਉਘੀਆਂ ਸ਼ਖਸ਼ੀਅਤਾਂ ਅਤੇ ਨੌਜਵਾਨ, ਬੱਚੇ ਅਤੇ ਬਜ਼ੁਰਗ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ ਦੇ ਮੁੱਖ ਗ੍ਰੰਥੀ ਅਤੇ ਸਿੱਖ ਵਿਦਵਾਨ ਭਾਈ ਜਸਵੀਰ ਸਿੰਘ ਨੇ ਸਮਾਗਮ ਦੀ ਆਰੰਭਤਾ ਦੀ ਅਰਦਾਸ ਕੀਤੀ ਅਤੇ ਦਸ਼ਮੇਸ਼ ਪੰਜਾਬੀ ਸਕੂਲ ਐਬਸਫੋਰਡ ਦੇ ਬੱਚਿਆਂ ਨੇ 'ਓ ਕੈਨੇਡਾ' ਅਤੇ ਗੁਰੂ ਨਾਨਕ ਜਹਾਜ਼ ਦੇ ਸਬੰਧ 'ਚ ਖ਼ੂਬਸੂਰਤ ਗੀਤ ਗਾਇਆ ਕੀਤਾ।

ਸਮਾਗਮ ਦੇ ਮੁੱਖ ਮਨੋਰਥ ਵਜੋਂ ਗੁਰੂ ਨਾਨਕ ਜਹਾਜ਼ ਦੀ ਮੌਜੂਦਗੀ ਸਬੰਧੀ ਅਹਿਮ ਮਤੇ ਪਾਸ ਕੀਤੇ, ਜਿਨ੍ਹਾਂ ਵਿੱਚ ਕੈਨੇਡਾ ਸਰਕਾਰ ਵੱਲੋਂ ਮੰਗੀ ਗਈ ਮੁਆਫ਼ੀ ਦੀ ਸ਼ਬਦਾਵਲੀ ਵਿੱਚ ਮੁੱਖ ਨਾਂ 'ਗੁਰੂ ਨਾਨਕ ਜਹਾਜ' ਕਰਨ, ਸਰਕਾਰ ਵੱਲੋਂ 23 ਮਈ ਦਾ ਦਿਨ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ ਪੱਕੇ ਤੌਰ ਤੇ ਐਲਾਨਣ, ਅਜਾਇਬ ਘਰਾਂ, ਵਿਦਿਅਕ ਅਦਾਰੇ ਅਤੇ ਸਭਿਆਚਾਰਕ ਸੰਸਥਾਵਾਂ ਵਿੱਚ ਗੁਰੂ ਨਾਨਕ ਜਹਾਜ਼ ਦਾ ਸਹੀ ਇਤਿਹਾਸ ਸਾਂਝਾ ਕਰਨ ਅਤੇ ਨਸਲੀ ਧੱਕੇਸ਼ਾਹੀ ਸਬੰਧੀ ਇਸ ਕਾਰਜ ਨੂੰ ਪਹਿਲ ਕਦਮੀ ਵਜੋਂ ਦਰਜ ਕਰਨ ਦੀਆਂ ਮੰਗਾਂ ਸ਼ਾਮਿਲ ਕੀਤੀਆਂ ਗਈਆਂ। ਇਹ ਮਤੇ ਅੰਗਰੇਜ਼ੀ ਵਿੱਚ ਵਕੀਲ ਜਸਪ੍ਰੀਤ ਸਿੰਘ, ਪੰਜਾਬੀ ਵਿੱਚ ਤਜਿੰਦਰਪਾਲ ਸਿੰਘ ਤੇ ਫਰੈਂਚ ਵਿੱਚ ਸਾਹਿਬ ਕੌਰ ਧਾਲੀਵਾਲ ਵੱਲੋਂ ਪੜ੍ਹੇ ਗਏ ਅਤੇ ਸਾਰਿਆਂ ਵੱਲੋਂ ਦੋਵੇਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਲਈ ਗਈ। ਹਾਜ਼ਰ ਸ਼ਖਸ਼ੀਅਤਾਂ ਵੱਲੋਂ ਬੀਸੀ ਅਤੇ ਕੈਨੇਡਾ ਵਾਂਗ, ਪੰਜਾਬ ਦੀ ਵਿਧਾਨ ਸਭਾ ਅਤੇ ਭਾਰਤ ਦੀ ਸੰਸਦ ਵਿੱਚ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਸਹੀ ਰੂਪ ਵਿੱਚ ਚੇਤੇ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸ ਤੋਂ ਇਲਾਵਾ ਕੈਨੇਡਾ ਵਿੱਚ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਅਪਰਾਧਿਕ ਰਿਕਾਰਡ ਖਤਮ ਕਰਨ ਅਤੇ ਸ਼ਹੀਦ ਐਲਾਨੇ ਜਾਣ ਲਈ ਆਵਾਜ਼ ਉਠਾਈ ਗਈ। ਗੁਰੂ ਨਾਨਕ ਜਹਾਜ਼ ਦੇ ਨਾਂ ਦੀ ਬਹਾਲੀ ਲਈ ਕਰੀਬ 50 ਸੰਸਥਾਵਾਂ ਵੱਲੋਂ ਧੰਨਵਾਦ ਕੀਤਾ ਗਿਆ ਅਤੇ ਸਮਾਗਮ ਦੌਰਾਨ ਗੁਰਦੁਆਰਾ ਬੀਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਅਕਾਲੀ ਸਿੰਘ ਸਿੱਖ ਸੁਸਾਇਟੀ ਤੋਂ ਇਲਾਵਾ ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ, ਗੁਰਦੁਆਰਾ ਦੂਖ ਨਿਵਾਰਨ ਸਰੀ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ, ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਨਿਊ ਵੈਸਟਮਿਨਿਸਟਰ, ਗੁਰੂ ਨਾਨਕ ਨਿਵਾਸ ਗੁਰਦੁਆਰਾ ਰਿਚਮੰਡ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਐਬਸਫੋਰਡ, ਗੁਰਦੁਆਰਾ ਸਾਹਿਬ ਬੁਕਸਾਈਡ ਸਰੀ, ਨਾਨਕਸਰ ਵਿੱਚ ਰਿਚਮੰਡ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ, ਗੁਰਦੁਆਰਾ ਗੁਰ ਸਾਗਰ ਮਸਤੂਆਣਾ ਸਰੀ ਸਮੇਤ ਸਾਹਿਤਕ, ਸਭਿਆਚਾਰਕ ਅਤੇ ਖੇਡ ਸੰਸਥਾਵਾਂ ਨੇ ਗੁਰੂ ਨਾਨਕ ਜਹਾਜ਼ ਸ਼ਬਦ ਵਰਤਣ ਦਾ ਪ੍ਰਣ ਕੀਤਾ। ਗੁਰਦੁਆਰਾ ਸੰਸਥਾਵਾਂ ਤੋਂ ਇਲਾਵਾ ਨਾਮਵਰ ਸ਼ਖਸੀਅਤ ਡਾ ਜਸਜੋਤ ਸਿੰਘ ਮਾਨ, ਪਾਕਿਸਤਾਨ ਦੀ ਰਾਜਸੀ ਸ਼ਖਸ਼ੀਅਤ ਅਤੇ ਸਾਬਕਾ ਪਾਰਲੀਮੈਂਟ ਸਕੱਤਰ ਰਾਏ ਅਜ਼ੀਜ਼ ਓੁੱਲਾ ਖਾਨ, ਬੀਸੀ ਫੇਰੀ ਵਿੱਚ ਦਸਤਾਰ ਦਾ ਕੇਸ ਜਿੱਤਣ ਵਾਲੇ ਕਰਮਵੀਰ ਸਿੰਘ ਕੰਗ, ਵਰਲਡ ਸਿੱਖ ਆਰਗਨਾਈਜੇਸ਼ਨ ਵੱਲੋਂ ਅਰਜਨ ਸਿੰਘ ਤੂਰ, ਖਾਲਸਾ ਏ ਵੱਲੋਂ ਜਿੰਦੀ ਸਿੰਘ,ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਭੁਪਿੰਦਰ ਸਿੰਘ ਮੱਲੀ, ਹਰਭਜਨ ਸਿੰਘ ਗਿੱਲ, ਇੰਜੀਨੀਅਰ ਜਗਰੂਪ ਸਿੰਘ ਖੇੜਾ, ਨੌਜਵਾਨ ਵਕੀਲ ਬਲਪ੍ਰੀਤ ਸਿੰਘ ਖਟੜਾ ਅਤੇ ਪੰਜਾਬੀ ਸਾਹਿਤ ਸਭਾ ਮੁਢਲੀ ਦੇ ਵਾਈਸ ਪ੍ਰਧਾਨ ਗੁਰਪ੍ਰੀਤ ਸਿੰਘ ਚਾਹਲ ਸਮੇਤ ਅਹਿਮ ਬੁਲਾਰਿਆਂ ਨੇ ਗੁਰੂ ਨਾਨਕ ਜਹਾਜ਼ ਦੀ ਮਹੱਤਤਾ ਬਾਰੇ ਵਿਚਾਰ ਦਿੱਤੇ। ਖਾਲਸਾ ਸਕੂਲਾਂ ਦੇ ਬੱਚਿਆਂ ਤੇ ਨੌਜਵਾਨਾਂ ਨੇ ਗੱਤਕੇ ਦੇ ਜੌਹਰ ਦਿਖਾਏ ਅਤੇ ਯੋਧਿਆਂ ਦੀਆਂ ਢਾਡੀ ਵਾਰਾਂ ਸਰਵਣ ਕਰਾਈਆਂ।ਇਸ ਮੌਕੇ 'ਤੇ ਹਾਜ਼ਰ ਸ਼ਖਸੀਅਤਾਂ ਸਿੱਖ ਮੋਟਰ ਸਾਈਕਲ ਸਵਾਰਾਂ ਦੇ ਕਲੱਬਾਂ, ਸਿੱਖ ਰਾਈਡਰਜ਼, ਸਿੱਖ ਰਾਈਡਰਜ਼ ਲੀਜੈਂਡਰੀ ਤੇ ਖਾਲਸਾ ਕ੍ਰੈਡਿਟ ਯੂਨੀਅਨ ਨੇ ਸਮਾਗਮ ਵਿੱਚ ਵਿਸ਼ੇਸ਼ ਹਾਜ਼ਰੀ ਲਵਾਈ। ਪ੍ਰੋਗਰਾਮ ਦੀ ਸਫਲਤਾ ਲਈ ਪੰਜਾਬੀ ਮੀਡੀਆ ਦੇ ਅਖਬਾਰਾਂ, ਰੇਡੀਓ ਅਤੇ ਟੈਲੀਵਿਜ਼ਨਾਂ ਦਾ ਭਰਪੂਰ ਸਹਿਯੋਗ ਰਿਹਾ। ਸਮਾਗਮ ਦਾ ਸੰਚਾਲਨ ਸਾਹਿਬ ਕੌਰ ਧਾਲੀਵਾਲ ਨੇ ਭਾਵਪੂਰਤ ਢੰਗ ਨਾਲ ਕੀਤਾ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਉਲੀਕੇ ਇਸ ਪ੍ਰੋਗਰਾਮ ਵਿਚ ਬੀਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ਼ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ 'ਤੇ ਮਹਾਨ ਚਿੱਤਰਕਾਰ ਮਰਹੂਮ ਸ ਜਰਨੈਲ ਸਿੰਘ ਦੀਆਂ ਗੁਰੂ ਨਾਨਕ ਜਹਾਜ਼ ਦੇ ਸਫ਼ਰ ਸਬੰਧੀ ਸ਼ਾਨਦਾਰ ਪੇਂਟਿੰਗਾਂ ਖਿੱਚਦਾ ਕੇਂਦਰ ਬਣੀਆਂ। ਸਮੂਹ ਸੰਗਤਾਂ, ਸਹਿਯੋਗੀਆਂ ਦਾ ਧੰਨਵਾਦ ਬੀਸੀ ਖਾਲਸਾ ਦਰਬਾਰ ਵੱਲੋਂ ਭਾਈ ਹਰਿੰਦਰ ਸਿੰਘ ਸੋਹੀ ਵੱਲੋਂ ਕੀਤਾ ਗਿਆ। ਕਰੀਬ ਤਿੰਨ ਘੰਟੇ ਚੱਲਿਆ ਇਹ ਪ੍ਰੋਗਰਾਮ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਸਦਕਾ ਯਾਦਗਾਰੀ ਹੋ ਨਿਬੜਿਆ ਅਤੇ ਪੰਜਾਬੀਆਂ ਤੋਂ ਇਲਾਵਾ, ਵੱਖ-ਵੱਖ ਕੌਮਾਂ ਦੇ ਲੋਕਾਂ ਨੇ ਇਸ ਦਾ ਆਨੰਦ ਮਾਣਿਆ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE
15810 Harlan Road #A
Lathrop, CA 95330
(209) 983-9000

MAIN STREET
Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਜੇ ਉਹ ਈਸਾਈ ਬਣ ਜਾਣਗੇ ਉਨ੍ਹਾਂ ਦੀ ਗਿਣਤੀ 5 ਤੋਂ 6 ਕਰੋੜ ਤੱਕ ਹੋ ਜਾਵੇਗੀ। ਇਹ ਗੱਲ ਬਰਤਾਨਵੀ ਰਾਜ ਨੂੰ ਹਿੰਦੁਸਤਾਨ ਵਿਚ ਪੱਕਿਆਂ ਕਰੇਗੀ। ਦੂਜੇ ਪਾਸੇ ਜੇ ਉਹ ਸਿੱਖ ਬਣ ਜਾਣ ਤਾਂ ਉਹ ਨਾ ਕੇਵਲ ਦੇਸ਼ ਲਈ ਹਾਨੀਕਾਰਕ ਸਾਬਤ ਨਹੀਂ ਹੋਣਗੇ ਬਲਕਿ ਦੇਸ਼ ਦੀ ਕਿਸਮਤ ਨੂੰ ਬਣਾਉਣ ਵਿੱਚ ਸਹਾਈ ਹੋਣਗੇ ਅਤੇ ਉਨ੍ਹਾਂ ਦੀ ਕੌਮੀਅਤ ਵੀ ਕਾਇਮ ਰਹੇਗੀ। ਦੂਜੇ ਪਾਸੇ ਉਹ ਦੇਸ ਦੀ ਰਾਜਸੀ ਉੱਨਤੀ ਵਿੱਚ ਵੀ ਸਹਾਈ ਹੋਣਗੇ। ਇਸ ਲਈ ਦੇਸ਼ ਦੇ ਭਲੇ ਤੇ ਉੱਨਤੀ ਲਈ ਜੇ ਅਛੂਤ ਕੋਈ ਧਰਮ ਧਾਰਨ ਕਰਨਾ ਚਾਹੁੰਦੇ ਹਨ, ਤਾਂ ਉਹ ਸਿੱਖ ਬਣ ਜਾਣ।

**ਰਾਜਸੀ ਔਕੜਾਂ**

**ਤੀਜਾ ਸਵਾਲ ਇਹ ਹੈ ਕਿ ਅਛੂਤਾਂ ਦਾ ਸਿੱਖ ਬਣਨਾ ਹਿੰਦੂਆਂ ਲਈ ਲਾਭਦਾਇਕ ਹੈ?**

ਕੀ ਹਿੰਦੂ, ਇਸਲਾਮ ਤੇ ਈਸਾਈ ਮਤ ਵਾਂਗ ਸਿੱਖ ਮਤ ਨੂੰ ਵੀ ਮਹਾਨਤਾ ਦੇਣਾ ਚਾਹੁੰਦੇ ਹਨ? ਜੇ ਉੱਤਰ ਹਾਂ ਵਿੱਚ ਹੈ ਤਾਂ ਉਨ੍ਹਾਂ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਸਿੱਖ ਬਣਨ ਵਿੱਚ ਇਸਲਾਮ ਤੇ ਈਸਾਈ ਮਤ ਦੇ ਮੁਕਾਬਲੇ ਵਿੱਚ ਜੋ ਔਕੜਾਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ। ਘਾਟਾ ਮਾਲੀ, ਭਾਈਚਾਰਕ ਤੇ ਰਾਜਸੀ ਹੈ। ਭਾਈਚਾਰਕ ਔਕੜਾਂ ਨੂੰ ਹਟਾਉਣ ਲਈ ਹਿੰਦੂ ਸਿੱਖਾਂ ਦੀ ਸਹਾਇਤਾ ਨਹੀਂ ਕਰ ਸਕਦੇ ਪਰ ਮਾਲੀ ਤੇ ਰਾਜਸੀ ਔਕੜਾਂ ਨੂੰ ਦੂਰ ਕਰਨ ਲਈ ਉਹ ਕਾਫ਼ੀ ਸਹਾਇਤਾ ਦੇ ਸਕਦੇ ਹਨ। ਇਨ੍ਹਾਂ ਵਿੱਚ ਰਾਜਸੀ ਔਕੜਾਂ ਦਾ ਦੂਰ ਕਰਨਾ ਅਤਿ ਜ਼ਰੂਰੀ ਹੈ ਕਿਉਂਕਿ ਇਹ ਸਿੱਖਾਂ ਦੇ ਰਾਹ ਵਿੱਚ ਭਾਰੀ ਰੁਕਾਵਟ ਹੈ।

ਇਹ ਰਾਜਸੀ ਔਕੜ ਦਾ ਹੱਲ ਬਿਲਕੁਲ ਸਾਧਾਰਨ ਹੈ। ਪੰਜਾਬ ਤੋਂ ਛੁੱਟ ਸਾਰਿਆਂ ਸੂਬਿਆਂ ਵਿੱਚ ਅਛੂਤਾਂ ਦਾ ਨਾਂ ਸਿੱਖ ਸ਼ਬਦ ਲਿਖਿਆ ਜਾਵੇ ਤੇ ਅਜਿਹਾ ਕਰਨ ਵਿੱਚ ਜੋ ਹੱਕ ਉਸ ਨੂੰ ਅਛੂਤ ਰਹਿਣ ਵਿੱਚ ਦਿੱਤੇ ਗਏ ਹਨ, ਉਨ੍ਹਾਂ ਤੋਂ ਉਹ ਵੰਚਿਤ ਨਾ ਹੋਵੇ। ਫ਼ਿਰਕੂ ਫ਼ੈਸਲੇ ਅਨੁਸਾਰ ਫ਼ਿਰਕਿਆਂ ਨੂੰ ਅਜ਼ਾਦੀ ਦਿੱਤੀ ਗਈ ਹੈ ਕਿ ਉਹ ਆਪੋ ਵਿੱਚ ਰਲ ਕੇ ਕੋਈ ਫ਼ੈਸਲਾ ਕਰ ਲੈਣ ਇਸ ਤਰ੍ਹਾਂ ਇਹ ਤਬਦੀਲੀ ਵੀ ਆਪੋ ਵਿੱਚ ਦੀ ਸਲਾਹ ਮਸ਼ਵਰੇ ਨਾਲ ਹੋ ਸਕਦੀ ਹੈ। ਇਸ ਨਾਲ ਪੂਨਾ ਪੈਕਟ ਵਿੱਚ ਕੋਈ ਖ਼ਾਸ ਤਬਦੀਲੀ ਨਹੀਂ ਹੁੰਦੀ।

ਪੂਨਾ ਪੈਕਟ ਅਨੁਸਾਰ ਅਛੂਤਾਂ ਨੂੰ ਦਿੱਤੀਆਂ ਗਈਆਂ ਸੀਟਾਂ ਓਵੇਂ ਹੀ ਰਹਿਣਗੀਆਂ। ਕੇਵਲ




ਫ਼ਰਕ ਇਹ ਹੋਵੇਗਾ ਕਿ ਸਿੱਖ ਸਜੇ ਹੋਏ ਅਛੂਤ ਤੇ ਦੂਜੇ ਅਛੂਤ ਆਪੋ ਵਿਚ ਮੁਕਾਬਲਾ ਕਰ ਸਕਣਗੇ।

ਇਸ ਤਰ੍ਹਾਂ ਕੇਵਲ ਸਿੱਖ ਸਜੇ ਅਛੂਤਾਂ ਤੋਂ ਇਕ ਪਾਬੰਦੀ ਹਟਾਉਣੀ ਹੈ।

**ਵਿਚਾਰ-ਗੋਚਰੇ ਸਵਾਲ:**

ਜਿਹੜੇ ਹਿੰਦੂ ਇਸ ਤਜਵੀਜ਼ ਦੀ ਵਿਰੋਧਤਾ ਕਰਦੇ ਹਨ ਉਨ੍ਹਾਂ ਨੂੰ ਹੇਠ ਲਿਖੇ ਸਵਾਲਾਂ ਦਾ ਉੱਤਰ ਦੇਣਾ ਚਾਹੀਦਾ ਹੈ

1. ਪੂਨਾ ਪੈਕਟ ਅਨੁਸਾਰ ਜੋ ਸੀਟਾਂ ਦਲਿਤ ਜਾਤੀਆਂ ਨੂੰ ਮਿਲੀਆਂ ਹੋਈਆਂ ਹਨ, ਉਹ ਹਿੰਦੂਆਂ ਨੂੰ ਵਾਪਸ ਨਹੀਂ ਮਿਲ ਸਕਦੀਆਂ। ਉਹ ਜਾਂ ਮੁਸਲਮਾਨਾਂ ਕੋਲ ਤੇ ਜਾਂ ਈਸਾਈਆਂ ਕੋਲ ਜਾਣਗੀਆਂ ਜੇ ਉਹ ਮੁਸਲਮਾਨ ਜਾਂ ਈਸਾਈ ਬਣ ਜਾਣ, ਕਿਉਂਕਿ ਜੇ ਦਲਿਤ ਜਾਤੀਆਂ ਦੇ ਉਨ੍ਹਾਂ ਵਿੱਚ ਸ਼ਾਮਲ ਹੋਣ ਨਾਲ ਉਨ੍ਹਾਂ ਦੀ ਗਿਣਤੀ ਵੱਧ ਗਈ ਤਾਂ ਕੁਦਰਤੀ ਗੱਲ ਹੈ ਕਿ ਉਹ ਕੌਂਸਲਾਂ ਵਿੱਚ ਵਧੇਰੇ ਪ੍ਰਤੀਨਿਧਤਾ ਦੀ ਮੰਗ ਕਰਨਗੇ, ਜੇ ਇਹ ਸੀਟਾਂ ਜਾਣੀਆਂ ਹੀ ਹਨ ਤਾਂ ਉਹ ਸਿੱਖਾਂ ਕੋਲ ਕਿਉਂ ਨਾ ਜਾਣ?

2. ਜੇ ਨਵੀਂ ਰਾਜ ਬਣਤਰ ਅਨੁਸਾਰ ਦਲਿਤ ਜਾਤੀਆਂ ਮੁਸਲਮਾਨ ਜਾਂ ਈਸਾਈ ਬਣਨ ਨਾਲ ਜਾਂ ਰਾਜਸੀ ਹੱਕ ਲੈਣ ਪਰ ਸਿੱਖ ਬਣਨ ਪੁਰ ਦਲਿਤ ਜਾਤੀਆਂ ਨੂੰ ਉਨ੍ਹਾਂ ਦੇ ਰਾਜਸੀ ਹੱਕਾਂ ਤੋਂ ਕਿਉਂ ਵੰਚਿਤ ਕੀਤਾ ਜਾਵੇ? ਇਹ ਤਾਂ ਇਸਲਾਮ ਤੇ ਈਸਾਈ ਬਣਨ ਵਿੱਚ ਸਹਾਇਤਾ ਹੈ ਕਿ ਸਿੱਖ ਬਣਨ ਲਈ ਇਕ ਤਰ੍ਹਾਂ ਦੀ ਸਜ਼ਾ। ਇਹ ਗੱਲ ਦਲਿਤ ਜਾਤੀਆਂ ਨੂੰ ਈਸਾਈਆਂ ਵੱਲ ਖਿੱਚ ਰਹੀ ਹੈ। ਕੀ ਅਜਿਹੀ ਗੱਲ ਦਾ ਹੋਣਾ ਹਿੰਦੂ ਲਾਭਾਂ ਲਈ ਲਾਭਦਾਇਕ ਹੈ?

3. ਇਹ ਹੋ ਸਕਦਾ ਹੈ ਕਿ ਸਿੱਖ ਬਣਨ ਪੁਰ ਦਲਿਤ ਜਾਤੀਆਂ ਉਨ੍ਹਾਂ ਰਾਜਸੀ ਹੱਕਾਂ ਤੋਂ ਵੰਚਿਤ ਨਹੀਂ ਹੋ ਸਕਦੀਆਂ ਕਿਉਂਕਿ ਪੂਨਾ ਪੈਕਟ ਅਨੁਸਾਰ ਕੌਂਸਲਾਂ ਵਿੱਚ ਉਨ੍ਹਾਂ ਦੇ ਪ੍ਰਤੀਨਿਧਤਾ ਹੋਣ ਪਰ ਨਿਰਭਰ ਨਹੀਂ ਰੱਖਦੀਆਂ। ਉਨ੍ਹਾਂ ਦੀ ਪ੍ਰਤੀਨਿਧਤਾ ਤਾਂ ਖ਼ਾਸ ਜਾਤਾਂ ਤੇ ਫ਼ਿਰਕਿਆਂ ਪੁਰ ਨਿਰਭਰ ਰੱਖਦੀ ਹੈ। ਪਰ ਸਿੱਖਾਂ ਨੂੰ ਸ਼ਿਕਾਇਤ ਦਾ ਮੌਕਾ ਦੇ ਕੇ ਹਿੰਦੂਆਂ ਵਿਰੁੱਧ ਕਿਉਂ ਗੰਦਾ ਖ਼ੂਨ ਪੈਦਾ ਕੀਤਾ ਜਾਵੇ?

4. ਇਹ ਤਜਵੀਜ਼ ਕਿ ਅੱਡ ਅੱਡ ਸੂਬਿਆਂ ਵਿੱਚ ਰਾਜਸੀ ਹੱਕਾਂ ਲਈ ਸਿੱਖਾਂ ਦੀ ਗਿਣਤੀ ਵਧਾਉਣੀ ਅਜੀਬ ਤਜਵੀਜ਼ ਨਹੀਂ ਕਹੀ ਜਾ ਸਕਦੀ।

**(ਚਲਦਾ)**

# ਜਬਰੀ ਵਸੂਲੀ ਕਰਨ ਦੇ ਦੋਸ਼ ਹੇਠ ਪੰਜਾਬੀ ਮੂਲ ਦੇ 17 ਨੌਜਵਾਨ ਗ੍ਰਿਫ਼ਤਾਰ

## ਕਾਰੋਬਾਰੀਆਂ ਵਿਚ ਡਰ ਪੈਦਾ ਕਰਨ ਲਈ ਚਲਾਉਂਦੇ ਸੀ ਗੋਲੀਆਂ; ਕਈ ਘਰਾਂ ਨੂੰ ਅੱਗ ਵੀ ਲਾਈ; ਹਥਿਆਰ ਵੀ ਬਰਾਮਦ

ਟੋਰਾਂਟੋ : ਕੈਨੇਡਾ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਜਬਰੀ ਉਗਰਾਹੀ, ਗੋਲੀਬਾਰੀ ਅਤੇ ਅਗਜ਼ਨੀ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਅਪਰਾਧਿਕ ਨੈੱਟਵਰਕ ਦੇ 17 ਜਣਿਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ ਜੋ ਪੰਜਾਬੀ ਮੂਲ ਦੇ ਹਨ। ਇਹ ਗਰੋਹ ਗਰੇਟਰ ਟੋਰਾਂਟੋ ਏਰੀਆ (GTA) ਵਿੱਚ ਦੱਖਣੀ ਏਸ਼ਿਆਈ ਕਾਰੋਬਾਰੀਆਂ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਸੀ।

ਪੀਲ ਰੀਜਨਲ ਪੁਲੀਸ ਨੇ ਦੱਸਿਆ ਕਿ ਫੋਰ ਬ੍ਰਦਰਜ਼ (For Brothers) ਵਜੋਂ ਜਾਣੇ ਜਾਂਦੇ ਇਸ ਅਪਰਾਧਿਕ ਗਰੋਹ ਨੇ ਬਰੈਂਪਟਨ, ਮਿਸੀਸਾਗਾ, ਕੈਲੇਡਨ ਅਤੇ ਬ੍ਰਿਟਿਸ਼ ਕੋਲੰਬੀਆ ਦੇ ਕਈ ਹਿੱਸਿਆਂ ਵਿੱਚ ਰੈਸਟੋਰੈਂਟਾਂ, ਟਰੱਕਿੰਗ ਕੰਪਨੀਆਂ ਅਤੇ ਹੋਰ ਕਾਰੋਬਾਰੀਆਂ ਵਿਰੁੱਧ ਕਈ ਹਿੰਸਕ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਇਸ ਸੰਗਠਿਤ ਅਪਰਾਧਿਕ ਨੈੱਟਵਰਕ ਦੇ ਤਾਰ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਨਾਲ ਵੀ ਜੁੜੇ ਹੋਏ ਹਨ। ਇਹ ਗਰੋਹ ਸਥਾਨਕ ਕਾਰੋਬਾਰੀਆਂ ਨੂੰ ਡਰਾ-ਧਮਕਾ ਕੇ ਮੋਟੀਆਂ ਰਕਮਾਂ ਵਸੂਲਦਾ ਸੀ।

ਇਸ ਮਾਮਲੇ ਦੀ ਜਾਂਚ ਦਸੰਬਰ 2025 ਵਿੱਚ ਇੱਕ ਸਾਂਝੇ ਫੋਰਸ ਅਪ੍ਰੇਸ਼ਨ (Joint Forces Operation) ਵਜੋਂ ਸ਼ੁਰੂ ਹੋਈ ਸੀ, ਜਿਸ ਵਿੱਚ ਪੀਲ ਰੀਜਨਲ ਪੁਲਿਸ, ਓਂਟਾਰੀਓ ਪ੍ਰੋਵਿੰਸ਼ੀਅਲ ਪੁਲੀਸ (OPP), ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA), ਅਮਰੀਕਾ ਦੀ ਜਾਂਚ ਏਜੰਸੀ FBI ਅਤੇ FINTRAC ਸ਼ਾਮਲ ਸਨ। ਪੁਲਿਸ ਨੇ 17 ਜਣਿਆਂ ਨੂੰ ਕਾਬੂ ਕੀਤਾ ਜੋ 24 ਵਾਰਦਾਤਾਂ ਨਾਲ ਜੁੜੇ ਹੋਏ ਹਨ, ਜਿਨ੍ਹਾਂ ਵਿੱਚੋਂ 16 ਬਹੁਤ ਹਿੰਸਕ ਘਟਨਾਵਾਂ ਸਨ।

ਫੋਰ ਬ੍ਰਦਰਜ਼ ਗਰੁੱਪ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਵਾਰਦਾਤਾਂ ਵਿੱਚ ਅੱਗ ਲਗਾਉਣ ਅਤੇ ਕਈ ਗੋਲੀਬਾਰੀ ਦੀਆਂ ਘਟਨਾਵਾਂ ਸ਼ਾਮਲ ਹਨ, ਜਿਨ੍ਹਾਂ ਦੌਰਾਨ 324 ਰੌਂਦ ਗੋਲੀਆਂ ਚਲਾਈਆਂ ਗਈਆਂ। ਇੱਕ ਘਟਨਾ ਵਿੱਚ ਦੋ ਜਣਿਆਂ ਨੇ ਕੈਲੇਡਨ ਵਿੱਚ ਇੱਕ ਰਿਹਾਇਸ਼ੀ ਪਤੇ 'ਤੇ ਗੋਲੀਬਾਰੀ ਕੀਤੀ ਤੇ ਉਸ ਤੋਂ ਘਰ ਨੂੰ ਅੱਗ ਲਾ ਦਿੱਤੀ। ਇਸ ਦੇ ਕੁਝ ਮਿੰਟਾਂ ਬਾਅਦ ਹੀ ਬਰੈਂਪਟਨ ਵਿੱਚ ਇੱਕ ਕਾਰੋਬਾਰੀ ਅਦਾਰੇ ਨੂੰ ਨਿਸ਼ਾਨਾ ਬਣਾ ਕੇ ਗੋਲੀਬਾਰੀ ਕੀਤੀ ਗਈ।



**ਇਕਬਾਲ ਸਿੰਘ, ਰਵਿੰਦਰ ਸਿੰਘ, ਦਿਲਾਵਰਪ੍ਰੀਤ ਸਿੰਘ, ਪ੍ਰਭਦੀਪ ਸੋਹਲ, ਅਜੈਦੀਪ ਸਿੰਘ, ਰਾਜਨ ਸਿੰਘ, ਅਕਾਸ਼ਦੀਪ ਸਿੰਘ, ਜਸ਼ਨਬੀਰ ਸਿੰਘ, ਪ੍ਰਤਾਪਬੀਰ ਘੁੰਮਣ, ਨਵਰੂਪ ਸਿੰਘ, ਮਹਿੰਦਰ ਸਿੰਘ, ਮਨਦੀਪ ਸਿੰਘ, ਅੰਮ੍ਰਿਤਜੋਤ ਸਿੰਘ, ਜਸ਼ਨਪ੍ਰੀਤ ਸਿੰਘ, ਗੁਨੀਤ, ਸੁਖਵਿੰਦਰ ਸਿੰਘ, ਗੌਤਮ ਦੀਆਂ ਤਸਵੀਰਾਂ।**

ਇਨ੍ਹਾਂ 17 ਖ਼ਿਲਾਫ਼ ਕੁੱਲ 106 ਅਪਰਾਧਿਕ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ। ਜਾਂਚ ਦੌਰਾਨ ਪੁਲਿਸ ਨੇ ਛੇ ਹਥਿਆਰ, ਨਸ਼ੀਲੇ ਪਦਾਰਥ, ਕਈ ਮੋਬਾਇਲ ਫ਼ੋਨ, ਸਿਮ ਕਾਰਡ ਅਤੇ ਜਾਅਲੀ ਪਛਾਣ ਪੱਤਰ ਬਰਾਮਦ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ 6 ਨੂੰ ਦੇਸ਼ ਨਿਕਾਲਾ (ਇਮੀਗ੍ਰੇਸ਼ਨ ਕਾਰਵਾਈ) ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ CBSA ਨੇ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿੱਚ 6 ਹੋਰਾਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਨ੍ਹਾਂ ਵਿੱਚੋਂ 3 ਨੂੰ ਕੈਨੇਡਾ ਤੋਂ ਬਾਹਰ ਕੱਢ ਦਿੱਤਾ ਗਿਆ ਹੈ, 2 ਹਿਰਾਸਤ ਵਿੱਚ ਹਨ ਅਤੇ ਇੱਕ ਨੂੰ ਸ਼ਰਤਾਂ 'ਤੇ ਰਿਹਾਅ ਕੀਤਾ ਗਿਆ ਹੈ।

ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿਚ ਇਕਬਾਲ ਸਿੰਘ (25 ਸਾਲ, ਬਰੈਂਪਟਨ), ਆਕਾਸ਼ਦੀਪ ਸਿੰਘ (24 ਸਾਲ, ਨੌਰਵਲ), ਰਾਵਿੰਦਰ ਸਿੰਘ (25 ਸਾਲ, ਸਰੀ), ਜਸ਼ਨਬੀਰ ਸਿੰਘ (21 ਸਾਲ, ਸਰੀ), ਦਿਲਾਵਰਪ੍ਰੀਤ ਸਿੰਘ (26 ਸਾਲ, ਬਰੈਂਪਟਨ), ਮਨਦੀਪ ਸਿੰਘ (21 ਸਾਲ, ਬਰੈਂਪਟਨ), ਪ੍ਰਭਦੀਪ ਸੋਹਲ (22, ਬਰੈਂਪਟਨ), ਪ੍ਰਤਾਪਬੀਰ ਘੁੰਮਣ (22, ਬਰੈਂਪਟਨ), ਅਜੇਦੀਪ ਸਿੰਘ (29, ਬਰੈਂਪਟਨ), ਨਵਰੂਪ ਸਿੰਘ (24, ਬਰੈਂਪਟਨ), ਰਾਜਨ ਸਿੰਘ (28, ਬੈਰੀ), ਅੰਮ੍ਰਿਤਜੋਤ ਸਿੰਘ (22, ਬਰੈਂਪਟਨ), ਜਸ਼ਨਪ੍ਰੀਤ ਸਿੰਘ (22, ਬਰੈਂਪਟਨ), ਗੁਨੀਤ ਗੁਨੀਤ (27, ਬਰੈਂਪਟਨ), ਸੁਖਵਿੰਦਰ ਸਿੰਘ (32, ਬਰੈਂਪਟਨ), ਮੋਹਿੰਦਰ ਸਿੰਘ (30, ਬਰੈਂਪਟਨ) ਅਤੇ ਗੌਤਮ ਗੌਤਮ (22, ਮੰਟੇਕਾ, ਕੈਲੀਫੋਰਨੀਆ) ਸ਼ਾਮਲ ਹਨ।

ਪੀਲ ਰੀਜਨਲ ਪੁਲਿਸ ਦੇ ਚੀਫ਼ ਨਿਸ਼ਾਨ ਦੁਰਈਪਾ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀਆਂ ਵੱਖ-ਵੱਖ ਸੁਰੱਖਿਆ ਏਜੰਸੀਆਂ ਦੇ ਆਪਸੀ ਤਾਲਮੇਲ ਸਦਕਾ ਸੰਭਵ ਹੋਈਆਂ ਹਨ। ਜਬਰਨ ਉਗਰਾਹੀ ਦਾ ਇਹ ਧੰਦਾ ਸਿਰਫ਼ ਇੱਕ ਖੇਤਰ ਤੱਕ ਸੀਮਤ ਨਹੀਂ ਹੈ, ਸਗੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਇਸ ਅਪਰਾਧ ਕਾਰਨ ਦੱਖਣੀ ਏਸ਼ਿਆਈ ਭਾਈਚਾਰੇ ਵਿੱਚ ਪੈਦਾ ਹੋਏ ਡਰ ਅਤੇ ਨੁਕਸਾਨ ਨੂੰ ਭਲੀਭਾਂਤ ਜਾਣਦੇ ਹਨ ਅਤੇ ਇਨ੍ਹਾਂ ਅਪਰਾਧਾਂ ਨੂੰ ਰੋਕਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ। ਪੁਲੀਸ ਦੀ 'ਐਕਸਟੌਰਸ਼ਨ ਟਾਸਕ ਫੋਰਸ', ਜਿਸ ਵਿੱਚ 30 ਅਫ਼ਸਰ ਅਤੇ ਮਾਹਿਰ ਸ਼ਾਮਲ ਹਨ, 2023 ਤੋਂ ਇਸ 'ਤੇ ਕੰਮ ਕਰ ਰਹੀ ਹੈ ਅਤੇ ਇਸ ਮਾਮਲੇ ਵਿੱਚ ਆਉਣ ਵਾਲੇ ਦਿਨਾਂ ਵਿੱਚ ਕੁਝ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਵੀ ਸੰਭਾਵਨਾ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



## ਹੈਲਥ ਗਾਈਡ

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਦਵਾਈਆਂ ਦੀ ਸਹੀ ਵਰਤੋਂ**

1. **ਨਵੀਂ ਦਵਾਈ ਸ਼ੁਰੂ ਕਰਨ ਸਮੇਂ :**

(ੳ) ਕਿਸੇ ਵੀ ਨਵੀਂ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਕੋਲੋਂ ਦਵਾਈ ਦੇ ਬੁਰੇ ਪ੍ਰਭਾਵਾਂ ਬਾਰੇ ਪੁੱਛੋ।

(ਅ) ਜੇਕਰ ਪਹਿਲਾਂ ਤੁਹਾਨੂੰ ਦਵਾਈ ਨਾਲ ਕਿਸੇ ਵੀ ਐਲਰਜੀ ਦਾ ਰਿਐਕਸ਼ਨ ਹੋਇਆ ਹੈ ਤਾਂ ਇਸਦਾ ਰਿਕਾਰਡ ਆਪਣੇ ਕੋਲ ਰੱਖੋ ਅਤੇ ਆਪਣੇ ਡਾਕਟਰ ਨੂੰ ਇਸ ਬਾਰੇ ਦੱਸੋ।

(ੲ) ਹਦਾਇਤਾਂ ਬਾਰੇ ਪੂਰੀ ਤਰ੍ਹਾਂ ਪੱਕਾ ਕਰੋ ਕਿ ਦਵਾਈਆਂ ਕਿਵੇਂ ਲੈਣੀਆਂ ਹਨ।

2. **ਐਂਟੀਬਾਇਓਟਿਕ :**

ਹਮੇਸ਼ਾਂ ਐਂਟੀਬਾਇਓਟਿਕ ਦਵਾਈਆਂ ਦਾ ਕੋਰਸ ਪੂਰਾ ਕਰੋ, ਭਾਵੇਂ ਤੁਸੀਂ ਬਿਲਕੁਲ ਠੀਕ ਮਹਿਸੂਸ ਕਰ ਰਹੇ ਹੋਵੋ, ਕਿਉਂਕਿ ਕੋਰਸ ਵਿੱਚ ਛੱਡ ਦੇਣ ਕਰਕੇ ਤੁਹਾਡੇ ਸਰੀਰ 'ਤੇ ਦਵਾਈਆਂ ਦਾ ਅਸਰ ਘੱਟ ਸਕਦਾ ਹੈ।

3. **ਬਲੱਡ ਪ੍ਰੈਸ਼ਰ ਦੀਆਂ ਦਵਾਈਆਂ :**

ਬਲੱਡ ਪ੍ਰੈਸ਼ਰ ਦੀਆਂ ਦਵਾਈਆਂ ਕਦੇ ਵੀ ਇਕਦਮ ਬੰਦ ਨਾ ਕਰੋ, ਭਾਵੇਂ ਕਿ ਤੁਸੀਂ ਚੰਗਾ ਮਹਿਸੂਸ ਕਰ ਰਹੇ ਹੋਵੋ ਅਤੇ ਤੁਹਾਡਾ ਬਲੱਡ ਪ੍ਰੈਸ਼ਰ ਠੀਕ ਹੋਵੇ, ਕਿਉਂਕਿ ਤੁਹਾਡਾ ਬਲੱਡ ਪ੍ਰੈਸ਼ਰ ਠੀਕ, ਦਵਾਈਆਂ ਲੈਣ ਕਰਕੇ ਹੈ। ਹਮੇਸ਼ਾਂ ਆਪਣੇ ਡਾਕਟਰ ਦੀ ਸਲਾਹ ਲਵੋ। ਜੇਕਰ ਤੁਹਾਡਾ ਬਲੱਡ ਪ੍ਰੈਸ਼ਰ ਘੱਟ ਹੈ ਤਾਂ ਆਪਣੇ ਡਾਕਟਰ ਨਾਲ ਦਵਾਈ ਦੀ ਮਾਤਰਾ ਨੂੰ ਘਟਾਉਣ ਜਾਂ ਬੰਦ ਕਰਨ ਬਾਰੇ ਸਲਾਹ ਕਰੋ।

4. **ਸ਼ੂਗਰ ਦੀਆਂ ਦਵਾਈਆਂ :**

ਸ਼ੂਗਰ ਦੀਆਂ ਦਵਾਈਆਂ ਕਦੇ ਵੀ ਇਕਦਮ ਬੰਦ ਨਾ ਕਰੋ, ਭਾਵੇਂ ਕਿ ਤੁਸੀਂ ਚੰਗਾ ਮਹਿਸੂਸ ਕਰ ਰਹੇ ਹੋਵੋ ਅਤੇ ਤੁਹਾਡੀ ਸ਼ੂਗਰ ਠੀਕ ਹੋਵੇ, ਕਿਉਂਕਿ ਤੁਹਾਡੀ ਸ਼ੂਗਰ ਠੀਕ ਦਵਾਈਆਂ ਲੈਣ ਕਰਕੇ ਹੈ। ਹਮੇਸ਼ਾਂ ਆਪਣੇ ਡਾਕਟਰ ਦੀ ਸਲਾਹ ਲਵੋ। ਜੇਕਰ ਤੁਹਾਡੀ ਸ਼ੂਗਰ ਘੱਟ ਹੈ ਤਾਂ ਆਪਣੇ ਡਾਕਟਰ ਨਾਲ ਦਵਾਈ ਦੀ ਮਾਤਰਾ ਨੂੰ ਘਟਾਉਣ ਜਾਂ ਬੰਦ ਕਰਨ ਬਾਰੇ ਸਲਾਹ ਕਰੋ।




5. ਫ਼ਾਰਮਾਸਿਸਟ ਅਤੇ ਨੀਮ-ਹਕੀਮ ਬਿਮਾਰੀ ਦਾ ਇਲਾਜ ਕਰਨ ਲਈ ਸਿੱਖਿਅਤ ਨਹੀਂ ਹੁੰਦੇ, ਇਸ ਕਰਕੇ ਇਹਨਾਂ ਕੋਲੋਂ ਇਲਾਜ ਨਾ ਕਰਵਾਓ।

6. ਕਿਸੇ ਵੀ ਨਵੀਂ ਦਵਾਈ ਸ਼ੁਰੂ ਕਰਨ ਤੋਂ ਬਾਅਦ ਜੇਕਰ ਤੁਹਾਨੂੰ ਕੋਈ ਵੀ ਰੈਸ਼ ਜਾਂ ਹੋਰ ਬੁਰਾ ਪ੍ਰਭਾਵ ਦਿਖਾਈ ਦਿੰਦਾ ਹੈ ਤਾਂ ਦਵਾਈ ਲੈਣਾ ਬੰਦ ਕਰੋ ਅਤੇ ਡਾਕਟਰ ਨੂੰ ਦਿਖਾਓ।

7. ਘਰ ਵਿੱਚ ਦਵਾਈ ਸੁਰੱਖਿਅਤ ਸਥਾਨ 'ਤੇ ਰੱਖੋ ਅਤੇ ਹਮੇਸ਼ਾਂ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

8. ਜੇਕਰ ਤੁਸੀਂ ਗਰਭਵਤੀ ਹੋ ਤਾਂ ਆਪਣੇ ਡਾਕਟਰ ਨੂੰ ਦੱਸੋ, ਕਿਉਂਕਿ ਗਰਭ ਅਵਸਥਾ ਵਿੱਚ ਸਾਰੀਆਂ ਦਵਾਈਆਂ ਸੁਰੱਖਿਅਤ ਨਹਲ ਹੁੰਦੀਆਂ।

8. ਕਦੇ ਵੀ ਵੱਡਿਆਂ ਦੀਆਂ ਦਵਾਈਆਂ ਬੱਚਿਆਂ ਲਈ ਨਾ ਵਰਤੋਂ, ਕਿਉਂਕਿ ਬੱਚਿਆਂ ਲਈ ਵੱਡਿਆਂ ਦੀਆਂ ਦਵਾਈਆਂ ਸੁਰੱਖਿਅਤ ਨਹੀਂ ਹੁੰਦੀਆਂ।

10. ਡਾਕਟਰ ਕੋਲ ਜਾਣ ਸਮੇਂ ਆਪਣੇ ਨਾਲ ਆਪਣੀਆਂ ਹੋਰ ਦਵਾਈਆਂ ਵੀ ਲੈ ਕੇ ਜਾਵੋ ਅਤੇ ਡਾਕਟਰ ਨੂੰ ਦਿਖਾਓ। ਡਾਕਟਰ ਨੂੰ ਸਹੀ ਦਵਾਈ ਦੇਣ ਲਈ ਤੁਹਾਡੀਆਂ ਹੋਰ ਦਵਾਈਆਂ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ।

**ਬੁਢਾਪਾ**

ਜਨਮ, ਵਿਆਹ, ਸੇਵਾ-ਮੁਕਤੀ ਅਤੇ ਮੌਤ; ਇਹ ਚਾਰ ਹਰ ਵਿਅਕਤੀ ਦੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਘਟਨਾਵਾਂ ਹਨ। ਪੂਰਾ ਪਰਿਵਾਰ ਜਨਮ, ਵਿਆਹ ਅਤੇ ਸੇਵਾ-ਮੁਕਤੀ ਲਈ ਬਹੁਤ ਸਾਲਾਂ ਤੋਂ ਤਿਆਰੀ ਕਰ ਰਿਹਾ ਹੁੰਦਾ ਹੈ, ਪਰ ਅਸਲ ਮੌਤ ਬਾਰੇ ਗੱਲ ਕਰਨ ਦੀ ਕੋਸ਼ਿਸ਼ ਵੀ ਨਹਲ ਕਰਦੇ। ਅਸਲ ਸਾਰਾ ਜੀਵਨ ਇਸ ਤਰ੍ਹਾਂ ਬਤੀਤ ਕਰਦੇ ਹਾਂ ਜਿਵੇਂ ਕਿ ਅਸਲ ਹਮੇਸ਼ਾਂ ਲਈ ਜ਼ਿੰਦਾ ਰਹਾਂਗੇ, ਪਰ ਸੱਚਾਈ ਇਹ ਹੈ ਕਿ ਇੱਕ ਦਿਨ ਅਸਲ ਸਾਰਿਆਂ ਨੇ ਇੱਥੋਂ ਰੁਖ਼ਸਤ ਹੋਣਾ ਹੈ।

**ਅਸਲ ਮੌਤ ਬਾਰੇ ਗੱਲਬਾਤ ਨਹਲ ਕਰਦੇ, ਕਿਉਂਕਿ :**

1. ਇਸ ਗੰਭੀਰ ਵਿਸ਼ੇ ਬਾਰੇ ਜਾਣਕਾਰੀ ਘੱਟ ਹੁੰਦੀ ਹੈ।
2. ਸਾਡੇ ਲਈ ਮੌਤ ਬਾਬਤ ਗੱਲਬਾਤ ਕਰਨਾ ਬਹੁਤ ਦੁਖਦਾਇਕ ਅਤੇ ਤਣਾਓ ਭਰਿਆ ਹੁੰਦਾ ਹੈ।
3. ਇਸ ਚਰਚਾ ਵਿੱਚ ਕਠਿਨ ਫ਼ੈਸਲੇ ਹੁੰਦੇ ਹਨ ਅਤੇ ਜਿਹਨਾਂ ਨੂੰ ਅਸਲ ਟਾਲਣਾ ਚਾਹੁੰਦੇ ਹਾਂ।
4. ਪਰਿਵਾਰਿਕ ਮੈਂਬਰ ਇਸ ਗੱਲਬਾਤ ਦਾ ਹਿੱਸਾ ਨਾਲ ਬਣਨਾ ਚਾਹੁੰਦੇ।

**ਬੁਢਾਪੇ ਸਮੇਂ ਕਰਨ ਵਾਲੇ ਜ਼ਰੂਰੀ ਫ਼ੈਸਲੇ :**

1. ਬੁਢਾਪੇ ਵਿੱਚ ਅਤੇ ਮੌਤ ਦੇ ਨਜ਼ਦੀਕ ਤੁਹਾਡੀ ਸਾਰੀ ਸਾਂਭ-ਸੰਭਾਲ ਲਈ ਜ਼ਿੰਮੇਵਾਰ ਕੌਣ ਹੋਵੇਗਾ?
2. ਜਾਇਦਾਦ ਦਾ ਬਟਵਾਰਾ ਕਿਵੇਂ ਅਤੇ ਕਦੋਂ ਕਰਨਾ ਹੈ?
3. ਜਦੋਂ ਬੁਢਾਪੇ ਕਾਰਨ ਤੁਹਾਡੀ ਦਿਮਾਗ਼ੀ ਸ਼ਕਤੀ ਘੱਟ ਜਾਵੇ ਅਤੇ ਤੁਸੀਂ ਫ਼ੈਸਲੇ ਨਾ ਕਰ ਸਕੋ ਤਾਂ ਤੁਹਾਡੇ ਲਈ ਫ਼ੈਸਲੇ ਕੌਣ ਲਵੇਗਾ?
4. ਕੀ ਤੁਸੀਂ ਜ਼ਿਆਦਾ ਸਮਾਂ ਜਿਊਣ ਲਈ ਸਾਹ ਮਸ਼ੀਨ ਜਾਂ ਭੋਜਨ ਨਾਲੀ ਰਾਹੀਂ ਖਾਣਾ ਪਸੰਦ ਕਰੋਗੇ?

ਅੱਜ ਕੱਲ ਮੈਡੀਕਲ ਟੈਕਨੌਲੋਜੀ ਦੀ ਤਰੱਕੀ ਨਾਲ ਸਾਹ ਵਾਲੀ ਮਸ਼ੀਨ ਅਤੇ ਨਾਲੀਆਂ ਰਾਹੀਂ ਖਾਣਾ ਦੇਣ ਨਾਲ ਉਮਰ ਲੰਬੀ ਕੀਤੀ ਜਾ ਸਕਦੀ ਹੈ। ਜੀਵਨ ਤਾਂ ਲੰਬਾ ਹੋ ਜਾਂਦਾ ਹੈ, ਪਰ ਇਹ ਜੀਵਨ ਦੀ ਕੁਆਲਟੀ ਦੇ ਨਾਲ ਇੱਕ ਸਮਝੌਤਾ ਹੁੰਦਾ ਹੈ। ਇਨ੍ਹਾਂ ਗੱਲਾਂ ਬਾਰੇ ਪਹਿਲਾਂ ਹੀ ਫ਼ੈਸਲੇ ਲੈਣਾ ਬਹੁਤ ਜ਼ਰੂਰੀ ਹੈ। **(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।
ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।
ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546



# 328 ਪਾਵਨ ਸਰੂਪਾਂ ਦੇ ਮਾਮਲੇ 'ਤੇ ਬਣੀ SIT ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਅਧਿਕਾਰਾਂ 'ਚ ਦੇ ਰਹੀ ਹੈ ਦਖਲ: ਐਡਵੋਕੇਟ ਧਾਮੀ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਕਾਰਗੁਜ਼ਾਰੀ 'ਤੇ ਗੰਭੀਰ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਸਿੱਟ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਗੈਰ-ਜ਼ਰੂਰੀ ਦਖਲਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜਾਂਚ ਦੇ ਨਾਮ ਹੇਠ ਸਿੱਖਾਂ ਦੀ ਪ੍ਰਮੁੱਖ ਧਾਰਮਿਕ ਸੰਸਥਾ ਦੀ ਸੰਵਿਧਾਨਕ ਹਸਤੀ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਿਸੇ ਵੀ ਸੂਰਤ ਵਿੱਚ ਸਵੀਕਾਰ ਨਹੀਂ ਕੀਤਾ ਜਾ ਸਕਦਾ।



ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸ਼ੁਰੂ ਤੋਂ ਹੀ ਪੂਰੀ ਸੁਹਿਰਦਤਾ ਅਤੇ ਪਾਰਦਰਸ਼ਤਾ ਨਾਲ ਜਾਂਚ ਟੀਮ ਨੂੰ ਸਹਿਯੋਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਸਿੱਟ ਨੂੰ ਹਰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕੀਤੀ ਗਈ, ਪਰੰਤੂ ਦੁੱਖ ਦੀ ਗੱਲ ਹੈ ਕਿ ਸਿੱਟ ਨੇ ਇਸ ਸਹਿਯੋਗ ਨੂੰ ਸਮਝਣ ਦੀ ਬਜਾਏ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਅਤੇ ਅੰਦਰੂਨੀ ਮਾਮਲਿਆਂ ਨੂੰ ਆਪਣੇ ਏਜੰਡੇ ਦਾ ਹਿੱਸਾ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਸਿੱਟ ਵੱਲੋਂ ਲਗਾਤਾਰ ਅਜਿਹੀਆਂ ਜਾਣਕਾਰੀਆਂ ਮੰਗੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ 328 ਪਾਵਨ ਸਰੂਪਾਂ ਦੇ ਮਾਮਲੇ ਨਾਲ ਦੂਰ-ਦੂਰ ਤੱਕ ਕੋਈ ਸੰਬੰਧ ਨਹੀਂ ਬਣਦਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸਿੱਟ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਿੱਤੀ ਖਾਤਿਆਂ, ਬੈਂਕ ਲੈਣ-ਦੇਣ ਅਤੇ ਸਮੁੱਚੇ ਆਰਥਿਕ ਵੇਰਵਿਆਂ ਦੀ ਮੰਗ ਕਰਨਾ ਉਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਕਦੇ ਸਿੱਟ ਆਪਣੇ ਨੁਮਾਇੰਦਿਆਂ ਨੂੰ ਬੈਂਕਾਂ ਵਿੱਚ ਭੇਜ ਕੇ ਖਾਤਿਆਂ ਦੀ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਕਦੇ ਪੱਤਰਾਂ ਰਾਹੀਂ ਵਿਸਥਾਰਪੂਰਵਕ ਵਿੱਤੀ ਵੇਰਵੇ ਮੰਗੇ ਜਾ ਰਹੇ ਹਨ। ਹੁਣ ਸਿੱਟ ਵੱਲੋਂ ਨਿੱਜੀ ਚੈਨਲਾਂ ਈਟੀਸੀ ਅਤੇ ਜੀ ਨੈਕਸਟ ਮੀਡੀਆ ਨਾਲ ਬੀਤੇ ਲੰਬੇ ਸਮੇਂ ਦੌਰਾਨ ਗੁਰਬਾਣੀ ਕੀਰਤਨ ਸਬੰਧੀ ਕੀਤੇ ਗਏ ਸਮਝੌਤਿਆਂ ਦੇ ਵੇਰਵੇ ਵੀ ਮੰਗੇ ਗਏ ਹਨ, ਜਿਨ੍ਹਾਂ ਦਾ 328 ਪਾਵਨ ਸਰੂਪਾਂ ਨਾਲ ਕੋਈ ਸੰਬੰਧ ਨਹੀਂ ਬਣਦਾ। ਇਥੋਂ ਤਕ ਕਿ ਜਿਹੜੀ ਜਾਣਕਾਰੀਆਂ ਪਹਿਲਾਂ ਹੀ ਸਿੱਟ ਨੂੰ ਦਿੱਤੀਆਂ ਜਾ ਚੁੱਕੀਆਂ ਹਨ, ਉਨ੍ਹਾਂ ਬਾਰੇ ਬਾਰ-ਬਾਰ ਦੁਬਾਰਾ ਪੱਤਰ ਭੇਜ ਕੇ ਫਿਰ ਜਾਣਕਾਰੀ ਮੰਗੀ ਜਾ ਰਹੀ ਹੈ। ਇਹ ਸਭ ਕੁਝ ਜਾਂਚ ਦੇ ਮੂਲ ਮਕਸਦ ਤੋਂ ਬਾਹਰ ਜਾ ਕੇ ਕੀਤਾ ਜਾ ਰਿਹਾ ਹੈ। ਜਾਂਚ ਟੀਮ ਦੇ ਸਵਾਲ ਅਤੇ ਮਨਮਰਜ਼ੀ ਨਾਲ ਮੰਗੀਆਂ ਜਾ ਰਹੀਆਂ ਜਾਣਕਾਰੀਆਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਉਹ ਅਸਲ ਜਾਂਚ ਤੋਂ ਹਟ ਕੇ ਕਿਸੇ ਹੋਰ ਮਨਸੂਬੇ ਤਹਿਤ ਕੰਮ ਕਰ ਰਹੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਇੰਝ ਮਹਿਸੂਸ ਹੁੰਦਾ ਹੈ ਕਿ ਪੰਜਾਬ ਸਰਕਾਰ ਸਿੱਟ ਦੇ ਜ਼ਰੀਏ ਸਿੱਖਾਂ ਦੀ ਸਿਰਮੌਰ ਸੰਸਥਾ ਦੇ ਸੰਵਿਧਾਨਕ ਅਧਿਕਾਰਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਸ਼੍ਰੋਮਣੀ ਕਮੇਟੀ ਦਾ ਮਾਮਲਾ ਨਹੀਂ, ਸਗੋਂ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਅਤੇ ਅਧਿਕਾਰਾਂ ਨਾਲ ਜੁੜਿਆ ਸੰਵੇਦਨਸ਼ੀਲ ਵਿਸ਼ਾ ਹੈ। ਉਨ੍ਹਾਂ ਆਖਿਆ ਕਿ ਸਿੱਟ ਆਪਣੇ ਅਧਿਕਾਰਾਂ ਤੋਂ ਬਾਹਰ ਨਾ ਜਾਵੇ ਅਤੇ ਕੇਵਲ 328 ਪਾਵਨ ਸਰੂਪਾਂ ਦੀ ਜਾਂਚ ਤਕ ਹੀ ਸੀਮਤ ਰਹੇ।

# ਪੰਜਾਬੀ ਡਰਾਈਵਰਾਂ ਦੇ ਫੋਨਾਂ 'ਤੇ ਅਸ਼ਲੀਲ ਤਸਵੀਰਾਂ ਮਿਲਣ ਤੋਂ ਬਾਅਦ ਵੀਜ਼ੇ ਰੱਦ

## ਕੈਨੇਡਾ-ਅਮਰੀਕਾ ਸਰਹੱਦ 'ਤੇ ਸਖ਼ਤੀ, 4 ਵੀਜ਼ੇ ਰੱਦ




ਕੈਨੇਡਾ ਤੋਂ ਅਮਰੀਕਾ ਜਾਣ ਵਾਲੇ ਟਰੱਕ ਡਰਾਈਵਰਾਂ ਲਈ ਅਮਰੀਕੀ ਸਰਹੱਦ 'ਤੇ ਸਖ਼ਤ ਉਪਾਅ ਲਾਗੂ ਕੀਤੇ ਗਏ ਹਨ। ਕੈਨੇਡਾ ਵਿੱਚ ਹਾਦਸਿਆਂ, ਬਲਾਤਕਾਰਾਂ ਅਤੇ ਛੇੜਛਾੜ ਦੇ ਮਾਮਲਿਆਂ ਵਿੱਚ ਵਾਧੇ ਤੋਂ ਬਾਅਦ, ਪੰਜਾਬੀ ਟਰੱਕ ਡਰਾਈਵਰਾਂ ਦੇ ਮੋਬਾਈਲ ਫੋਨ ਦੀ ਜਾਂਚ ਕੀਤੀ ਜਾ ਰਹੀ ਹੈ। ਜੇਕਰ ਉਨ੍ਹਾਂ ਦੇ ਫੋਨਾਂ 'ਤੇ ਅਸ਼ਲੀਲ ਤਸਵੀਰਾਂ, ਬੱਚਿਆਂ ਦੀਆਂ ਨੰਗੀਆਂ ਫੋਟੋਆਂ, ਸ਼ੱਕੀ ਵਟਸਐਪ ਗਰੁੱਪ ਜਾਂ ਹਥਿਆਰ ਮਿਲਦੇ ਹਨ, ਤਾਂ ਉਨ੍ਹਾਂ ਦੇ ਲਾਇਸੈਂਸ ਅਤੇ ਵੀਜ਼ਾ ਤੁਰੰਤ ਰੱਦ ਕਰ ਦਿੱਤੇ ਜਾਣਗੇ।

ਕੈਨੇਡਾ ਵਿੱਚ ਗੱਡੀ ਚਲਾਉਂਦੇ ਅਤੇ ਅਮਰੀਕੀ ਸਰਹੱਦ ਪਾਰ ਸਾਮਾਨ ਢੋਣ ਵਾਲੇ ਇੱਕ ਪੰਜਾਬੀ ਟਰੱਕ ਡਰਾਈਵਰ ਤਰਨਜੀਤ ਸਿੰਘ ਉੱਪਲ ਨੇ ਕਿਹਾ ਕਿ ਕੈਨੇਡਾ-ਅਮਰੀਕਾ ਸਰਹੱਦ ਵਿੱਚ ਦਾਖਲ ਹੋਣ ਵਾਲੇ ਟਰੱਕ ਡਰਾਈਵਰਾਂ ਦੇ ਇਲੈਕਟ੍ਰਾਨਿਕ ਡਿਵਾਈਸਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਣਉਚਿਤ ਵੀਡੀਓ ਮਿਲਣ ਤੋਂ ਬਾਅਦ ਚਾਰ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ ਹਨ।

ਉਨ੍ਹਾਂ ਸਲਾਹ ਦਿੱਤੀ ਕਿ ਜਦੋਂ ਵੀ ਪੰਜਾਬੀ ਡਰਾਈਵਰ ਸਰਹੱਦ ਵਿੱਚ ਦਾਖਲ ਹੁੰਦੇ ਹਨ, ਤਾਂ ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਫੋਨ ਹਥਿਆਰਾਂ, ਅਸ਼ਲੀਲ ਤਸਵੀਰਾਂ ਜਾਂ ਵੀਡੀਓ ਤੋਂ ਮੁਕਤ ਹੋਣ, ਅਤੇ ਉਹ ਸ਼ੱਕੀ ਚੈਟਾਂ ਵਾਲੇ ਕਿਸੇ ਵੀ ਵਟਸਐਪ ਗਰੁੱਪ ਦਾ ਹਿੱਸਾ ਨਾ ਹੋਣ।

ਉਨ੍ਹਾਂ ਕਿਹਾ ਕਿ ਇਸ ਤੱਥ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਭਾਰਤ ਵਿੱਚ, ਜਦੋਂ ਕੋਈ ਬੱਚਾ ਪੈਦਾ ਹੁੰਦਾ ਹੈ, ਤਾਂ ਪਰਿਵਾਰ ਅਕਸਰ ਆਪਣੇ ਛੋਟੇ ਬੱਚਿਆਂ ਦੀਆਂ ਬਿਨਾਂ ਕੱਪੜਿਆਂ ਦੀਆਂ ਫੋਟੋਆਂ ਭੇਜਦੇ ਹਨ। ਅਜਿਹੀਆਂ ਫੋਟੋਆਂ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਸ ਦੌਰਾਨ, ਅਮਰੀਕਾ ਅਤੇ ਕੈਨੇਡੀਅਨ ਸਰਹੱਦੀ ਸੁਰੱਖਿਆ ਪੁਲਿਸ ਨੇ 2025 ਦੇ ਅੰਕੜੇ ਜਾਰੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਾਲ ਭਰ 55,000 ਡਰਾਈਵਰਾਂ ਦੇ ਮੋਬਾਈਲ ਫੋਨਾਂ ਦੀ ਜਾਂਚ ਕੀਤੀ।

# ਜਦੋਂ ਸਿੱਖ ਕਰੋੜਪਤੀ ਨੇ ਪੱਗ ਦੇ ਅਪਮਾਨ ਨੂੰ ਬਣਾਇਆ 'ਰੌਲਜ਼-ਰਾਇਸ ਚੈਲੇਂਜ'

## ਰੂਬੇਨ ਸਿੰਘ ਦਾ ਨਸਲਵਾਦ ਵਿਰੁੱਧ ਦਿੱਤਾ ਰੌਇਲ ਜਵਾਬ ਦੁਨੀਆ ਭਰ 'ਚ ਸਿੱਖ ਨੌਜਵਾਨਾਂ ਲਈ ਬਣਿਆ ਪ੍ਰੇਰਨਾ ਸਰੋਤ



ਬ੍ਰਿਟੇਨ/ਲੰਡਨ, (ਸਾਡੇ ਲੋਕ) : ਜਦੋਂ ਨਫ਼ਰਤ ਸਿਰ ਚੁੱਕਦੀ ਹੈ, ਤਾਂ ਉਸ ਦਾ ਜਵਾਬ ਗੁੱਸੇ ਨਾਲ ਨਹੀਂ, ਸਗੋਂ ਉੱਚੇ ਕਿਰਦਾਰ ਅਤੇ ਸ਼ਾਨ ਨਾਲ ਦਿੱਤਾ ਜਾਂਦਾ ਹੈ। ਇਸ ਦੀ ਸਭ ਤੋਂ ਮਿਸਾਲੀ ਉਦਾਹਰਨ ਪੇਸ਼ ਕੀਤੀ ਹੈ ਬ੍ਰਿਟੇਨ ਦੇ ਪ੍ਰਸਿੱਧ ਸਿੱਖ ਕਰੋੜਪਤੀ ਅਤੇ 'ਇਸ਼ਰ ਕੈਪੀਟਲ' ਦੇ ਸੰਸਥਾਪਕ ਰੂਬੇਨ ਸਿੰਘ ਨੇ। ਇੱਕ ਅੰਗਰੇਜ਼ ਕਾਰੋਬਾਰੀ ਵੱਲੋਂ ਉਨ੍ਹਾਂ ਦੀ ਦਸਤਾਰ (ਪੱਗ) ਦਾ ਮਜ਼ਾਕ ਉਡਾਉਂਦਿਆਂ ਉਸ ਨੂੰ 'ਪੱਟੀ' (Bandage) ਕਹਿਣ 'ਤੇ, ਰੂਬੇਨ ਸਿੰਘ ਨੇ ਜੋ ਜਵਾਬ ਦਿੱਤਾ, ਉਹ ਅੱਜ ਵੀ ਦੁਨੀਆ ਭਰ ਵਿੱਚ ਸਿੱਖ ਨੌਜਵਾਨਾਂ ਲਈ ਪ੍ਰੇਰਨਾ ਦਾ ਸਰੋਤ ਬਣਿਆ ਹੋਇਆ ਹੈ।

ਨਫ਼ਰਤ ਦਾ ਜਵਾਬ 'ਸ਼ਾਹੀ' ਅੰਦਾਜ਼ ਵਿੱਚ

ਰੂਬੇਨ ਸਿੰਘ ਨੇ ਨਫ਼ਰਤ ਦਾ ਜਵਾਬ ਹਿੰਸਾ ਜਾਂ ਗੁੱਸੇ ਨਾਲ ਦੇਣ ਦੀ ਬਜਾਏ ਬੇਹੱਦ ਰਚਨਾਤਮਕ ਅਤੇ ਸ਼ਾਹੀ ਅੰਦਾਜ਼ ਵਿੱਚ ਦਿੱਤਾ। ਉਨ੍ਹਾਂ ਨੇ ਉਸ ਅੰਗਰੇਜ਼ ਕਾਰੋਬਾਰੀ ਨੂੰ ਇੱਕ ਹਫ਼ਤੇ ਦਾ 'ਟੱਰਬਨ ਰੌਲਜ਼-ਰਾਇਸ ਚੈਲੇਂਜ' (Turban Rolls-Royce Challenge) ਦੇ ਦਿੱਤਾ। ਚੈਲੇਂਜ ਇਹ ਸੀ ਕਿ ਉਹ ਹਫ਼ਤੇ ਦੇ ਸੱਤੇ ਦਿਨ ਆਪਣੀ ਪੱਗ ਦੇ ਰੰਗ ਨਾਲ ਮੈਚ ਕਰਦੀ ਵੱਖਰੀ 'ਰੌਲਜ਼-ਰਾਇਸ' ਕਾਰ ਵਿੱਚ ਸਫਰ ਕਰਨਗੇ।

**ਸੱਤ ਦਿਨ, ਸੱਤ ਪੱਗਾਂ, ਸੱਤ ਰੌਲਜ਼-ਰਾਇਸ:** ਰੂਬੇਨ ਸਿੰਘ ਨੇ ਲਗਾਤਾਰ 7 ਦਿਨ ਆਪਣੀ ਨਿੱਜੀ ਲਗਜ਼ਰੀ ਗੱਡੀਆਂ ਦੇ ਕਲੈਕਸ਼ਨ ਵਿੱਚੋਂ—ਗੂੜ੍ਹੇ ਲਾਲ (Burgundy), ਚਾਂਦੀ ਰੰਗੇ (Silver-Grey), ਜੈੱਟ ਬਲੈਕ ਅਤੇ ਚਮਕਦਾਰ ਪੀਲੇ ਰੰਗ ਦੀਆਂ ਰੌਲਜ਼-ਰਾਇਸ ਕਾਰਾਂ ਨਾਲ ਬਿਲਕੁਲ ਮੈਚਿੰਗ ਪੱਗਾਂ ਬੰਨ੍ਹ ਕੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ।

**ਦੁਨੀਆ ਭਰ ਵਿੱਚ ਵਾਹ-ਵਾਹ:** ਇਹ ਤਸਵੀਰਾਂ ਇੰਟਰਨੈੱਟ 'ਤੇ ਅੱਗ ਵਾਂਗ ਫੈਲ ਗਈਆਂ। ਦੁਨੀਆ ਭਰ ਦੇ ਲੋਕਾਂ ਨੇ ਰੂਬੇਨ ਸਿੰਘ ਦੇ ਇਸ ਵੱਖਰੇ ਅਤੇ ਮਨਮੋਹਕ ਅੰਦਾਜ਼ ਦੀ ਤਾਰੀਫ਼ ਕੀਤੀ।

'ਦਸਤਾਰ ਮੇਰਾ ਤਾਜ ਹੈ ਅਤੇ ਮੇਰੀ ਸ਼ਾਨ ਹੈ। ਹਰ ਇਨਸਾਨ ਅਤੇ ਹਰ ਸਥਿਤੀ ਵਿੱਚ ਹਮੇਸ਼ਾ ਸਕਾਰਾਤਮਕਤਾ (Positive) ਲੱਭੋ।'
ਰੂਬੇਨ ਸਿੰਘ (ਸੋਸ਼ਲ ਮੀਡੀਆ ਪੋਸਟ)

ਸਿੱਖ ਪਛਾਣ ਦਾ ਵਿਸ਼ਵ ਵਿਆਪੀ ਮਾਣ

ਇਸ ਚੈਲੇਂਜ ਨੇ ਨਾ ਸਿਰਫ਼ ਰੂਬੇਨ ਸਿੰਘ ਦੀ ਸ਼ਾਨਦਾਰ ਅਮੀਰੀ ਨੂੰ ਦਿਖਾਇਆ, ਬਲਕਿ ਸਿੱਖ ਦਸਤਾਰ ਦੇ ਸੱਭਿਆਚਾਰਕ ਅਤੇ ਰੂਹਾਨੀ ਮਹੱਤਵ ਨੂੰ ਦੁਨੀਆ ਦੇ ਸਾਹਮਣੇ ਬੜੇ ਮਾਣ ਨਾਲ ਪੇਸ਼ ਕੀਤਾ। ਸਾਲਾਂ ਬਾਅਦ ਵੀ, ਇਹ 'ਰੌਲਜ਼-ਰਾਇਸ ਟੱਰਬਨ ਚੈਲੇਂਜ' ਅੱਜ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦਾ ਹੈ, ਜੋ ਇਹ ਸਿਖਾਉਂਦਾ ਹੈ ਕਿ ਆਪਣੀ ਪਛਾਣ 'ਤੇ ਮਾਣ ਕਰਨਾ ਅਤੇ ਨਸਲਵਾਦ ਨੂੰ ਆਪਣੀ ਕਾਮਯਾਬੀ ਦੀ ਚਮਕ ਨਾਲ ਹਰਾਉਣਾ ਹੀ ਸਭ ਤੋਂ ਵੱਡੀ ਜਿੱਤ ਹੈ।

## ਨਸ਼ਾ ਮੁਕਤ ਪੰਜਾਬ ਮੁਹਿੰਮ

# ਦਿੱਲੀ ਵਿਖੇ ਭਾਜਪਾ ਆਗੂ ਤਰੁਣ ਚੁੱਘ ਨੂੰ ਮਿਲੇ ਮਸ਼ਹੂਰ ਗਾਇਕ ਯੋ ਯੋ ਹਨੀ ਸਿੰਘ





ਨਵੀਂ ਦਿੱਲੀ : ਪੰਜਾਬ ਵਿੱਚ ਵਧ ਰਹੇ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਅਤੇ ਨੌਜਵਾਨੀ ਨੂੰ ਬਚਾਉਣ ਲਈ ਵਿੱਢੀ ਗਈ 'ਨਸ਼ਾ ਮੁਕਤ ਪੰਜਾਬ' ਮੁਹਿੰਮ ਤਹਿਤ ਇੱਕ ਅਹਿਮ ਮੁਲਾਕਾਤ ਹੋਈ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਨਵੀਂ ਦਿੱਲੀ ਵਿਖੇ ਪ੍ਰਸਿੱਧ ਪੰਜਾਬੀ ਗਾਇਕ ਅਤੇ ਰੈਪਰ ਯੋ ਯੋ ਹਨੀ ਸਿੰਘ (ਹਿਰਦੇਸ਼ ਸਿੰਘ) ਨਾਲ ਵਿਸ਼ੇਸ਼ ਬੈਠਕ ਕੀਤੀ। ਮੰਗਲਵਾਰ ਨੂੰ ਹੋਈ ਇਸ ਮੁਲਾਕਾਤ ਦੌਰਾਨ ਦੋਵਾਂ ਨੇ ਪੰਜਾਬ ਵਿੱਚ ਖਾਸ ਕਰਕੇ 'ਚਿੱਟੇ' (ਹੈਰੋਇਨ) ਅਤੇ ਹੋਰ ਨਸ਼ਿਆਂ ਕਾਰਨ ਬਰਬਾਦ ਹੋ ਰਹੇ ਪਰਿਵਾਰਾਂ ਅਤੇ ਨੌਜਵਾਨ ਪੀੜ੍ਹੀ 'ਤੇ ਗੰਭੀਰ ਚਿੰਤਾ ਪ੍ਰਗਟਾਈ।

ਹਨੀ ਸਿੰਘ ਦੀ ਅਪੀਲ: ਮੁਲਾਕਾਤ ਤੋਂ ਬਾਅਦ ਜਾਰੀ ਕੀਤੇ ਇੱਕ ਵੀਡੀਓ ਸੰਦੇਸ਼ ਵਿੱਚ ਹਨੀ ਸਿੰਘ ਨੇ ਕਿਹਾ ਕਿ ਪੰਜਾਬ ਇਸ ਵੇਲੇ ਬਹੁਤ ਮੁਸ਼ਕਲ ਦੌਰ ਵਿੱਚੋਂ ਲੰਘ ਰਿਹਾ ਹੈ। ਨਸ਼ਿਆਂ ਕਾਰਨ ਹੱਸਦੇ-ਖੇਡਦੇ ਪਰਿਵਾਰ ਤਬਾਹ ਹੋ ਰਹੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਦਲਦਲ ਤੋਂ ਦੂਰ ਰਹਿਣ ਅਤੇ ਪੰਜਾਬ ਦੀ ਅਸਲ ਪਛਾਣ 'ਦੁੱਧ, ਦਹੀਂ, ਲੱਸੀ ਤੇ ਘਿਓ' ਵਾਲੇ ਸੱਭਿਆਚਾਰ ਨੂੰ ਦੁਬਾਰਾ ਅਪਣਾਉਣ।

ਤਰੁਣ ਚੁੱਘ ਦਾ ਬਿਆਨ: ਭਾਜਪਾ ਆਗੂ ਤਰੁਣ ਚੁੱਘ ਨੇ ਹਨੀ ਸਿੰਘ ਦੇ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਹਨੀ ਸਿੰਘ ਦੀ ਆਪਣੀ ਜ਼ਿੰਦਗੀ ਅਤੇ ਨਸ਼ਿਆਂ ਖ਼ਿਲਾਫ਼ ਲੜ ਕੇ ਕੀਤੀ ਗਈ ਵਾਪਸੀ (ਕਮਬੈਕ) ਲੱਖਾਂ ਨੌਜਵਾਨਾਂ ਲਈ ਇੱਕ ਮਿਸਾਲ ਹੈ। ਜੇਕਰ ਹਨੀ ਸਿੰਘ ਇਸ ਦਲਦਲ ਵਿੱਚੋਂ ਨਿਕਲ ਕੇ ਦੁਬਾਰਾ ਸਫ਼ਲਤਾ ਦੇ ਸਿਖ਼ਰ 'ਤੇ ਪਹੁੰਚ ਸਕਦੇ ਹਨ, ਤਾਂ ਪੰਜਾਬ ਦਾ ਹਰ ਇੱਕ ਨੌਜਵਾਨ ਨਸ਼ਾ ਛੱਡ ਕੇ ਨਵੀਂ ਜ਼ਿੰਦਗੀ ਸ਼ੁਰੂ ਕਰ ਸਕਦਾ ਹੈ।

ਸੰਗੀਤ ਰਾਹੀਂ ਜਾਗਰੂਕਤਾ: ਚੁੱਘ ਨੇ ਹਨੀ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਆਵਾਜ਼, ਗੀਤਾਂ ਅਤੇ ਪ੍ਰਸਿੱਧੀ ਦੀ ਵਰਤੋਂ ਪੰਜਾਬ ਦੇ ਕੋਨੇ-ਕੋਨੇ ਤੱਕ ਨਸ਼ਾ-ਵਿਰੋਧੀ ਸੁਨੇਹਾ ਪਹੁੰਚਾਉਣ ਲਈ ਕਰਨ, ਜਿਸ 'ਤੇ ਹਨੀ ਸਿੰਘ ਨੇ ਪੂਰਾ ਸਾਥ ਦੇਣ ਦਾ ਭਰੋਸਾ ਜਤਾਇਆ।

# ਕੈਨੇਡਾ 'ਚ ਜੱਜ ਬਣਿਆ ਪੰਜਾਬੀ ਨੌਜਵਾਨ

## ਖੰਨਾ ਦੇ ਪਿੰਡ ਨਸਰਾਲੀ ਨਾਲ ਸਬੰਧਿਤ ਹੈ ਵਿਕਰਮਜੀਤ ਸਿੰਘ ਔਜਲਾ

ਬਰੈਂਪਟਨ : ਪੰਜਾਬੀ ਜਿੱਥੇ ਵੀ ਜਾਂਦੇ ਹਨ ਉਥੇ ਆਪਣੀ ਮਿਹਨਤ ਨਾਲ ਝੰਡੇ ਗੱਡ ਦਿੰਦੇ ਹਨ। ਅਜਿਹਾ ਹੀ ਇਕ ਹੋਰ ਪੰਜਾਬੀ ਨੇ ਕੈਨੇਡਾ ਵਿਚ ਪੰਜਾਬ ਦਾ ਨਾਮ ਰੋਸ਼ਨ ਕਰਕੇ ਵਿਖਾਇਆ ਹੈ। ਪੰਜਾਬੀ ਨੌਜਵਾਨ ਵਿਕਰਮਜੀਤ ਸਿੰਘ ਔਜਲਾ ਕੈਨੇਡਾ ਵਿਚ ਜੱਜ ਬਣਿਆ ਹੈ।

ਨੌਜਵਾਨ ਲੁਧਿਆਣਾ ਦੀ ਤਹਿਸੀਲ ਖੰਨਾ ਦੇ ਪਿੰਡ ਨਸਰਾਲੀ ਨਾਲ ਸਬੰਧਿਤ ਹੈ। ਔਜਲਾ ਬਰੈਂਪਟਨ ਸ਼ਹਿਰ ਵਿਚ ਵੱਡਾ ਹੋਇਆ 'ਤੇ ਫੇਰ ਯਾਰਕ ਯੂਨੀਵਰਸਿਟੀ ਤੋਂ ਡਿਗਰੀ ਕਰਕੇ ਉੱਥੋਂ ਦੇ ਹੀ ਓਸਗੁੱਡ ਕਾਲਜ ਤੋਂ ਡਿਗਰੀ ਕਰਕੇ ਬਰੈਂਪਟਨ ਦੀ ਕੋਰਟ (ਅਦਾਲਤ) ਵਿਚ 2011 ਤੋਂ ਅਸਿੱਸਟੈਂਟ ਕਰਾਉਂਨ ਅਟਾਰਨੀ ਦੇ ਅਹੁਦੇ 'ਤੇ ਕੰਮ ਕਰਦਾ ਰਿਹਾ, 2024 ਵਿਚ ਵਿੱਕ ਔਜਲਾ ਦੀ ਬਦਲੀ ਔਰਿੰਜ਼ਵੈਲ ਕੋਰਟ ਵਿਚ ਹੋ ਗਈ ਜਿੱਥੇ ਉਹ ਉਸੇ ਸਾਲ ਡਫ਼ਰਨ ਕਾਊਂਟੀ ਦੇ ਕਰਾਉਂਨ ਅਟਾਰਨੀ (ਹੈੱਡ ਕਰਾਉਂਨ) ਬਣ ਗਏ। 2026 ਵਿੱਚ 'ਓਂਟਾਰੀਓ ਅਟਾਰਨੀ ਜਨਰਲ' ਵੱਲੋਂ ਉਹਨਾਂ ਨੂੰ 'ਓਂਟਾਰੀਓ ਕੋਰਟ ਆਫ ਜਸਟਿਸ' ਦਾ ਜੱਜ ਨਿਯੁਕਤ ਕਰ ਦਿੱਤਾ ਗਿਆ।



ਦੱਸਣਯੋਗ ਹੈ ਕਿ ਵਿਕਰਮਜੀਤ ਬਰੈਂਪਟਨ ਦੇ ਸਾਬਕਾ ਸਿਟੀ ਕੌਂਸਲਰ ਬੀਬੀ ਅਵਤਾਰ ਕੌਰ ਔਜਲਾ, ਸਮਾਜ ਸੇਵੀ ਅਤੇ ਉੱਘੇ ਰੰਗ ਮੰਚ ਅਦਾਕਾਰ ਸ: ਨਾਹਰ ਸਿੰਘ ਔਜਲਾ ਦਾ ਹੋਣਹਾਰ ਸਪੁੱਤਰ ਹੈ।

# ਸ. ਗੁਰਿੰਦਰਵੀਰ ਸਿੰਘ ਬਣਿਆ ਭਾਰਤ ਦਾ ਸਭ ਤੋਂ ਤੇਜ਼ ਦੌੜਾਕ

## ਮਹਿਜ਼ 10.09 ਸਕਿੰਟ 'ਚ ਪੂਰੀ ਕੀਤੀ 100 ਮੀਟਰ ਦੌੜ

ਰਾਂਚੀ/ਸ਼ਾਹ : ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਖੇ ਪੰਜਾਬ ਦੇ ਗੁਰਿੰਦਰਵੀਰ ਸਿੰਘ ਨੇ ਉਸ ਸਮੇਂ ਇਤਿਹਾਸ ਸਿਰਜ ਦਿੱਤਾ, ਜਦੋਂ ਉਨ੍ਹਾਂ ਨੇ ਐਥਲੈਟਿਕਸ ਫੈਡਰੇਸ਼ਨ ਮੁਕਾਬਲੇ ਵਿਚ ਪੁਰਸ਼ਾਂ ਦੀ 100 ਮੀਟਰ ਦੌੜ ਨੂੰ ਮਹਿਜ਼ 10:09 ਸਕਿੰਟ ਵਿਚ ਪੂਰਾ ਕਰਕੇ ਨਵਾਂ ਰਿਕਾਰਡ ਬਣਾ ਦਿੱਤਾ।




ਇਹ ਰਿਕਾਰਡ ਇਸ ਲਈ ਵੀ ਖ਼ਾਸ ਐ ਕਿਉਂਕਿ ਭਾਰਤੀ ਐਥਲੈਟਿਕਸ ਦੇ ਇਤਿਹਾਸ ਵਿਚ ਪਹਿਲੀ ਵਾਰ 100 ਮੀਟਰ ਰੇਸ ਵਿਚ 10:10 ਸਕਿੰਟ ਦਾ ਮਾਰਕ ਕ੍ਰੈਕ ਹੋਇਆ ਏ, ਯਾਨੀ ਕਿਸੇ ਭਾਰਤੀ ਐਥਲੀਟ ਨੇ ਪਹਿਲੀ ਵਾਰ 100 ਮੀਟਰ ਦੌੜ ਨੂੰ 10:10 ਸਕਿੰਟ ਤੋਂ ਘੱਟ ਸਮੇਂ ਵਿਚ ਪੂਰਾ ਕੀਤਾ। ਗੁਰਿੰਦਰਵੀਰ ਨੇ ਫਿਨਿਸ਼ ਲਾਈਨ ਪਾਰ ਕਰਦਿਆਂ ਹੀ ਛਾਤੀ 'ਤੇ ਲੱਗਿਆ ਬਿਬ ਨੰਬਰ ਉਖਾੜ ਦਿੱਤਾ ਅਤੇ ਜੋਸ਼ ਵਿਚ ਦਹਾੜਦੇ ਹੋਏ ਟਰੈਕ 'ਤੇ ਅਪਣੇ ਜੁੱਤੇ ਸੁੱਟ ਦਿੱਤੇ। ਇਸ ਮੁਕਾਬਲੇ ਵਿਚ ਸ਼ਾਨਦਾਰ ਜਿੱਤ ਦਰਜ ਕਰਨ ਤੋਂ ਬਾਅਦ ਗੱਲਬਾਤ ਕਰਦਿਆਂ ਗੁਰਿੰਦਰਵੀਰ ਸਿੰਘ ਨੇ ਆਖਿਆ ਕਿ ਲੋਕ ਕਹਿੰਦੇ ਸੀ ਕਿ ਭਾਰਤੀਆਂ ਦੇ ਕੋਲ 100 ਮੀਟਰ ਦੇ ਲਈ ਜੀਨ ਨਹੀਂ ਐ,ਪਰ ਮੈਂ ਸਾਰਿਆਂ ਨੂੰ ਗ਼ਲਤ ਸਾਬਤ ਕਰਨਾ ਚਾਹੁੰਦਾ ਸੀ,ਭਾਰਤੀ ਜੀਨ ਬਹੁਤ ਮਜ਼ਬੂਤ ਐ ਅਤੇ ਇਹ ਸਿਰਫ਼ ਸ਼ੁਰੂਆਤ ਐ।

ਗੁਰਿੰਦਰਵੀਰ ਸਿੰਘ ਦਾ ਇਹ ਸਮਾਂ ਇਸ ਸੀਜ਼ਨ ਵਿਚ ਪੂਰੇ ਏਸ਼ੀਆ ਦਾ ਦੂਜਾ ਸਭ ਤੋਂ ਤੇਜ਼ ਸਮਾ ਹੈ ਜੋ ਜਪਾਨ ਦੇ ਫੁਕੁਤੋ ਕੋਮੁਰੋ ਤੋਂ ਸਿਰਫ਼ ਪੁਆਇੰਟ 01 ਸਕਿੰਟ ਪਿੱਛੇ ਐ। ਇਸ ਦੇ ਨਾਲ ਉਨ੍ਹਾਂ ਨੇ 2026 ਦੀਆਂ ਕਾਮਨਵੈਲਥ ਖੇਡਾਂ ਦੇ ਲਈ ਕੁਆਲੀਫਾਈ ਨੂੰ ਵੀ ਆਸਾਨੀ ਨਾਲ ਪਾਰ ਕਰ ਲਿਆ। ਸੀਨੀਅਰ ਫੈਡਰੇਸ਼ਨ ਕੱਪ 'ਚ ਗੁਰਿੰਦਰਵੀਰ ਸਿੰਘ ਨੇ ਅਪਣੇ ਕੱਟੜ ਮੁਕਾਬਲੇਬਾਜ਼ ਅਨਿਮੇਸ਼ ਕੁਜੂਰ ਨੂੰ ਪਿੱਛੇ ਛੱਡ ਦਿੱਤਾ। ਗੁਰਿੰਦਰਵੀਰ ਸਿੰਘ ਨੇ ਫਾਈਨਲ ਵਿਚ ਅਨਿਮੇਸ਼ ਤੋਂ 0.11 ਸਕਿੰਟ ਤੇਜ਼ ਦੌੜ ਲਗਾਈ। ਉਨ੍ਹਾਂ ਨੇ ਅਪਣੇ ਵਿਰੋਧੀ ਤੋਂ ਘੱਟੋ ਘੱਟ ਦੋ ਫੁੱਟ ਅੱਗੇ ਰਹਿੰਦਿਆਂ ਫਿਨਿਸ਼ ਲਾਈਨ ਪਾਰ ਕੀਤੀ। ਰਿਲਾਇੰਸ ਫਾਊਂਡੇਸ਼ਨ ਦੇ ਹੀ ਪ੍ਰਣਬ ਗੁਰਵ 10:29 ਸਕਿੰਟ ਦੇ ਸਮੇਂ ਨਾਲ ਤੀਜੇ ਸਥਾਨ 'ਤੇ ਰਹੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਗੁਰਿੰਦਰਵੀਰ ਸਿੰਘ ਨੂੰ ਮੁਬਾਰਕਾਂ ਦਿੰਦਿਆਂ ਆਖਿਆ :

ਮੁੱਖ ਮੰਤਰੀ ਮਾਨ ਨੇ ਦਿੱਤੀਆਂ ਮੁਬਾਰਕਾਂ : "ਸਾਡੇ ਹੋਣਹਾਰ ਖਿਡਾਰੀ ਗੁਰਿੰਦਰਵੀਰ ਸਿੰਘ ਨੂੰ ਰਾਂਚੀ 'ਚ ਫੈਡਰੇਸ਼ਨ ਕੱਪ ਦੀ 100 ਮੀਟਰ ਦੌੜ ਵਿਚ ਗੋਲਡ ਮੈਡਲ ਜਿੱਤਣ 'ਤੇ ਹਾਰਦਿਕ ਵਧਾਈ। ਸਾਡੇ ਬਹਾਦਰ ਨੌਜਵਾਨ ਨੇ 10:09 ਸਕਿੰਟ ਦਾ ਸਮਾਂ ਕੱਢ ਕੇ ਨਵਾਂ ਰਾਸ਼ਟਰੀ ਰਿਕਾਰਡ ਬਣਾਇਆ ਹੈ। ਗੁਰਿੰਦਰਵੀਰ ਇੰਨੇ ਘੱਟ ਸਮੇਂ 'ਚ ਦੌੜ ਪੂਰੀ ਕਰਨ ਵਾਲੇ ਪਹਿਲੇ ਭਾਰਤੀ ਐਥਲੀਟ ਬਣ ਗਏ ਹਨ। ਪੰਜਾਬ ਦੇ ਪੁੱਤਰ ਨੇ ਲਗਾਤਾਰ ਦੋ ਦਿਨਾਂ 'ਚ ਦੂਜਾ ਰਾਸ਼ਟਰੀ ਰਿਕਾਰਡ ਤੋੜ ਕੇ ਰਾਜ ਦਾ ਨਾਮ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ 'ਤੇ ਰੌਸ਼ਨ ਕੀਤਾ ਹੈ।"

ਗੁਰਿੰਦਰਵੀਰ ਸਿੰਘ ਦੀ ਇਸ ਸ਼ਾਨਦਾਰ ਜਿੱਤ 'ਤੇ ਉਸ ਦੇ ਪਰਿਵਾਰ ਵੱਲੋਂ ਖ਼ੁਸ਼ੀ ਜਤਾਈ ਗਈ ਐ। ਗੁਰਿੰਦਰਵੀਰ ਦੇ ਮਾਪਿਆਂ ਨੇ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਨੂੰ ਬਹੁਤ ਮਾਣ ਮਹਿਸੂਸ ਹੋ ਰਿਹੈ,, ਕਿ ਉਨ੍ਹਾਂ ਦੇ ਪੁੱਤਰ ਨੇ ਇਤਿਹਾਸ ਰਚ ਦਿੱਤਾ ਹੈ। ਗੁਰਿੰਦਰਵੀਰ ਦੇ ਪਿਤਾ ਨੇ ਆਖਿਆ ਕਿ ਉਹ 12 ਸਾਲ ਤੋਂ ਮਿਹਨਤ ਕਰ ਰਿਹਾ ਐ, ਜਿਸ ਦਾ ਫ਼ਲ ਉਸ ਨੂੰ ਮਿਲਿਆ।

ਵਿਸ਼ਵ ਵਿਚ 100 ਮੀਟਰ ਦੌੜ ਨਾਲ ਕੁੱਝ ਰੌਚਕ ਫੈਕਟ ਜੁੜੇ ਹੋਏ ਨੇ,, ਅੰਗਰੇਜ਼ ਕਿਸੇ ਸਮੇਂ ਮੰਨਦੇ ਸੀ ਕਿ ਕਾਲੇ ਲੋਕ ਦੌੜ ਵਿਚ ਕਦੇ ਉਨ੍ਹਾਂ ਤੋਂ ਅੱਗੇ ਨਹੀਂ ਲੰਘ ਸਕਦੇ, ਪਰ 1984 ਤੋਂ ਬਾਅਦ ਦੌੜ ਵਿਚ ਕੋਈ ਗੋਰਾ ਨਹੀਂ ਜਿੱਤ ਸਕਿਆ। ਜੇਕਰ 100 ਮੀਟਰ ਦੌੜ ਨਾਲ ਜੁੜੇ ਪਿਛਲੇ ਇਤਿਹਾਸ 'ਤੇ ਇਕ ਝਾਤ ਮਾਰੀ ਜਾਵੇ ਤਾਂ :

100 ਮੀਟਰ ਦੌੜ ਨਾਲ ਜੁੜਿਆ ਰੌਚਕ ਫੈਕਟ

- ਮਾਡਰਨ ਓਲੰਪਿਕ ਦੀ ਸ਼ੁਰੂਆਤ ਸੰਨ 1896 ਵਿਚ ਹੋਈ ਸੀ।
- 1928 ਤੱਕ 100 ਮੀਟਰ ਦੌੜ 'ਚ ਗੋਰੇ ਹੀ ਚੈਂਪੀਅਨ ਬਣਦੇ ਸਨ।
- 1932 'ਚ 100 ਮੀਟਰ ਦੌੜ 'ਚ ਐਡੀ ਟੋਲਨ ਪਹਿਲੇ ਕਾਲੇ ਚੈਂਪੀਅਨ ਬਣੇ।
- 1984 ਤੋਂ 2024 ਤੱਕ ਓਲੰਪਿਕ 'ਚ ਕਾਲੇ ਹੀ 100 ਮੀਟਰ ਚੈਂਪੀਅਨ ਰਹੇ।
- 2020 'ਚ ਟੋਕੀਓ ਓਲੰਪਿਕ ਦਾ ਗੋਲਡ ਲੇਮਾਂਟ ਮਾਰਸਲ ਜੈਕਬਜ਼ ਨੇ ਜਿੱਤਿਆ।
- ਜੈਕਬਜ਼ ਦੇ ਪਿਤਾ ਅਫ਼ਰੀਕੀ ਅਤੇ ਮਾਂ ਇਟਾਲੀਅਨ ਹੋਣ ਕਰਕੇ ਉਨ੍ਹਾਂ ਨੂੰ ਵੀ ਕਾਲਿਆਂ 'ਚ ਗਿਣਿਆ ਗਿਆ।

ਦੱਸ ਦਈਏ ਕਿ ਗੁਰਿੰਦਰਵੀਰ ਸਿੰਘ ਤੋਂ ਇਲਾਵਾ ਵਿਸ਼ਾਲ ਨੇ ਪੁਰਸ਼ਾਂ ਦੀ 400 ਮੀਟਰ ਦੌੜ ਨੂੰ 44.98 ਸਕਿੰਟ ਵਿਚ ਪੂਰਾ ਕਰਕੇ ਅਪਣਾ ਹੀ ਨੈਸ਼ਨਲ ਰਿਕਾਰਡ ਤੋੜ ਦਿੱਤਾ। ਉਹ 45 ਸਕਿੰਟ ਤੋਂ ਘੱਟ ਸਮੇਂ ਵਿਚ ਇਹ ਦੌੜ ਪੂਰੀ ਕਰਨ ਵਾਲੇ ਪਹਿਲੇ ਭਾਰਤੀ ਬਣ ਗਏ। ਵਿਸ਼ਾਲ ਦੀ ਇਹ ਟਾਈਮਿੰਗ ਇਸ ਸੀਜ਼ਨ ਵਿਚ ਪੂਰੇ ਏਸ਼ੀਆ ਵਿਚ ਸਭ ਤੋਂ ਤੇਜ਼ ਐ। ਦੌੜ ਵਿਚ ਤਾਮਿਲਨਾਡੂ ਦੇ ਰਾਜੇਸ਼ ਰਮੇਸ਼ 45:31 ਸਕਿੰਟ ਨਾਲ ਦੂਜੇ ਅਤੇ ਉਤਰ ਪ੍ਰਦੇਸ਼ ਦੇ ਜੈ ਕੁਮਾਰ 45:47 ਸਕਿੰਟ ਨਾਲ ਤੀਜੇ ਸਥਾਨ 'ਤੇ ਰਹੇ।

# ਦੇਸ਼ ਦੇ ਸਭ ਤੋਂ ਤੇਜ਼ ਦੌੜਾਕ ਪਿੱਛੇ ਖੜ੍ਹੇ ਪਿਤਾ ਦਾ ਸੰਘਰਸ਼: 5 ਹਜ਼ਾਰ ਦੀ ਪੁਰਾਣੀ ਸਕੂਟੀ ਤੋਂ ਨੈਸ਼ਨਲ ਰਿਕਾਰਡ ਤੱਕ

ਜਲੰਧਰ, (ਸਾਡੇ ਲੋਕ) : ਜਦੋਂ ਭੋਗਪੁਰ (ਜਲੰਧਰ) ਦੇ ਪਿੰਡ ਪਟਿਆਲ ਦੇ 25 ਸਾਲਾ ਗੁਰਿੰਦਰਵੀਰ ਸਿੰਘ ਨੇ 10.09 ਸੈਕਿੰਡ ਵਿੱਚ ਦੌੜ ਪੂਰੀ ਕਰਕੇ ਪੁਰਸ਼ਾਂ ਦੀ 100 ਮੀਟਰ ਦੌੜ ਵਿੱਚ ਇੱਕ ਨਵਾਂ ਨੈਸ਼ਨਲ ਰਿਕਾਰਡ (ਰਾਸ਼ਟਰੀ ਰਿਕਾਰਡ) ਬਣਾਇਆ, ਤਾਂ ਪੂਰੇ ਦੇਸ਼ ਨੇ ਭਾਰਤ ਦੇ ਸਭ ਤੋਂ ਤੇਜ਼ ਦੌੜਾਕ ਦੀ ਇਸ ਸਫ਼ਲਤਾ ਦਾ ਜਸ਼ਨ ਮਨਾਇਆ। ਪਰ ਇਸ ਸ਼ਾਨਦਾਰ ਦੌੜ ਦੇ ਪਿੱਛੇ ਕੁਰਬਾਨੀ, ਸੰਘਰਸ਼ ਅਤੇ ਇੱਕ ਪਿਤਾ ਦੇ ਅਟੁੱਟ ਵਿਸ਼ਵਾਸ ਦੀ ਕਹਾਣੀ ਲੁਕੀ ਹੋਈ ਹੈ।



ਗੁਰਿੰਦਰਵੀਰ ਦੇ ਪਿਤਾ ਕਮਲਜੀਤ ਸਿੰਘ, ਜੋ ਕਿ ਇੱਕ ਰਿਟਾਇਰਡ ASI ਅਤੇ ਵਾਲੀਬਾਲ ਦੇ ਸਾਬਕਾ ਖਿਡਾਰੀ ਹਨ, ਲਈ ਸ਼ਨੀਵਾਰ ਦਾ ਇਹ ਇਤਿਹਾਸਕ ਪਲ ਸਿਰਫ਼ ਇੱਕ ਰਿਕਾਰਡ ਨਹੀਂ ਸੀ, ਸਗੋਂ ਸਾਲਾਂ ਦੀਆਂ ਚੁੱਪ ਕੁਰਬਾਨੀਆਂ ਦਾ ਫਲ ਸੀ। ਕਮਲਜੀਤ ਸਿੰਘ ਨੇ ਬੜੇ ਮਾਣ ਨਾਲ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਦੱਸਿਆ, "ਬੜੀ ਜਲਦੀ ਉਹਨੇ ਮੇਰੇ ਜਿੰਨੀ ਸਪੀਡ ਫੜ ਲਈ, ਬਹੁਤ ਫੁਰਤੀਲਾ ਸੀ।" ਉਨ੍ਹਾਂ ਨੂੰ ਉਹ ਸਮਾਂ ਯਾਦ ਆਇਆ ਜਦੋਂ ਉਹ ਪਹਿਲੀ ਵਾਰ ਛੋਟੇ ਗੁਰਿੰਦਰਵੀਰ ਨੂੰ ਮੈਦਾਨ ਵਿੱਚ ਲੈ ਕੇ ਗਏ ਸਨ ਅਤੇ ਉਨ੍ਹਾਂ ਨੇ ਉਸ ਦੀ ਤੇਜ਼ ਰਫ਼ਤਾਰ ਵਿੱਚ ਕੁਝ ਖ਼ਾਸ ਦੇਖਿਆ ਸੀ। ਅੱਜ ਉਨ੍ਹਾਂ ਦਾ ਫ਼ੋਨ ਲਗਾਤਾਰ ਵੱਜ ਰਿਹਾ ਹੈ। ਦੋਸਤ, ਰਿਸ਼ਤੇਦਾਰ ਅਤੇ ਸ਼ੁਭਚਿੰਤਕ ਉਸ ਪਿਤਾ ਨੂੰ ਵਧਾਈਆਂ ਦੇ ਰਹੇ ਹਨ ਜਿਸ ਦੇ ਪੁੱਤਰ ਨੇ ਭਾਰਤੀ ਐਥਲੈਟਿਕਸ ਦੇ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਵਾ ਲਿਆ ਹੈ। ਹਾਲਾਂਕਿ, ਇਹ ਸਫ਼ਰ ਕਦੇ ਵੀ ਸੌਖਾ ਨਹੀਂ ਸੀ।

ਜਦੋਂ ਗੁਰਿੰਦਰਵੀਰ ਛੇਵੀਂ ਜਮਾਤ ਵਿੱਚ ਸੀ, ਤਾਂ ਉਸ ਦੇ ਪਹਿਲੇ ਕੋਚ ਸਰਵਣ ਸਿੰਘ ਨੇ ਕਮਲਜੀਤ ਨੂੰ ਪੂਰੇ ਭਰੋਸੇ ਨਾਲ ਕਿਹਾ ਸੀ: "ਇਹ ਮੁੰਡਾ ਇੰਡੀਆ ਦਾ ਟਾਪ ਦਾ ਪਲੇਅਰ ਬਣੇਗਾ।" ਕੋਚ ਦੇ ਇਹ ਬੋਲ ਪਿਤਾ ਦੇ ਦਿਲ ਵਿੱਚ ਹਮੇਸ਼ਾ ਲਈ ਘਰ ਕਰ ਗਏ। ਕਮਲਜੀਤ ਨੇ ਦੱਸਿਆ, "ਕੋਚਾਂ ਨੇ ਮੈਨੂੰ ਕਿਹਾ ਸੀ ਕਿ ਜੇਕਰ ਮੈਂ ਉਸ ਨੂੰ ਖਿਡਾਰੀ ਬਣਾਉਣਾ ਚਾਹੁੰਦਾ ਹਾਂ ਤਾਂ ਮੈਨੂੰ ਪੈਸੇ ਖਰਚਣੇ ਪੈਣਗੇ। ਮੈਂ ਆਪਣੀ ਹੈਸੀਅਤ ਤੋਂ ਬਾਹਰ ਜਾ ਕੇ ਵੀ ਕੁਝ ਵੀ ਕਰਨ ਲਈ ਤਿਆਰ ਸੀ।

ਸ਼ੁਰੂਆਤੀ ਦਿਨਾਂ ਵਿੱਚ ਗੁਰਿੰਦਰਵੀਰ ਰੋਜ਼ਾਨਾ ਟਰੇਨਿੰਗ ਲਈ ਬੱਸ ਰਾਹੀਂ ਲੰਮਾ ਸਫ਼ਰ ਤੈਅ ਕਰਦਾ ਸੀ ਅਤੇ ਸ਼ਾਮ ਨੂੰ ਬਹੁਤ ਥੱਕ ਕੇ ਘਰ ਪਰਤਦਾ ਸੀ। ਜਦੋਂ ਗੁਰਿੰਦਰਵੀਰ ਨੇ ਦੱਸਿਆ ਕਿ ਉਸ ਨੂੰ ਆਰਾਮ ਕਰਨ ਲਈ ਪੂਰਾ ਸਮਾਂ ਨਹੀਂ ਮਿਲ ਰਿਹਾ, ਤਾਂ ਕਮਲਜੀਤ ਨੇ ਉਸ ਲਈ 5,000 ਰੁਪਏ ਵਿੱਚ ਇੱਕ ਪੁਰਾਣੀ ਸਕੂਟੀ ਖਰੀਦੀ ਤਾਂ ਜੋ ਉਸ ਦਾ ਸਮਾਂ ਬਚ ਸਕੇ ਅਤੇ ਉਹ ਚੰਗੀ ਤਰ੍ਹਾਂ ਆਰਾਮ ਕਰ ਸਕੇ। ਜਦੋਂ ਉਸ ਪੁਰਾਣੀ ਸਕੂਟੀ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ, ਖ਼ਾਸ ਕਰਕੇ ਉਸ ਦੇ ਕਿੱਕ-ਸਟਾਰਟ ਕਰਕੇ, ਤਾਂ ਪਿਤਾ ਨੇ ਦੁਬਾਰਾ ਬਿਲਕੁਲ ਨਹੀਂ ਸੋਚਿਆ। ਆਰਥਿਕ ਤੰਗੀ ਦੇ ਬਾਵਜੂਦ, ਉਨ੍ਹਾਂ ਨੇ ਕਿਸ਼ਤਾਂ 'ਤੇ ਇੱਕ ਨਵੀਂ ਸਕੂਟੀ ਖਰੀਦ ਲਈ ਤਾਂ ਜੋ ਉਨ੍ਹਾਂ ਦੇ ਪੁੱਤਰ ਦੇ ਸੁਪਨਿਆਂ ਦੀ ਰਫ਼ਤਾਰ ਹੌਲੀ ਨਾ ਹੋਵੇ।

ਕੁਰਬਾਨੀਆਂ ਦਾ ਇਹ ਸਿਲਸਿਲਾ ਇੱਥੇ ਹੀ ਨਹੀਂ ਰੁਕਿਆ। ਚੰਗੀਆਂ ਸਹੂਲਤਾਂ ਅਤੇ ਵਧੀਆ ਕੋਚਿੰਗ ਲਈ ਭੋਗਪੁਰ ਦੇ ਕੋਲ ਆਪਣੇ ਪਿੰਡ ਤੋਂ ਜਲੰਧਰ ਆਉਣ ਤੋਂ ਬਾਅਦ, ਕਮਲਜੀਤ ਨੇ ਇਹ ਪੱਕਾ ਕੀਤਾ ਕਿ ਗੁਰਿੰਦਰਵੀਰ ਨੂੰ ਰਹਿਣ ਲਈ ਇੱਕ ਵਧੀਆ ਕਮਰਾ ਮਿਲੇ ਅਤੇ ਉਸ ਨੂੰ ਕੋਈ ਤਕਲੀਫ਼ ਨਾ ਹੋਵੇ। ਉਨ੍ਹਾਂ ਨੇ ਭਾਵੁਕ ਹੁੰਦਿਆਂ ਕਿਹਾ, "ਉਹ ਸਾਰੀਆਂ ਕੁਰਬਾਨੀਆਂ ਮੇਰੇ ਪੁੱਤਰ ਲਈ ਸਨ ਅਤੇ ਅੱਜ ਉਸ ਨੇ ਮੇਰਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ। ਮੈਂ ਜ਼ਿੰਦਗੀ ਤੋਂ ਹੋਰ ਕੀ ਮੰਗ ਸਕਦਾ ਹਾਂ?

ਕਮਲਜੀਤ ਨੇ ਉਨ੍ਹਾਂ ਕੋਚਾਂ ਦਾ ਵੀ ਧੰਨਵਾਦ ਕੀਤਾ ਜੋ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਦੇ ਪੁੱਤਰ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਰਹੇ, ਖ਼ਾਸ ਕਰਕੇ ਜਲੰਧਰ ਆਰਟਸ ਐਂਡ ਸਪੋਰਟਸ ਕਾਲਜ ਦੇ ਕੋਚ ਸਰਬਜੀਤ ਸਿੰਘ ਹੈਪੀ, ਜਿਨ੍ਹਾਂ ਨੇ ਗੁਰਿੰਦਰਵੀਰ ਨੂੰ ਇੱਕ ਚੈਂਪੀਅਨ ਰਨਰ ਬਣਾਉਣ ਵਿੱਚ ਮਦਦ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੇ ਪੁੱਤਰ ਦੇ ਇਸ ਮੁਕਾਮ 'ਤੇ ਪਹੁੰਚਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਉਸ ਨੂੰ ਕੋਈ ਨੌਕਰੀ ਨਹੀਂ ਦਿੱਤੀ ਹੈ। ਉਨ੍ਹਾਂ ਮੰਗ ਕੀਤੀ, "ਸਰਕਾਰ ਨੂੰ ਉਸ ਨੂੰ ਨੌਕਰੀ ਦੇਣੀ ਚਾਹੀਦੀ ਹੈ।" ਹੁਣ, ਨੈਸ਼ਨਲ ਰਿਕਾਰਡ ਬਣਾਉਣ ਤੋਂ ਬਾਅਦ ਵੀ, ਪਿਤਾ ਦੇ ਦਿਲ ਵਿੱਚ ਇੱਕ ਹੋਰ ਸੁਪਨਾ ਬਾਕੀ ਹੈ। ਕਮਲਜੀਤ ਨੇ ਕਿਹਾ, "ਮੈਂ ਬੱਸ ਉਸ ਨੂੰ ਭਾਰਤ ਲਈ ਓਲੰਪਿਕ ਮੈਡਲ ਜਿੱਤਦਿਆਂ ਦੇਖਣਾ ਚਾਹੁੰਦਾ ਹਾਂ।

ਜਿਵੇਂ ਹੀ ਗੁਰਿੰਦਰਵੀਰ ਨੇ ਦੌੜ ਖ਼ਤਮ ਕੀਤੀ, ਉਸ ਨੇ ਇੱਕ ਕਾਗਜ਼ ਦਾ ਟੁਕੜਾ ਕੱਢਿਆ ਜਿਸ 'ਤੇ ਲਿਖਿਆ ਸੀ: "ਟਾਸਕ ਅਜੇ ਖ਼ਤਮ ਨਹੀਂ ਹੋਇਆ। 10.10 ਸੈਕਿੰਡ, ਰੁਕੋ ਮੈਂ ਅਜੇ ਵੀ ਖੜ੍ਹਾ ਹਾਂ।" ਉਸ ਨੇ ਇਹ ਦੌੜ 10.09 ਸੈਕਿੰਡ ਵਿੱਚ ਪੂਰੀ ਕੀਤੀ ਸੀ। ਉਸ ਦਾ ਇਹ ਅੰਦਾਜ਼ ਨਾ ਸਿਰਫ਼ ਉਸ ਦੇ ਆਤਮਵਿਸ਼ਵਾਸ ਨੂੰ, ਸਗੋਂ ਉਸ ਦੀ ਸਾਲਾਂ ਦੀ ਮਿਹਨਤ, ਅਨੁਸ਼ਾਸਨ ਅਤੇ ਇੱਕ ਚੈਂਪੀਅਨ ਵਾਲੀ ਸੋਚ ਨੂੰ ਦਰਸਾਉਂਦਾ ਹੈ।

# ਭਾਰਤ ਦਾ ਸਭ ਤੋਂ ਤੇਜ਼ ਦੌੜਾਕ ਬਣਿਆ ਗੁਰਿੰਦਰਵੀਰ ਸਿੰਘ

## 100 ਮੀਟਰ ਰੇਸ ਵਿੱਚ ਨਵਾਂ ਰਾਸ਼ਟਰੀ ਰਿਕਾਰਡ ਬਣਾਉਣ 'ਤੇ ਜਲੰਧਰ ਵਿਖੇ ਪਰਿਵਾਰ ਨੇ ਮਨਾਈ ਖੁਸ਼ੀ





ਜਲੰਧਰ : ਪੰਜਾਬ ਦੇ ਜਲੰਧਰ ਦੇ ਰਹਿਣ ਵਾਲੇ ਸਪ੍ਰਿੰਟਰ (ਤੇਜ਼ ਦੌੜਾਕ) ਗੁਰਿੰਦਰਵੀਰ ਸਿੰਘ ਨੇ ਇਤਿਹਾਸ ਰਚ ਦਿੱਤਾ ਹੈ। 29ਵੇਂ ਨੈਸ਼ਨਲ ਸੀਨੀਅਰ ਐਥਲੈਟਿਕਸ ਫੈਡਰੇਸ਼ਨ ਕੱਪ (ਜੋ ਕਿ ਰਾਂਚੀ ਵਿਖੇ ਖੇਡਿਆ ਗਿਆ) ਦੌਰਾਨ ਗੁਰਿੰਦਰਵੀਰ ਨੇ 100 ਮੀਟਰ ਦੀ ਦੌੜ ਮਹਿਜ਼ 10.09 ਸੈਕੰਡ ਵਿੱਚ ਪੂਰੀ ਕਰਕੇ ਨਵਾਂ ਰਾਸ਼ਟਰੀ ਰਿਕਾਰਡ ਸਥਾਪਿਤ ਕੀਤਾ ਹੈ। ਉਹ 10.10 ਸੈਕੰਡ ਦੇ ਅੰਕੜੇ ਤੋਂ ਘੱਟ ਸਮੇਂ ਵਿੱਚ ਦੌੜ ਪੂਰੀ ਕਰਨ ਵਾਲੇ ਪਹਿਲੇ ਭਾਰਤੀ ਐਥਲੀਟ ਬਣ ਗਏ ਹਨ।

ਇਸ ਇਤਿਹਾਸਕ ਜਿੱਤ ਤੋਂ ਬਾਅਦ ਜਲੰਧਰ (ਭੋਗਪੁਰ ਦੇ ਪਿੰਡ ਪਟਿਆਲ) ਵਿਖੇ ਗੁਰਿੰਦਰਵੀਰ ਸਿੰਘ ਦੇ ਘਰ ਖੁਸ਼ੀ ਦਾ ਮਾਹੌਲ ਹੈ। ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਲੱਡੂ ਵੰਡ ਕੇ ਅਤੇ ਢੋਲ ਦੀ ਥਾਪ 'ਤੇ ਨੱਚ ਕੇ ਇਸ ਸ਼ਾਨਦਾਰ ਪ੍ਰਾਪਤੀ ਦਾ ਜਸ਼ਨ ਮਨਾਇਆ ਜਾ ਰਿਹਾ ਹੈ।

ਮਾਪਿਆਂ ਨੂੰ ਪੁੱਤਰ 'ਤੇ ਮਾਣ: ਗੁਰਿੰਦਰਵੀਰ ਦੇ ਪਿਤਾ ਕਮਲਜੀਤ ਸਿੰਘ (ਜੋ ਖੁਦ ਪੰਜਾਬ ਪੁਲਿਸ ਦੇ ਸੇਵਾਮੁਕਤ ਅਧਿਕਾਰੀ ਅਤੇ ਵਾਲੀਬਾਲ ਖਿਡਾਰੀ ਹਨ) ਅਤੇ ਮਾਤਾ ਰੁਪਿੰਦਰ ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੇ ਦੇਸ਼ ਅਤੇ ਪੰਜਾਬ ਦਾ ਨਾਂ ਪੂਰੀ ਦੁਨੀਆ ਵਿੱਚ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਗੁਰਿੰਦਰਵੀਰ ਦੀ ਸਾਲਾਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਖੇਡ ਪ੍ਰਤੀ ਸਮਰਪਣ ਦਾ ਨਤੀਜਾ ਹੈ।

'ਤੂਫ਼ਾਨ ਸਿੰਘ' ਦੇ ਨਾਂ ਨਾਲ ਮਿਲੀ ਪਛਾਣ: ਗੁਰਿੰਦਰਵੀਰ ਦੇ ਪਿਤਾ ਨੇ ਦੱਸਿਆ ਕਿ ਇਸ ਸ਼ਾਨਦਾਰ ਰਿਕਾਰਡ ਤੋਂ ਬਾਅਦ ਲੋਕ ਹੁਣ ਉਨ੍ਹਾਂ ਦੇ ਪੁੱਤਰ ਨੂੰ ਪਿਆਰ ਨਾਲ 'ਤੂਫ਼ਾਨ ਸਿੰਘ' ਕਹਿ ਕੇ ਬੁਲਾ ਰਹੇ ਹਨ।



ਅੰਤਰਰਾਸ਼ਟਰੀ ਖੇਡਾਂ ਲਈ ਕੁਆਲੀਫਾਈ: ਇਸ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ ਹੀ ਗੁਰਿੰਦਰਵੀਰ ਸਿੰਘ ਨੇ ਐਥਲੈਟਿਕਸ ਫੈਡਰੇਸ਼ਨ ਆਫ ਇੰਡੀਆ (AFI) ਦੁਆਰਾ ਨਿਰਧਾਰਿਤ 10.16 ਸੈਕੰਡ ਦੇ ਮਾਪਦੰਡ ਨੂੰ ਪਾਰ ਕਰਦੇ ਹੋਏ ਰਾਸ਼ਟਰਮੰਡਲ ਖੇਡਾਂ (Commonwealth Games) ਅਤੇ ਏਸ਼ੀਆਈ ਖੇਡਾਂ (Asian Games) ਲਈ ਵੀ ਕੁਆਲੀਫਾਈ ਕਰ ਲਿਆ ਹੈ।

ਇੰਡੀਅਨ ਨੇਵੀ ਅਫ਼ਸਰ ਗੁਰਿੰਦਰਵੀਰ ਸਿੰਘ ਦਾ ਨਵਾਂ ਰਿਕਾਰਡ

ਇਹ ਵੀਡੀਓ ਗੁਰਿੰਦਰਵੀਰ ਸਿੰਘ (ਜੋ ਭਾਰਤੀ ਨੇਵੀ ਵਿੱਚ ਵੀ ਸੇਵਾ ਨਿਭਾ ਰਹੇ ਹਨ) ਦੇ ਇਸ ਸ਼ਾਨਦਾਰ ਰਾਸ਼ਟਰੀ ਰਿਕਾਰਡ, ਦੇਸ਼ ਭਰ ਵਿੱਚ ਉਨ੍ਹਾਂ ਦੀ ਸ਼ਲਾਘਾ ਅਤੇ ਉਨ੍ਹਾਂ ਦੇ ਖੇਡ ਸਫ਼ਰ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦੀ ਹੈ।

### ਪੰਜਾਬ ਖੇਡ ਜਗਤ ਵਿੱਚ ਵੱਡਾ ਧਮਾਕਾ

# ਮੁੱਖ ਮੰਤਰੀ ਭਗਵੰਤ ਮਾਨ ਨੇ 87 ਖਿਡਾਰੀਆਂ ਨੂੰ 'ਮਹਾਰਾਜਾ ਰਣਜੀਤ ਸਿੰਘ ਪੁਰਸਕਾਰ' ਨਾਲ ਨਿਵਾਜਿਆ; 32 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਵੰਡੀ
















ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਚੰਡੀਗੜ੍ਹ ਦੇ ਮਿਊਂਸੀਪਲ ਭਵਨ ਵਿਖੇ ਕਰਵਾਏ ਗਏ ਇੱਕ ਸ਼ਾਨਦਾਰ ਰਾਜ ਪੱਧਰੀ ਸਮਾਰੋਹ ਦੌਰਾਨ ਸੂਬੇ ਦੇ ਸਰਵੋਤਮ ਖਿਡਾਰੀਆਂ ਦਾ ਸਨਮਾਨ ਕੀਤਾ।

ਮੁੱਖ ਮੰਤਰੀ ਨੇ 2018 ਤੋਂ 2023 ਤੱਕ ਦੇ ਪੈਂਡਿੰਗ ਬੈਕਲਾਗ ਨੂੰ ਖ਼ਤਮ ਕਰਦਿਆਂ 87 ਉੱਘੇ ਖਿਡਾਰੀਆਂ ਨੂੰ ਪੰਜਾਬ ਦੇ ਸਰਵਉੱਚ ਖੇਡ ਸਨਮਾਨ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਨਿਵਾਜਿਆ। ਇਸ ਦੇ ਨਾਲ ਹੀ ਵੱਖ-ਵੱਖ ਖੇਡਾਂ ਵਿੱਚ ਤਗਮੇ ਜਿੱਤਣ ਵਾਲੇ 1,070 ਖਿਡਾਰੀਆਂ ਨੂੰ 32.05 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦੇ ਚੈੱਕ ਅਤੇ ਡੀਬੀਟੀ (Direct Benefit Transfer) ਰਾਹੀਂ ਫੰਡ ਵੰਡੇ ਗਏ।

ਇਸ ਇਤਿਹਾਸਕ ਮੌਕੇ 'ਤੇ ਮੁੱਖ ਮੰਤਰੀ ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ, ਹਰਲੀਨ ਦਿਓਲ, ਅਮਨਜੋਤ ਕੌਰ, ਓਲੰਪੀਅਨ ਹਾਕੀ ਖਿਡਾਰੀਆਂ ਅਤੇ ਕਈ ਹੋਰ ਸਟਾਰ ਐਥਲੀਟਾਂ ਨਾਲ ਯਾਦਗਾਰੀ ਗਰੁੱਪ ਤਸਵੀਰ ਵੀ ਖਿਚਵਾਈ।

**ਸਟਾਰ ਖਿਡਾਰੀਆਂ 'ਤੇ ਨੋਟਾਂ ਦਾ ਮੀਂਹ:** ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਅਤੇ ਆਲਰਾਊਂਡਰ ਅਮਨਜੋਤ ਕੌਰ ਨੂੰ 1.50-1.50 ਕਰੋੜ ਰੁਪਏ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਨਿਸ਼ਾਨੇਬਾਜ਼ ਅਮਨਪ੍ਰੀਤ ਸਿੰਘ ਨੂੰ 1.54 ਕਰੋੜ ਅਤੇ ਨੀਰਜ ਕੁਮਾਰ ਨੂੰ 1.52 ਕਰੋੜ ਰੁਪਏ ਮਿਲੇ।

**ਹਾਕੀ ਦੇ ਸਿਤਾਰਿਆਂ ਦਾ ਸਨਮਾਨ:** ਭਾਰਤੀ ਮਰਦ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਓਲੰਪਿਕ ਤਗਮਾ ਜੇਤੂ ਗੁਰਜੰਟ ਸਿੰਘ, ਰੁਪਿੰਦਰ ਪਾਲ ਸਿੰਘ, ਮਨਦੀਪ ਸਿੰਘ ਅਤੇ ਹਾਰਦਿਕ ਸਿੰਘ ਸਣੇ ਕਈ ਦਿੱਗਜ ਹਾਕੀ ਖਿਡਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

**ਖੇਡਾਂ ਲਈ ਇਤਿਹਾਸਕ ਬਜਟ:** ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਵਿੱਤੀ ਸਾਲ 2026-27 ਲਈ ਪੰਜਾਬ ਸਰਕਾਰ ਨੇ 1,763 ਕਰੋੜ ਰੁਪਏ ਦਾ ਰਿਕਾਰਡ ਖੇਡ ਬਜਟ ਰੱਖਿਆ ਹੈ। ਇਸ ਤੋਂ ਇਲਾਵਾ ਪਿੰਡਾਂ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ 1,300 ਕਰੋੜ ਰੁਪਏ ਦੀ ਲਾਗਤ ਨਾਲ 3,148 ਪੇਂਡੂ ਖੇਡ ਮੈਦਾਨ ਵਿਕਸਿਤ ਕੀਤੇ ਜਾ ਰਹੇ ਹਨ।

**ਤਿਆਰੀ ਲਈ ਪਹਿਲਾਂ ਮਿਲੇਗੀ ਰਾਸ਼ੀ:** ਮੁੱਖ ਮੰਤਰੀ ਨੇ ਦੱਸਿਆ ਕਿ ਪੁਰਾਣੀ ਪ੍ਰਥਾ ਨੂੰ ਬਦਲਦਿਆਂ ਹੁਣ ਖਿਡਾਰੀਆਂ ਨੂੰ ਸਿਰਫ਼ ਜਿੱਤਣ ਤੋਂ ਬਾਅਦ ਹੀ ਨਹੀਂ, ਸਗੋਂ ਟੂਰਨਾਮੈਂਟਾਂ ਦੀ ਤਿਆਰੀ ਲਈ ਪਹਿਲਾਂ ਹੀ ਫੰਡ ਦਿੱਤੇ ਜਾ ਰਹੇ ਹਨ। ਇਸ ਵਾਰ 220 ਖਿਡਾਰੀਆਂ ਨੂੰ ਤਿਆਰੀ ਲਈ 8.61 ਕਰੋੜ ਰੁਪਏ ਜਾਰੀ ਕੀਤੇ ਗਏ।

**ਹਰਮਨਪ੍ਰੀਤ ਕੌਰ ਦਾ ਬਿਆਨ:** 'ਪੰਜਾਬ ਦੇ ਖਿਡਾਰੀਆਂ ਨੂੰ ਆਖਰਕਾਰ ਉਹ ਮਾਣ-ਸਤਿਕਾਰ ਅਤੇ ਪਛਾਣ ਮਿਲ ਰਹੀ ਹੈ ਜਿਸ ਦੇ ਉਹ ਹੱਕਦਾਰ ਸਨ। ਸਰਕਾਰ ਵੱਲੋਂ ਪਿੰਡਾਂ ਵਿੱਚ ਬਣਾਏ ਜਾ ਰਹੇ ਸਟੇਡੀਅਮ ਅਤੇ ਨਵਾਂ ਖੇਡ ਪੋਰਟਲ ਆਉਣ ਵਾਲੀ ਪੀੜ੍ਹੀ ਨੂੰ ਖੇਡਾਂ ਵੱਲ ਮੋੜਨ ਵਿੱਚ ਬਹੁਤ ਮਦਦਗਾਰ ਸਾਬਤ ਹੋਣਗੇ।'

# ਪੰਜਾਬ ਦੀ ਧੀ ਨੇ ਕੈਨੇਡਾ ਸਮਿਟ ਵਿੱਚ ਸਰਹੱਦੀ ਕਿਸਾਨਾਂ ਦੀ ਅਵਾਜ਼ ਚੁੱਕੀ

ਵਿਨੀਪੈੱਗ : ਬੀਤੇ ਦਿਨੀਂ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿੱਚ ਹੋਈ ਚਾਰ ਰੋਜ਼ਾ ਕੌਮਾਂਤਰੀ ਹਿਊਮਨ ਰਾਈਟਸ ਸਮਿਟ ਆਫ਼ ਯੂਥ ਲੀਡਰ 2026 ਦੌਰਾਨ ਡੀ ਸੀ ਮਾਡਲ ਇੰਟਰਨੈਸ਼ਨਲ ਸਕੂਲ ਫ਼ਿਰੋਜਪੁਰ ਦੀ ਬਾਰ੍ਹਵੀਂ ਕਲਾਸ ਦੀ 16 ਸਾਲਾ ਵਿਦਿਆਰਥਣ ਹੇਜ਼ਲ ਨੇ ਸਰਹੱਦੀ ਕਿਸਾਨਾਂ ਦੀ ਆਵਾਜ਼ ਨੂੰ ਅੰਤਰਰਾਸ਼ਟਰੀ ਮੰਚ ਤੱਕ ਪਹੁੰਚਾਇਆ।

ਇਸ ਸਮਾਗਮ ਵਿੱਚ 40 ਤੋਂ ਵੱਧ ਦੇਸ਼ਾਂ ਤੋਂ ਆਏ ਡੈਲੀਗੇਟਸ ਅਤੇ 100 ਤੋਂ ਵੱਧ ਭਾਗੀਦਾਰ ਮੌਜੂਦ ਸਨ। ਹੇਜ਼ਲ ਨੂੰ ਇਸ ਸਮਿੱਟ ਲਈ ਵਿਸ਼ੇਸ਼ ਸੱਦਾ ਅਤੇ ਸਕਾਲਰਸ਼ਿਪ ਪ੍ਰਾਪਤ ਹੋਈ ਸੀ ਅਤੇ ਸਮਾਗਮ ਦੌਰਾਨ ਉਸ ਨੂੰ ਯੰਗੈਸਟ ਡੈਲੀਗੇਟ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਕਿ 1947 ਦੀ ਵੰਡ ਤੋਂ ਬਾਅਦ ਬੇਘਰ ਹੋਏ ਹਜ਼ਾਰਾਂ ਪਰਿਵਾਰਾਂ ਨੇ ਬੰਜਰ ਅਤੇ ਗੈਰ-ਖੇਤੀਯੋਗ ਧਰਤੀ ਨੂੰ ਆਪਣੀ ਮਿਹਨਤ ਨਾਲ ਖੇਤੀਯੋਗ ਬਣਾਇਆ, ਪਿੰਡ ਵਸਾਏ, ਘਰ ਬਣਾਏ ਅਤੇ ਪੀੜੀਆਂ ਦਾ ਭਵਿੱਖ ਤਿਆਰ ਕੀਤਾ, ਪਰ ਅੱਜ ਵੀ ਉਹਨਾਂ ਕੋਲ ਪੂਰੀ ਕਾਨੂੰਨੀ ਮਲਕੀਅਤ ਨਹੀਂ ਹੈ।

1947 ਤੋਂ ਲੈ ਕੇ ਅੱਜ 2026 ਤੱਕ ਇਹ ਲੋਕ ਆਪਣੇ ਹੀ ਹੱਕਾਂ ਲਈ ਸੰਘਰਸ਼ ਕਰ ਰਹੇ ਹਨ। ਆਜ਼ਾਦੀ ਨੂੰ 70 ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਹਜ਼ਾਰਾਂ ਪਰਿਵਾਰ ਅਜੇ ਵੀ ਬੁਨਿਆਦੀ ਮਨੁੱਖੀ ਹੱਕਾਂ ਤੋਂ ਵਾਂਝੇ ਹਨ। ਇਹ ਸਿਰਫ਼ ਜ਼ਮੀਨ ਦਾ ਮਸਲਾ ਨਹੀਂ, ਸਗੋਂ ਦਹਾਕਿਆਂ ਤੋਂ ਚੱਲ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਹੈ।

ਆਪਣੇ ਭਾਸ਼ਣ ਦੌਰਾਨ ਹੇਜ਼ਲ ਨੇ ਖ਼ਾਸ ਤੌਰ 'ਤੇ ਇਸ ਗੱਲ ਦਾ ਜ਼ਿਕਰ ਕੀਤਾ ਕਿ 2009 ਵਿੱਚ ਜਦੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਅਤੇ ਤਤਕਾਲੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸਰਹੱਦੀ ਕਿਸਾਨਾਂ ਦੇ ਹੱਕਾਂ ਲਈ ਨੀਤੀ ਬਣਾਈ ਗਈ ਸੀ, ਤਾਂ ਹਜ਼ਾਰਾਂ ਪਰਿਵਾਰਾਂ ਨੂੰ ਉਮੀਦ ਮਿਲੀ ਸੀ।

ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਹੀ ਇੱਕੋ ਇਕ ਐਸੀ ਸਰਕਾਰ ਸੀ ਜਿਸ ਨੇ ਪੰਜਾਬ ਅਤੇ ਪੰਜਾਬੀਆਂ ਦੇ ਦਰਦ ਨੂੰ ਸਮਝਦਿਆਂ ਸਰਹੱਦੀ ਲੋਕਾਂ ਦੀ ਆਵਾਜ਼ ਨੂੰ ਉਠਾਇਆ, ਕਿਉਂਕਿ ਇਹ ਇੱਕ ਖੇਤਰੀ ਪਾਰਟੀ ਹੈ ਜੋ ਆਪਣੇ ਲੋਕਾਂ ਦੀ ਹਕੀਕਤ ਅਤੇ ਪੀੜ ਨਾਲ ਜੁੜੀ ਹੋਈ ਹੈ।

ਉਨ੍ਹਾਂ ਨੇ ਕਿਹਾ ਕਿ 10,400 ਏਕੜ ਵਿੱਚੋਂ ਲਗਭਗ 1500 ਏਕੜ ਜ਼ਮੀਨ ਦੀ ਰਜਿਸਟਰੀ ਦੀ ਪ੍ਰਕਿਰਿਆ ਸ਼ੁਰੂ ਹੋਈ ਸੀ, ਪਰ ਜਿਵੇਂ ਹੀ ਅਕਾਲੀ ਸਰਕਾਰ ਬਦਲੀ, ਉਹ ਪ੍ਰਕਿਰਿਆ ਵੀ ਰੱਦ ਕਰ ਦਿੱਤੀ ਗਈ ਅਤੇ ਸਾਰਾ ਮਾਮਲਾ ਮੁੜ ਅਨਿਸ਼ਚਿਤਤਾ ਵਿੱਚ ਚਲਾ ਗਿਆ।

ਬਾਅਦ ਵਿੱਚ ਜਦੋਂ ਰਾਸ਼ਟਰੀ ਪਾਰਟੀ ਕਾਂਗਰਸ ਸੱਤਾ ਵਿੱਚ ਆਈ ਤਾਂ ਇਹ ਮਾਮਲਾ ਗੰਭੀਰਤਾ ਨਾਲ ਨਹੀਂ ਲਿਆ ਗਿਆ। ਫਿਰ 2023 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਹਾਲਾਤ ਹੋਰ ਵੀ ਗੰਭੀਰ ਹੋ ਗਏ, ਜਦੋਂ ਸਰਹੱਦੀ ਕਿਸਾਨਾਂ ਨੂੰ ਆਪਣੀਆਂ ਹੀ ਜ਼ਮੀਨਾਂ



ਖ਼ਾਲੀ ਕਰਨ ਦੇ ਨੋਟਿਸ ਜਾਰੀ ਕੀਤੇ ਗਏ। ਹਾਲਾਂਕਿ ਹਾਈਕੋਰਟ ਵੱਲੋਂ ਇਸ ਕਾਰਵਾਈ 'ਤੇ ਰੋਕ ਲਗਾਈ ਗਈ, ਪਰ ਅੱਜ ਵੀ ਹਜ਼ਾਰਾਂ ਪਰਿਵਾਰ ਆਪਣੇ ਇਕੱਲੇ ਰੋਜ਼ਗਾਰ ਅਤੇ ਘਰ ਖੋਹ ਜਾਣ ਦੇ ਡਰ ਹੇਠ ਜੀ ਰਹੇ ਹਨ।

ਹੇਜ਼ਲ ਨੇ ਇਹ ਵੀ ਦੱਸਿਆ ਕਿ ਹਰੀ ਕ੍ਰਾਂਤੀ ਦੌਰਾਨ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਵੱਲੋਂ ਸਰਹੱਦੀ ਕਿਸਾਨਾਂ ਨੂੰ ਇਹ ਭਰੋਸਾ ਦਿੱਤਾ ਗਿਆ ਸੀ ਕਿ ਦੇਸ਼ ਲਈ ਅੰਨ ਬੀਜਣ ਦੇ ਬਦਲੇ ਉਨ੍ਹਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿੱਤੇ ਜਾਣਗੇ। ਦਹਾਕਿਆਂ ਬਾਅਦ ਵੀ ਇਹ ਕਿਸਾਨ ਦੇਸ਼ ਲਈ ਫ਼ਸਲਾਂ ਬੀਜ ਰਹੇ ਹਨ, ਪੰਜਾਬ ਨੂੰ ਅਤੇ ਦੇਸ਼ ਨੂੰ ਅਨਾਜ ਦੇ ਰਹੇ ਹਨ, ਪਰ ਅੱਜ ਵੀ ਉਹ ਆਪਣੇ ਹੀ ਹੱਕਾਂ ਤੋਂ ਵਾਂਝੇ ਹਨ। ਇਹ ਇਲਾਕਾ ਪਿਛਾੜਿਆ ਅਤੇ ਸਰਹੱਦੀ ਹੋਣ ਕਰਕੇ ਸਾਲਾਂ ਤੱਕ ਕਿਸੇ ਨੇ ਵੀ ਇਨ੍ਹਾਂ ਲੋਕਾਂ ਦੀ ਆਵਾਜ਼ ਉਠਾਉਣ ਦੀ ਕੋਸ਼ਿਸ਼ ਨਹੀਂ ਕੀਤੀ।

## ਸ਼ਹੀਦੀ ਜੋੜ ਮੇਲ

# ਸਾਨ ਫਰਾਂਸਿਸਕੋ ਦੀਆਂ ਸੜਕਾਂ 'ਤੇ 6 ਜੂਨ ਨੂੰ ਸਜੇਗਾ ਮਹਾਨ ਨਗਰ ਕੀਰਤਨ, ਸੰਗਤਾਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ






ਸਾਨ ਫਰਾਂਸਿਸਕੋ (ਕੈਲੀਫੋਰਨੀਆ): ਧੰਨ-ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਸ਼ਹੀਦੀ ਪੁਰਬ ਅਤੇ ਜੂਨ 1984 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਸਮੂਹ ਅਮਰ ਸ਼ਹੀਦਾਂ ਦੀ ਨਿੱਘੀ ਯਾਦ ਵਿੱਚ 6 ਜੂਨ 2026, ਦਿਨ ਸ਼ਨਿਚਰਵਾਰ ਨੂੰ ਕੈਲੀਫੋਰਨੀਆ ਦੇ ਪ੍ਰਸਿੱਧ ਸ਼ਹਿਰ ਸਾੱਨ ਫਰਾਂਸਿਸਕੋ ਵਿਖੇ ਵਿਸ਼ਾਲ ਨਗਰ ਕੀਰਤਨ (ਸਿੱਖ ਫਰੀਡਮ ਮਾਰਚ) ਸਜਾਇਆ ਜਾ ਰਿਹਾ ਹੈ। ਪੰਥਕ ਜਥੇਬੰਦੀਆਂ ਅਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਇਸ ਮਹਾਨ ਸ਼ਹੀਦੀ ਮਾਰਚ ਵਿੱਚ ਪਰਿਵਾਰਾਂ ਸਮੇਤ ਵੱਧ-ਚੜ੍ਹ ਕੇ ਹਾਜ਼ਰੀਆਂ ਭਰਨ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਹੈ।

**ਨਗਰ ਕੀਰਤਨ ਦਾ ਰੂਟ ਅਤੇ ਮੁੱਖ ਆਕਰਸ਼ਣ:**
**ਆਰੰਭਤਾ** : ਨਗਰ ਕੀਰਤਨ ਦੀ ਆਰੰਭਤਾ ਸਵੇਰੇ 11:00 ਵਜੇ ਸੈਕਿੰਡ ਸਟ੍ਰੀਟ (Bnd Street) ਤੋਂ ਖ਼ਾਲਸਾਈ ਜਾਹੋ-ਜਲਾਲ ਅਤੇ ਰਵਾਇਤੀ ਰੀਤੀ-ਰਿਵਾਜਾਂ ਨਾਲ ਹੋਵੇਗੀ।

**ਸਮਾਪਤੀ ਅਤੇ ਵਿਸ਼ੇਸ਼ ਦੀਵਾਨ:** ਇਹ ਮਹਾਨ ਮਾਰਚ ਸ਼ਹਿਰ ਦੇ ਵੱਖ-ਵੱਖ ਮਾਰਗਾਂ ਤੋਂ ਹੁੰਦਾ ਹੋਇਆ ਸਿਵਿਕ ਸੈਂਟਰ (Civic Center) ਵਿਖੇ ਜਾ ਕੇ ਸਮਾਪਤ ਹੋਵੇਗਾ। ਸਿਵਿਕ ਸੈਂਟਰ ਵਿਖੇ ਭਾਰੀ ਦੀਵਾਨ ਸਜਾਏ ਜਾਣਗੇ, ਜਿੱਥੇ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰੀ ਜਥੇ ਅਤੇ ਉੱਘੇ ਪੰਥਕ ਬੁਲਾਰੇ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਸ਼ਹੀਦੀ ਇਤਿਹਾਸ ਨਾਲ ਜੋੜਨਗੇ।

**ਸੰਗਤਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ:**
**ਸਾਨ ਫਰਾਂਸਿਸਕੋ ਪਹੁੰਚਣ ਵਾਲੀਆਂ ਸੰਗਤਾਂ ਦੇ ਸਫ਼ਰ ਨੂੰ ਸੁਖਾਲਾ ਬਣਾਉਣ ਲਈ ਪ੍ਰਬੰਧਕਾਂ ਵੱਲੋਂ ਹੇਠ ਲਿਖੇ ਸ਼ਲਾਘਾਯੋਗ ਇੰਤਜ਼ਾਮ ਕੀਤੇ ਗਏ ਹਨ:**

| ਆਵਾਜਾਈ ਦਾ ਜ਼ਰੀਆ | ਪਹੁੰਚਣ ਅਤੇ ਵਾਪਸੀ ਦਾ ਤਰੀਕਾ |
|---|---|
| ਗੁਰਦੁਆਰਾ ਸਾਹਿਬ ਦੀਆਂ ਬੱਸਾਂ | ਵੱਖ-ਵੱਖ ਸਥਾਨਕ ਗੁਰਦੁਆਰਾ ਸਾਹਿਬਾਨਾਂ ਤੋਂ ਸੰਗਤਾਂ ਨੂੰ ਲਿਆਉਣ ਅਤੇ ਛੱਡਣ ਲਈ ਵਿਸ਼ੇਸ਼ ਬੱਸਾਂ ਦਾ ਮੁਫ਼ਤ ਪ੍ਰਬੰਧ ਕੀਤਾ ਗਿਆ ਹੈ। |
| ਬਾਰਟ (BART) ਰਾਹੀਂ (ਆਉਣ ਲਈ) | ਜਿਹੜੀਆਂ ਸੰਗਤਾਂ ਬਾਰਟ ਟਰੇਨ ਰਾਹੀਂ ਆਉਣਾ ਚਾਹੁੰਦੀਆਂ ਹਨ, ਉਹ ਮੈਨਟਗੁਮਰੀ ਬਾਰਟ ਸਟੇਸ਼ਨ (Montgomery BART Station) 'ਤੇ ਉੱਤਰ ਕੇ ਪੈਦਲ ਹੀ ਸੈਕਿੰਡ ਸਟ ?ਰੀਟ (ਆਰੰਭਤਾ ਸਥਾਨ) ਪਹੁੰਚ ਸਕਦੀਆਂ ਹਨ। |
| ਬਾਰਟ (BART) ਰਾਹੀਂ (ਵਾਪਸੀ ਲਈ) | ਨਗਰ ਕੀਰਤਨ ਦੀ ਸਮਾਪਤੀ ਸਿਵਿਕ ਸੈਂਟਰ ਵਿਖੇ ਹੋਣੀ ਹੈ, ਇਸ ਲਈ ਸੰਗਤਾਂ ਸਮਾਪਤੀ ਸਥਾਨ ਦੇ ਬਿਲਕੁਲ ਨੇੜੇ ਸਥਿਤ ਸਿਵਿਕ ਸੈਂਟਰ ਬਾਰਟ ਸਟੇਸ਼ਨ (Civic Center BART Station) ਤੋਂ ਆਸਾਨੀ ਨਾਲ ਆਪਣੇ ਘਰਾਂ ਨੂੰ ਵਾਪਸ ਪਰਤ ਸਕਦੀਆਂ ਹਨ। |

ਜ਼ਰੂਰੀ ਨੋਟ: ਨਗਰ ਕੀਰਤਨ ਦੇ ਸਮੇਂ, ਬੱਸਾਂ ਦੇ ਰੂਟਾਂ ਜਾਂ ਹੋਰ ਕਿਸੇ ਵੀ ਪ੍ਰਕਾਰ ਦੀ ਵਿਸਥਾਰਪੂਰਵਕ ਜਾਣਕਾਰੀ ਲਈ ਆਪ ਜੀ ਆਪਣੇ ਨੇੜਲੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਜਾਂ ਸੇਵਾਦਾਰਾਂ ਨਾਲ ਸੰਪਰਕ ਕਰ ਸਕਦੇ ਹੋ। ਅੰਮ੍ਰਿਤ ਵੇਲੇ ਤੋਂ ਹੀ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

For more info, Cal 844.REM.1984

# ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸ਼ਰਧਾ ਤੇ ਉਤਸ਼ਾਹ ਨਾਲ ਖੁੱਲ੍ਹੇ

## 3,000 ਤੋਂ ਵੱਧ ਸੰਗਤਾਂ ਵਲੋਂ ਸਜਾਇਆ ਨਗਰ ਕੀਰਤਨ







ਚਮੋਲੀ/ਭਾਰਤ, (ਸਾਡੇ ਲੋਕ) : ਬੁਲੰਦ ਪਹਾੜੀਆਂ ਅਤੇ ਬਰਫ਼ ਦੀਆਂ ਚਾਦਰਾਂ ਦਰਮਿਆਨ ਸਥਿਤ ਸਿੱਖਾਂ ਦੇ ਪ੍ਰਸਿੱਧ ਤੀਰਥ ਅਸਥਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਨੂੰ ਸੰਗਤਾਂ ਲਈ ਰਸਮੀ ਤੌਰ 'ਤੇ ਖੋਲ੍ਹ ਦਿੱਤੇ ਗਏ ਹਨ। ਇਸ ਇਤਿਹਾਸਕ ਅਤੇ ਪਵਿੱਤਰ ਮੌਕੇ 'ਤੇ ਦੇਸ਼-ਵਿਦੇਸ਼ ਤੋਂ ਪਹੁੰਚੇ 3,000 ਤੋਂ ਵੱਧ ਸਿੱਖ ਸ਼ਰਧਾਲੂਆਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ।

ਕਿਵਾੜ ਖੁੱਲ੍ਹਣ ਦੀ ਸ਼ੁਰੂਆਤ ਮੌਕੇ ਫੁੱਲਾਂ ਨਾਲ ਸੁਸੱਜਿਤ ਕੀਤੀ ਗਈ ਸੁੰਦਰ ਪਾਲਕੀ ਸਾਹਿਬ ਦੇ ਆਲੇ-ਦੁਆਲੇ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਇੱਕ ਵਿਸ਼ੇਸ਼ ਨਗਰ ਕੀਰਤਨ (ਧਾਰਮਿਕ ਜਲੂਸ) ਕੱਢਿਆ ਗਿਆ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਅਤੇ ਸ਼ਬਦ ਕੀਰਤਨ ਦੇ ਗਾਇਨ ਨਾਲ ਪੂਰਾ ਵਾਤਾਵਰਣ ਭਗਤੀਮਈ ਹੋ ਗਿਆ।

ਰਵਾਇਤੀ ਰੀਤੀ-ਰਿਵਾਜ: ਗੁਰਦੁਆਰਾ ਸਾਹਿਬ ਦੇ ਕਿਵਾੜ ਸਵੇਰੇ ਪੂਰੇ ਰਵਾਇਤੀ ਧਾਰਮਿਕ ਨਿਯਮਾਂ, ਅਰਦਾਸ ਅਤੇ ਹੁਕਮਨਾਮੇ ਦੇ ਨਾਲ ਖੋਲ੍ਹੇ ਗਏ। ਪਹਿਲੇ ਦਿਨ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੀ ਸੰਗਤ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਗੁਰੂ ਘਰ ਵਿੱਚ ਨਤਮਸਤਕ ਹੋ ਕੇ ਆਸ਼ੀਰਵਾਦ ਲਿਆ।

ਭਾਰੀ ਉਤਸ਼ਾਹ: ਪਹਾੜੀ ਰਸਤਿਆਂ 'ਤੇ ਬਰਫ਼ ਹੋਣ ਦੇ ਬਾਵਜੂਦ ਸ਼ਰਧਾਲੂਆਂ, ਖਾਸ ਕਰਕੇ ਨੌਜਵਾਨਾਂ ਅਤੇ ਬਜ਼ੁਰਗਾਂ ਦੇ ਉਤਸ਼ਾਹ ਵਿੱਚ ਕੋਈ ਕਮੀ ਨਹੀਂ ਦੇਖੀ ਗਈ। 3,000 ਤੋਂ ਵੱਧ ਸੰਗਤਾਂ ਨੇ ਇਸ ਪਹਿਲੇ ਦਿਨ ਦੀ ਅਲੌਕਿਕ ਰਸਮ ਦਾ ਹਿੱਸਾ ਬਣ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ।

ਪ੍ਰਸ਼ਾਸਨ ਅਤੇ ਟਰੱਸਟ ਦੇ ਪ੍ਰਬੰਧ: ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਅਤੇ ਚਮੋਲੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯਾਤਰੀਆਂ ਦੀ ਸਹੂਲਤ, ਰਹਿਣ-ਸਹਿਣ, ਮੈਡੀਕਲ ਕੈਂਪਾਂ ਅਤੇ ਲੰਗਰ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ ਤਾਂ ਜੋ ਪੈਦਲ ਯਾਤਰਾ ਦੌਰਾਨ ਸੰਗਤਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।



# ਅਮਰੀਕਾ ਦੀ ਲਾਇਬ੍ਰੇਰੀ 'ਚ ਘੱਟ ਗਿਣਤੀਆਂ ਖ਼ਿਲਾਫ਼ ਜ਼ਹਿਰ ਉਗਲਣ ਵਾਲੀਆਂ ਕਿਤਾਬਾਂ ਨੂੰ ਲੈ ਕੇ ਮਚਿਆ ਬਵਾਲ; ਲਾਇਬ੍ਰੇਰੀ ਵਿੱਚੋਂ ਹਟਾਉਣ ਦੀ ਮੰਗ

ਵਾਸ਼ਿੰਗਟਨ: ਅਮਰੀਕਾ ਦੇ ਮੈਰੀਲੈਂਡ (Maryland) ਸੂਬੇ ਦੀ ਜਰਮਨਟਾਊਨ ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਪ੍ਰਦਰਸ਼ਨੀ ਨੂੰ ਲੈ ਕੇ ਇੱਕ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਸਮਾਜਿਕ ਕਾਰਕੁਨ ਪੀਟਰ ਫ੍ਰੀਡਰਿਕ ਨੇ ਲਾਇਬ੍ਰੇਰੀ ਬੋਰਡ ਦੇ ਸਾਹਮਣੇ ਬੋਲਦਿਆਂ ਇਸ ਪੂਰੇ ਮਾਮਲੇ ਦਾ ਪਰਦਾਫਾਸ਼ ਕੀਤਾ ਅਤੇ ਲਾਇਬ੍ਰੇਰੀ ਪ੍ਰਸ਼ਾਸਨ 'ਤੇ ਗੰਭੀਰ ਦੋਸ਼ ਲਗਾਏ ਹਨ।




ਪੀਟਰ ਫ੍ਰੀਡਰਿਕ ਨੇ ਖੁਲਾਸਾ ਕੀਤਾ ਕਿ ਲਾਇਬ੍ਰੇਰੀ ਵਿੱਚ ਅਜਿਹੇ ਲੇਖਕਾਂ ਦੀਆਂ ਕਿਤਾਬਾਂ ਨੂੰ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ, ਜਿਨ੍ਹਾਂ ਦੇ ਸਬੰਧ ਭਾਰਤ ਦੇ ਹਿੰਦੂ ਸਰਵਉੱਚਤਾਵਾਦੀ ਅੰਦੋਲਨ ਨਾਲ ਹਨ। ਇਹ ਕੋਈ ਹਿੰਦੀ ਭਾਸ਼ਾ ਦਾ ਸੰਗ੍ਰਹਿ ਨਹੀਂ, ਸਗੋਂ ਇੱਕ ਖ਼ਾਸ ਪ੍ਰਚਾਰ ਦਾ ਹਿੱਸਾ ਹੈ।

ਧਿਆਨਯੋਗ ਹੈ ਕਿ ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਕਮਿਸ਼ਨ ਨੇ ਮਾਰਚ ਵਿੱਚ ਇਸ ਨੈੱਟਵਰਕ 'ਤੇ ਗੰਭੀਰ ਧਾਰਮਿਕ ਸੁਤੰਤਰਤਾ ਉਲੰਘਣਾ ਦੇ ਮਾਮਲੇ ਵਿੱਚ ਫੈਡਰਲ ਪਾਬੰਦੀਆਂ ਲਗਾਉਣ ਦੀ ਸਿਫ਼ਾਰਸ਼ ਕੀਤੀ ਸੀ।

ਲਾਇਬ੍ਰੇਰੀ ਪ੍ਰਸ਼ਾਸਨ ਦੀ ਦੋਗਲੀ ਨੀਤੀ: ਹਿੰਦੂਤਵ ਸੰਗਠਨ ਵੱਲੋਂ 250 ਕਿਤਾਬਾਂ ਦੀ ਸੂਚੀ ਦਿੱਤੀ ਗਈ ਸੀ, ਜਿਸ ਵਿੱਚੋਂ ਲਾਇਬ੍ਰੇਰੀ ਨੇ 50 ਕਿਤਾਬਾਂ ਖ਼ਰੀਦੀਆਂ ਅਤੇ ਉਨ੍ਹਾਂ ਵਿੱਚੋਂ 4 ਸਭ ਤੋਂ ਕੱਟੜਪੰਥੀ ਕਿਤਾਬਾਂ ਨੂੰ ਪ੍ਰਦਰਸ਼ਨ ਲਈ ਅੱਗੇ ਰੱਖਿਆ। ਹਾਲਾਂਕਿ ਜਨਤਕ ਵਿਰੋਧ ਕਾਰਨ ਕਿਤਾਬਾਂ ਦੇ ਲਾਂਚ ਈਵੈਂਟ ਨੂੰ ਤਾਂ ਰੱਦ ਕਰ ਦਿੱਤਾ ਗਿਆ, ਪਰ ਕਿਤਾਬਾਂ ਨੂੰ ਹਾਲੇ ਵੀ ਲਾਇਬ੍ਰੇਰੀ ਵਿੱਚ ਰੱਖਿਆ ਹੋਇਆ ਹੈ, ਜਿਸ ਨੂੰ ਕਾਰਕੁਨਾਂ ਨੇ ਪ੍ਰਸ਼ਾਸਨ ਦੀ 'ਬੁਜ਼ਦਿਲੀ ਅਤੇ ਦੋਗਲਾਪਨ' ਕਰਾਰ ਦਿੱਤਾ ਹੈ।

ਪੀਟਰ ਫ੍ਰੀਡਰਿਕ ਨੇ ਉਨ੍ਹਾਂ ਕਿਤਾਬਾਂ ਦੇ ਖ਼ਾਸ ਹਵਾਲੇ ਦਿੱਤੇ ਜੋ ਲਾਇਬ੍ਰੇਰੀ ਵਿੱਚ ਰੱਖੀਆਂ ਗਈਆਂ ਹਨ:

'ਮਹਾਰਾਣਾ': ਕਿਤਾਬਾਂ ਵਿੱਚ ਹੈ ਜ਼ਹਿਰੀਲਾ ਪ੍ਰਚਾਰ। ਇਸ ਕਿਤਾਬ ਵਿੱਚ ਮੁਸਲਮਾਨਾਂ ਖ਼ਿਲਾਫ਼ ਹਿੰਸਕ ਟਿੱਪਣੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਕਾਤਲ ਕਿਹਾ ਗਿਆ ਹੈ ਅਤੇ ਜ਼ਬਰਦਸਤੀ ਧਰਮ ਪਰਿਵਰਤਨ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਈਸਾਈਆਂ ਅਤੇ ਮੁਸਲਮਾਨਾਂ ਨੂੰ ਇੱਕ ਸਾਂਝਾ ਦੁਸ਼ਮਣ ਦਿਖਾਉਣ ਲਈ 'Chrislamic' ਸ਼ਬਦ ਘੜਿਆ ਗਿਆ ਹੈ।

ਲੇਖਕ ਨੇ ਖ਼ੁਦ ਬਿਆਨ ਦਿੱਤਾ ਸੀ ਕਿ ਹਿੰਦੂਤਵ ਉੱਤਮ ਹੈ ਅਤੇ ਕਿਤਾਬਾਂ 'ਮਨੂਸਮ੍ਰਿਤੀ' ਦੀ ਤਾਰੀਫ਼ ਕਰਦੀਆਂ ਹਨ, ਜਿਸ ਵਿੱਚ ਦਲਿਤਾਂ ਅਤੇ ਔਰਤਾਂ ਨੂੰ ਨੀਵਾਂ ਦਰਜਾ ਦਿੱਤਾ ਗਿਆ ਹੈ।

ਕਾਰਕੁਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਲਾਇਬ੍ਰੇਰੀ ਤਾਂ ਸਿਰਫ਼ ਇੱਕ ਸ਼ੁਰੂਆਤ ਸੀ, ਹੁਣ ਬੱਚਿਆਂ ਦੇ ਦਿਮਾਗ਼ ਵਿੱਚ ਇਹ ਵਿਚਾਰਧਾਰਾ ਭਰੀ ਜਾਵੇਗੀ।

ਸਮਾਜਿਕ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਇਸ ਪੂਰੇ ਕਿਤਾਬਾਂ ਦੇ ਸੰਗ੍ਰਹਿ ਨੂੰ ਤੁਰੰਤ ਲਾਇਬ੍ਰੇਰੀ ਵਿੱਚੋਂ ਹਟਾਇਆ ਜਾਵੇ, ਇਸ ਸੰਗਠਨ ਨਾਲ ਸਾਂਝੇਦਾਰੀ ਖ਼ਤਮ ਕੀਤੀ ਜਾਵੇ ਅਤੇ ਅਜਿਹੇ ਨਫ਼ਰਤ ਫੈਲਾਉਣ ਵਾਲੇ ਦਾਨੀਆਂ ਦੀ ਜਨਤਕ ਤੌਰ 'ਤੇ ਨਿੰਦਾ ਕੀਤੀ ਜਾਵੇ।

### ਪਟਨਾ ਵਿੱਚ SVU ਦੀ ਵੱਡੀ ਕਾਰਵਾਈ

## ਠੇਕੇਦਾਰ ਰਿਸ਼ੂ ਸ਼੍ਰੀ ਦੇ ਘਰ ਛਾਪੇਮਾਰੀ, ਜ਼ਬਤ ਕੀਤਾ ਗਿਆ ਬੇਹਿਸਾਬ ਸਾਮਾਨ



ਪਟਨਾ : ਬਿਹਾਰ ਵਿੱਚ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਸਪੈਸ਼ਲ ਵਿਜੀਲੈਂਸ ਯੂਨਿਟ (SVU) ਵੱਲੋਂ ਅੱਜ ਇੱਕ ਵੱਡੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਰਾਜਧਾਨੀ ਪਟਨਾ ਦੇ ਮੀਠਾਪੁਰ ਇਲਾਕੇ ਵਿੱਚ ਸਥਿਤ ਇੱਕ ਨਾਮਵਰ ਠੇਕੇਦਾਰ ਰਿਸ਼ੂ ਸ਼੍ਰੀ ਦੀ ਰਿਹਾਇਸ਼ 'ਤੇ ਐੱਸ.ਵੀ.ਯੂ. ਦੀਆਂ ਟੀਮਾਂ ਵੱਲੋਂ ਜ਼ੋਰਦਾਰ ਛਾਪੇਮਾਰੀ ਕੀਤੀ ਗਈ।

ਕਾਮਤਾ ਰਾਮਸਖੀ ਐਨਕਲੇਵ ਵਿਖੇ ਕਾਰਵਾਈ: ਬੁੱਧਵਾਰ ਨੂੰ ਹੋਈ ਇਸ ਕਾਰਵਾਈ ਅਤੇ ਜ਼ਬਤ ਕੀਤੇ ਗਏ ਸਾਮਾਨ ਦੇ ਮੁੱਖ ਵੇਰਵੇ ਇਸ ਤਰ੍ਹਾਂ ਹਨ:

ਰਿਹਾਇਸ਼ 'ਤੇ ਛਾਪਾ: ਵਿਜੀਲੈਂਸ ਵਿਭਾਗ ਦੀ ਟੀਮ ਨੇ ਮੀਠਾਪੁਰ ਸਥਿਤ 'ਕਾਮਤਾ ਰਾਮਸਖੀ ਐਨਕਲੇਵ' (Kamta Ramsakhi Enclave) ਵਿੱਚ ਬਣੇ ਠੇਕੇਦਾਰ ਰਿਸ਼ੂ ਸ਼੍ਰੀ ਦੇ ਫਲੈਟ/ਘਰ 'ਤੇ ਤੜਕਸਾਰ ਦਸਤਕ ਦਿੱਤੀ।

ਜ਼ਬਤ ਸਾਮਾਨ ਦੀ ਨੁਮਾਇਸ਼: ਛਾਪੇਮਾਰੀ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, ਜਾਂਚ ਟੀਮ ਵੱਲੋਂ ਠੇਕੇਦਾਰ ਦੇ ਘਰੋਂ ਜ਼ਬਤ ਕੀਤੇ ਗਏ ਬੇਹਿਸਾਬ ਦਸਤਾਵੇਜ਼ਾਂ, ਨਕਦੀ, ਗਹਿਣਿਆਂ ਜਾਂ ਹੋਰ ਕੀਮਤੀ ਸਾਮਾਨ ਨੂੰ ਅਧਿਕਾਰਤ ਤੌਰ 'ਤੇ ਸਾਹਮਣੇ ਲਿਆਂਦਾ ਗਿਆ (On Display)।

ਇਸ ਵੱਡੀ ਕਾਰਵਾਈ ਤੋਂ ਬਾਅਦ ਸਥਾਨਕ ਠੇਕੇਦਾਰਾਂ ਅਤੇ ਸਰਕਾਰੀ ਮਹਿਕਮਿਆਂ ਵਿੱਚ ਹੜਕੰਪ ਮਚ ਗਿਆ ਹੈ। ਫਿਲਹਾਲ SVU ਦੇ ਅਧਿਕਾਰੀਆਂ ਵੱਲੋਂ ਮਿਲੇ ਦਸਤਾਵੇਜ਼ਾਂ ਅਤੇ ਬੇਨਾਮੀ ਜਾਇਦਾਦ ਦੇ ਸਰੋਤਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

### ਪੰਡਿਤ ਜਵਾਹਰ ਲਾਲ ਨਹਿਰੂ ਦੀ 62ਵੀਂ ਬਰਸੀ

## ਬਿਹਾਰ ਦੇ ਉਪ-ਮੁੱਖ ਮੰਤਰੀ ਵਿਜੇ ਕੁਮਾਰ ਚੌਧਰੀ ਨੇ ਦਿੱਤੀ ਸ਼ਰਧਾਂਜਲੀ, ਪਟਨਾ ਵਿਖੇ ਦਿੱਤਾ ਗਿਆ 'ਗਾਰਡ ਆਫ਼ ਆਨਰ'

ਪਟਨਾ : ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ 62ਵੀਂ ਬਰਸੀ ਦੇ ਮੌਕੇ 'ਤੇ ਅੱਜ ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਇੱਕ ਰਾਜ ਪੱਧਰੀ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਖ਼ਾਸ ਮੌਕੇ 'ਤੇ ਬਿਹਾਰ ਦੇ ਉਪ-ਮੁੱਖ ਮੰਤਰੀ ਵਿਜੇ ਕੁਮਾਰ ਚੌਧਰੀ ਨੇ ਮੁੱਖ ਤੌਰ 'ਤੇ ਸ਼ਿਰਕਤ ਕੀਤੀ ਅਤੇ ਦੇਸ਼ ਦੇ ਮਹਾਨ ਸਪੂਤ ਨੂੰ ਨਮਨ ਕੀਤਾ।



'ਗਾਰਡ ਆਫ਼ ਆਨਰ' ਨਾਲ ਸਨਮਾਨ: ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਦੀ ਯਾਦ ਵਿੱਚ ਆਯੋਜਿਤ ਇਸ ਸਰਕਾਰੀ ਸਮਾਗਮ ਦੌਰਾਨ ਬਿਹਾਰ ਦੇ ਉਪ-ਮੁੱਖ ਮੰਤਰੀ ਵਿਜੇ ਕੁਮਾਰ ਚੌਧਰੀ ਨੂੰ ਸਲਾਮੀ ਦਿੰਦੇ ਹੋਏ ਵਿਸ਼ੇਸ਼ 'ਗਾਰਡ ਆਫ਼ ਆਨਰ' (Guard of Honour) ਭੇਟ ਕੀਤਾ ਗਿਆ।

ਧਾਰਮਿਕ ਅਤੇ ਸਰਕਾਰੀ ਸ਼ਰਧਾਂਜਲੀ: ਪਟਨਾ ਵਿਖੇ ਬੁੱਧਵਾਰ ਨੂੰ ਹੋਏ ਇਸ ਸਮਾਗਮ ਵਿੱਚ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਅਤੇ ਕਈ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ, ਜਿਨ੍ਹਾਂ ਨੇ ਪੰਡਿਤ ਨਹਿਰੂ ਦੇ ਦੇਸ਼ ਨਿਰਮਾਣ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਪੂਰਾ ਮਾਹੌਲ ਦੇਸ਼ ਭਗਤੀ ਦੇ ਰੰਗ ਵਿੱਚ ਰੰਗਿਆ ਹੋਇਆ ਸੀ ਅਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਹੇਠ ਇਸ ਸ਼ਰਧਾਂਜਲੀ ਸਭਾ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਿਆ ਗਿਆ।

## ਭਾਰਤ ਦੇ ਪਹਿਲੇ ਏਸ਼ੀਅਨ ਖੇਡਾਂ ਦੇ ਸੋਨ ਤਗਮਾ ਜੇਤੂ ਰਣਧੀਰ ਸਿੰਘ ਦਾ ਦਿਹਾਂਤ

### ਪੰਜ ਉਲੰਪਿਕ ਖੇਡਾਂ ਵਿਚ ਲਿਆ ਹਿਸਾ

ਚੰਡੀਗੜ੍ਹ : ਏਸ਼ੀਆਈ ਖੇਡਾਂ ਵਿਚ ਸ਼ੂਟਿੰਗ ਵਿਚ ਭਾਰਤ ਲਈ ਪਹਿਲਾ ਸੋਨ ਤਗਮਾ ਜਿੱਤਣ ਵਾਲੇ ਨਿਸ਼ਾਨੇਬਾਜ਼ ਰਣਧੀਰ ਸਿੰਘ ਦਾ ਅੱਜ ਦਿਹਾਂਤ ਹੋ ਗਿਆ। ਉਹ 79 ਸਾਲ ਦੇ ਸਨ ਅਤੇ ਲੰਬੇ ਸਮੇਂ ਤੋਂ ਉਮਰ ਨਾਲ ਸੰਬੰਧਿਤ ਬਿਮਾਰੀਆਂ ਨਾਲ ਜੂਝ ਰਹੇ ਸਨ।

ਸਾਬਕਾ ਨਿਸ਼ਾਨੇਬਾਜ਼ ਰਣਧੀਰ ਨੇ ਹਾਲ ਹੀ ਵਿਚ ਸਿਹਤ ਕਾਰਨਾਂ ਕਰਕੇ ਉਲੰਪਿਕ ਕੌਂਸਲ ਆਫ਼ ਏਸ਼ੀਆ (OCA) ਦੇ ਪ੍ਰਧਾਨ ਵਜੋਂ ਅਸਤੀਫ਼ਾ ਦੇ ਦਿੱਤਾ ਹੈ। ਉਹ 2024 ਤੋਂ ਚਾਰ ਸਾਲਾਂ ਦੇ ਕਾਰਜਕਾਲ ਲਈ ਚੁਣੇ ਗਏ ਸਨ। ਰਣਧੀਰ ਨੇ 1978 ਬੈਂਕਾਕ ਏਸ਼ੀਆਈ ਖੇਡਾਂ ਵਿਚ ਟ?ਰੈਪ ਸ਼ੂਟਿੰਗ ਈਵੈਂਟ ਵਿਚ ਸੋਨ ਤਗਮਾ ਜਿੱਤਿਆ ਸੀ। ਉਸ ਨੇ 1982 ਵਿਚ ਭਾਰਤ ਵਿਚ ਹੋਈਆਂ ਏਸ਼ੀਆਈ ਖੇਡਾਂ ਵਿਚ ਕਾਂਸੀ ਅਤੇ 1986 ਵਿਚ ਚਾਂਦੀ ਦਾ ਤਗਮਾ ਵੀ ਜਿੱਤਿਆ ਸੀ।



ਰਣਧੀਰ ਨੇ ਭਾਰਤ ਲਈ ਪੰਜ ਉਲੰਪਿਕ ਖੇਡਾਂ ਅਤੇ 1978 ਦੀਆਂ ਰਾਸ਼ਟਰਮੰਡਲ ਖੇਡਾਂ ਵਿਚ ਹਿੱਸਾ ਲਿਆ। ਉਸ ਨੂੰ 1979 ਵਿਚ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਰਣਧੀਰ ਦੇ ਪਿੱਛੇ ਉਨ੍ਹਾਂ ਦੀ ਪਤਨੀ ਵਿਨੀਤਾ ਅਤੇ ਤਿੰਨ ਧੀਆਂ (ਮਹਿਮਾ, ਸੁਨੈਨਾ ਅਤੇ ਰਾਜੇਸ਼ਵਰੀ) ਹਨ। ਉਨ੍ਹਾਂ ਦੀ ਧੀ ਰਾਜੇਸ਼ਵਰੀ, ਅੰਤਰਰਾਸ਼ਟਰੀ ਪੱਧਰ 'ਤੇ ਟ?ਰੈਪ ਸ਼ੂਟਿੰਗ ਦਾ ਅਭਿਆਸ ਕਰਦੀ ਹੈ। ਰਾਜੇਸ਼ਵਰੀ ਨੇ 2022 ਦੀਆਂ ਏਸ਼ੀਆਈ ਖੇਡਾਂ ਵਿਚ ਚਾਂਦੀ ਦਾ ਤਗਮਾ ਜਿੱਤਿਆ ਸੀ। ਰਣਧੀਰ ਦੇ ਪਰਿਵਾਰ ਦੇ ਕਈ ਮੈਂਬਰ ਭਾਰਤ ਦੀ ਨੁਮਾਇੰਦਗੀ ਕਰ ਚੁੱਕੇ ਹਨ। ਉਨ੍ਹਾਂ ਦੇ ਚਾਚਾ ਮਹਾਰਾਜਾ ਯਾਦਵਿੰਦਰ ਸਿੰਘ ਨੇ ਭਾਰਤ ਲਈ ਟੈਸਟ ਕ੍ਰਿਕਟ ਖੇਡਿਆ ਸੀ ਅਤੇ ਆਈ.ਓ.ਸੀ. ਦੇ ਮੈਂਬਰ ਸਨ। ਰਣਧੀਰ ਦੇ ਪਿਤਾ ਭਾਲਿੰਦਰਾ ਸਿੰਘ ਵੀ ਇਕ ਪਹਿਲੀ ਸ਼੍ਰੇਣੀ ਦੇ ਕ੍ਰਿਕਟਰ ਅਤੇ 1947 ਤੋਂ 1992 ਤੱਕ ਆਈ.ਓ.ਸੀ. ਮੈਂਬਰ ਸਨ।

# ਕੈਲੀਫੋਰਨੀਆ ਦੇ 14ਵੇਂ ਕਾਂਗਰਸਨਲ ਡਿਸਟ੍ਰਿਕਟ ਤੋਂ ਚੋਣ ਲੜ ਰਹੀ ਰਾਖੀ ਇਸਰਾਨੀ ਖ਼ਿਲਾਫ਼ ਫਰੀਮਾਂਟ ਵਿੱਚ ਭਾਰੀ ਮੁਜ਼ਾਹਰਾ

## ਅਮਰੀਕਾ ਦੇ ਵੱਖ-ਵੱਖ ਬੁਲਾਰਿਆਂ ਵੱਲੋਂ ਲਾਏ ਗਏ ਗੰਭੀਰ ਦੋਸ਼





















ਫਰੀਮਾਂਟ/ਕੈਲੀਫੋਰਨੀਆ, (ਸਾਡੇ ਲੋਕ) : ਸੰਯੁਕਤ ਰਾਜ ਅਮਰੀਕਾ (USA) ਦੀ ਸਿਆਸਤ ਅਤੇ ਭਾਰਤੀ ਡਾਇਸਪੋਰਾ (ਪ੍ਰਵਾਸੀਆਂ) ਦੇ ਹਵਾਲੇ ਨਾਲ ਇਸ ਵੇਲੇ ਦੀ ਇੱਕ ਬਹੁਤ ਹੀ ਵੱਡੀ ਅਤੇ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ। ਕੈਲੀਫੋਰਨੀਆ ਦੇ 14ਵੇਂ ਕਾਂਗਰਸਨਲ ਡਿਸਟ੍ਰਿਕਟ (ਫਰੀਮਾਂਟ ਖੇਤਰ) ਤੋਂ ਅਮਰੀਕੀ ਸੰਸਦ (Congress) ਦੀ ਚੋਣ ਲੜ ਰਹੀ ਉਮੀਦਵਾਰ ਰਾਖੀ ਇਸਰਾਨੀ (Rakhi Israni) ਦੇ ਚੋਣ ਫੰਡਾਂ ਨੂੰ ਲੈ ਕੇ ਇੱਕ ਵੱਡਾ ਖੁਲਾਸਾ ਹੋਇਆ ਹੈ। ਇਸ ਦੇ ਵਿਰੋਧ ਵਿੱਚ ਫਰੀਮਾਂਟ ਵਿੱਚ ਇੱਕ ਵਿਸ਼ਾਲ ਕਾਰ ਰੈਲੀ ਕੱਢ ਕੇ ਭਾਰੀ ਮੁਜ਼ਾਹਰਾ ਕੀਤਾ ਗਿਆ।

ਇਸ ਭਰਵੀਂ ਰੈਲੀ ਨੂੰ ਵੱਖ-ਵੱਖ ਪ੍ਰਮੁੱਖ ਬੁਲਾਰਿਆਂ ਨੇ ਸੰਬੋਧਨ ਕੀਤਾ, ਜਿਨ੍ਹਾਂ ਵਿੱਚ ਅਮਰੀਕਾ ਤੋਂ ਸਿੱਖਾਂ ਦੀ ਆਵਾਜ਼ ਡਾਕਟਰ ਗੁਰਿੰਦਰ ਸਿੰਘ ਗਰੇਵਾਲ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਅਤੇ ਘੱਟਗਿਣਤੀਆਂ ਦੀ ਅੰਤਰਰਾਸ਼ਟਰੀ ਆਵਾਜ਼ 'ਸਿੱਖ ਇਨਫਰਮੇਸ਼ਨ' ਤੋਂ ਭਾਈ ਭਜਨ ਸਿੰਘ ਭਿੰਡਰ ਸਮੇਤ ਹੋਰ ਕਈ ਆਗੂ ਸ਼ਾਮਲ ਸਨ।

**ਪ੍ਰਦਰਸ਼ਨ ਅਤੇ ਬੁਲਾਰਿਆਂ ਦੇ ਮੁੱਖ ਦੋਸ਼**

ਪ੍ਰਦਰਸ਼ਨਕਾਰੀਆਂ ਅਤੇ ਬੁਲਾਰਿਆਂ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਰਾਖੀ ਇਸਰਾਨੀ ਦੀ ਚੋਣ ਮੁਹਿੰਮ 'ਤੇ ਕਈ ਤਿੱਖੇ ਸਵਾਲ ਚੁੱਕੇ ਅਤੇ ਗੰਭੀਰ ਇਲਜ਼ਾਮ ਲਾਏ:

**ਪ੍ਰਦਰਸ਼ਨ ਦਾ ਮੁੱਖ ਉਦੇਸ਼:** ਪ੍ਰਦਰਸ਼ਨਕਾਰੀ ਰਾਖੀ ਇਸਰਾਨੀ ਦੀ ਚੋਣ ਮੁਹਿੰਮ ਦਾ ਪੁਰਜ਼ੋਰ ਵਿਰੋਧ ਕਰ ਰਹੇ ਹਨ। ਉਹਨਾਂ ਦਾ ਦੋਸ਼ ਹੈ ਕਿ ਉਹ ਕੈਲੀਫੋਰਨੀਆ ਤੋਂ ਲੱਖਾਂ ਡਾਲਰ ਕਮਾ ਰਹੀ ਹੈ ਅਤੇ ਉਸ ਨੂੰ ਆਰ.ਐੱਸ.ਐੱਸ. (RSS) ਅਤੇ ਬੀ.ਜੇ.ਪੀ. (BJP) ਦਾ ਵਿਦੇਸ਼ੀ ਸਮਰਥਨ ਹਾਸਲ ਹੈ।

**ਚੋਣਾਂ ਵਿੱਚ ਦਖਲਅੰਦਾਜ਼ੀ ਦਾ ਖ਼ਦਸ਼ਾ:** ਰੈਲੀ ਦੌਰਾਨ ਇਹ ਵੱਡਾ ਸਵਾਲ ਚੁੱਕਿਆ ਗਿਆ ਕਿ ਕੀ ਉਹ ਭਾਰਤੀ ਸਿਆਸੀ ਪਾਰਟੀਆਂ ਲਈ ਕੰਮ ਕਰ ਰਹੀ ਹੈ ਜਾਂ ਕੈਲੀਫੋਰਨੀਆ ਅਤੇ ਫਰੀਮਾਂਟ ਦੇ ਸਥਾਨਕ ਲੋਕਾਂ ਦੇ ਭਲੇ ਲਈ?

**ਜਾਤੀ ਵਿਤਕਰੇ ਦੇ ਬਿੱਲ ਦਾ ਵਿਰੋਧ:** ਬੁਲਾਰਿਆਂ ਨੇ ਦੱਸਿਆ ਕਿ ਕੈਲੀਫੋਰਨੀਆ ਦੀ ਵਿਧਾਨ ਸਭਾ ਵਿੱਚ ਜਾਤੀ ਦੇ ਅਧਾਰ 'ਤੇ ਹੁੰਦੇ ਵਿਤਕਰੇ ਨੂੰ ਰੋਕਣ ਲਈ ਇੱਕ ਕਾਨੂੰਨੀ ਬਿੱਲ ਲਿਆਂਦਾ ਗਿਆ ਸੀ, ਪਰ ਇਹਨਾਂ ਹਿੰਦੂ ਰਾਸ਼ਟਰਵਾਦੀ ਲੋਕਾਂ ਨੇ ਉਸ ਦਾ ਸਖ਼ਤ ਵਿਰੋਧ ਕੀਤਾ ਤਾਂ ਜੋ ਉਹ ਦੂਜਿਆਂ ਨੂੰ ਦਬਾ ਕੇ ਰੱਖ ਸਕਣ।

**ਤੁਲਸੀ ਗੈਬਰਡ ਨਾਲ ਤੁਲਨਾ:** ਰਾਖੀ ਇਸਰਾਨੀ ਦੀ ਤੁਲਨਾ ਤੁਲਸੀ ਗੈਬਰਡ ਨਾਲ ਕੀਤੀ ਗਈ ਹੈ। ਦੋਸ਼ ਲਾਇਆ ਗਿਆ ਹੈ ਕਿ ਦੋਵਾਂ ਦੇ ਹਿੰਦੂ ਰਾਸ਼ਟਰਵਾਦੀ ਸੰਗਠਨਾਂ ਨਾਲ ਮਜ਼ਬੂਤ ਸਬੰਧ ਹਨ ਅਤੇ ਉਹਨਾਂ ਨੂੰ ਅਮਰੀਕੀ ਕਾਂਗਰਸ ਦੀਆਂ ਚੋਣਾਂ ਵਿੱਚ ਹੋਰ ਉਮੀਦਵਾਰਾਂ ਨੂੰ ਹਰਾਉਣ ਲਈ $351,954 ਦਾ ਫੰਡ ਦਿੱਤਾ ਗਿਆ ਹੈ।

ਮੁਜ਼ਾਹਰੇ ਦੇ ਅੰਤ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ 'ਆਰ.ਐੱਸ.ਐੱਸ. ਬਾਹਰ ਜਾਓ' (Out with the RSS) ਅਤੇ ਅਜ਼ਾਦੀ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

**FEC ਦਸਤਾਵੇਜ਼ਾਂ ਤੋਂ ਹੋਏ ਵੱਡੇ ਖੁਲਾਸੇ**

ਫੈਡਰਲ ਇਲੈਕਸ਼ਨ ਕਮਿਸ਼ਨ (FEC) ਦੇ ਸਾਲ 2026 ਦੀ ਪਹਿਲੀ ਤਿਮਾਹੀ (QA) ਦੇ ਦਸਤਾਵੇਜ਼ਾਂ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਰਾਖੀ ਇਸਰਾਨੀ ਦੀ ਮੁਹਿੰਮ ਦੇ ਪਿੱਛੇ ਅਮਰੀਕਾ ਵਿੱਚ ਸਰਗਰਮ ਹਿੰਦੂ ਰਾਸ਼ਟਰਵਾਦੀ ਨੈੱਟਵਰਕ (ਹਿੰਦੂਤਵ ਲਾਬੀ) ਦਾ ਵੱਡਾ ਹੱਥ ਅਤੇ ਪੈਸਾ ਹੈ। ਇਸ ਫੰਡਿੰਗ ਦੇ ਮੁੱਖ ਨੁਕਤੇ ਹੇਠ ਲਿਖੇ ਅਨੁਸਾਰ ਹਨ:

**ਉੱਚ ਅਹੁਦਿਆਂ ਤੋਂ ਸਮਰਥਨ:** ਇਸਰਾਨੀ ਦੇ ਕੁੱਲ 424 ਵਿਅਕਤੀਗਤ ਦਾਨੀਆਂ ਵਿੱਚੋਂ 111 ਦਾਨੀ (ਯਾਨੀ 25% ਤੋਂ ਵੱਧ) ਅਮਰੀਕਾ ਵਿੱਚ ਹਿੰਦੂਤਵ ਨਾਲ ਜੁੜੀਆਂ ਜਥੇਬੰਦੀਆਂ ਵਿੱਚ ਉੱਚੇ ਅਹੁਦਿਆਂ 'ਤੇ ਬੈਠੇ ਹਨ।

**ਲੱਖਾਂ ਡਾਲਰਾਂ ਦਾ ਫੰਡ:** ਇਸ ਨੈੱਟਵਰਕ ਨਾਲ ਜੁੜੇ ਦਾਨੀਆਂ ਅਤੇ ਦੋ ਖਾਸ ਪੈਕ (PACs) - 'ਹਿੰਦੂ ਅਮੈਰੀਕਨ ਪੈਕ' ਅਤੇ 'ਹਿੰਦੂਜ਼ ਆਫ ਜਾਰਜੀਆ ਪੈਕ' ਵੱਲੋਂ ਕੁੱਲ $351,954 ਦਿੱਤੇ ਗਏ ਹਨ, ਜੋ ਕਿ ਉਸ ਦੇ ਕੁੱਲ ਬਾਹਰੀ ਫੰਡ ਦਾ 38.3% ਬਣਦਾ ਹੈ।

**ਬਾਹਰੀ ਰਾਜਾਂ ਤੋਂ ਫੰਡਿੰਗ:** ਕੈਲੀਫੋਰਨੀਆ ਵਿੱਚ ਚੋਣ ਲੜ ਰਹੀ ਇਸਰਾਨੀ ਨੂੰ ਸਭ ਤੋਂ ਵੱਧ ਫੰਡ ਟੈਕਸਾਸ (100 ਦਾਨੀ), ਜਾਰਜੀਆ (56 ਦਾਨੀ) ਅਤੇ ਫਲੋਰਿਡਾ (30 ਦਾਨੀ) ਤੋਂ ਆਏ ਹਨ, ਜਿੱਥੇ ਇਸ ਹਿੰਦੂਤਵ ਨੈੱਟਵਰਕ ਦਾ ਮਜ਼ਬੂਤ ਆਧਾਰ ਹੈ।

**ਹਿੰਦੂਤਵ ਏਜੰਡੇ ਅਤੇ ਕਾਨੂੰਨਾਂ ਦਾ ਵਿਰੋਧ**

ਰਾਖੀ ਇਸਰਾਨੀ ਪਿਛਲੇ ਤਿੰਨ ਦਹਾਕਿਆਂ ਤੋਂ ਹਿੰਦੂਤਵ ਜਥੇਬੰਦੀਆਂ ਵਿੱਚ ਕਾਨੂੰਨੀ ਸਲਾਹਕਾਰ ਅਤੇ ਨਿਰਦੇਸ਼ਕ ਵਜੋਂ ਕੰਮ ਕਰਦੀ ਰਹੀ ਹੈ। ਉਸ 'ਤੇ ਦੋਸ਼ ਹਨ ਕਿ ਉਸ ਨੇ ਅਮਰੀਕਾ ਵਿੱਚ ਭਾਰਤ ਸਰਕਾਰ ਅਤੇ ਹਿੰਦੂਤਵ ਦੇ ਏਜੰਡੇ ਨੂੰ ਕਾਨੂੰਨੀ ਰੂਪ ਦੇਣ ਵਿੱਚ ਮੁੱਖ ਭੂਮਿਕਾ ਨਿਭਾਈ:

**ਜਾਤੀਵਾਦ ਵਿਰੋਧੀ ਕਾਨੂੰਨ (SB 403) ਦਾ ਵਿਰੋਧ:** ਅਪ੍ਰੈਲ 2023 ਵਿੱਚ ਇਸਰਾਨੀ ਨੇ ਕੈਲੀਫੋਰਨੀਆ ਸੈਨੇਟ ਵਿੱਚ ਜਾਤੀ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ (SB 403) ਦੇ ਖ਼ਿਲਾਫ਼ ਗਵਾਹੀ ਦਿੱਤੀ ਸੀ।

**ਦੇਸ਼ੀ ਦਬਾਅ ਵਿਰੋਧੀ ਬਿੱਲ (SB 509) ਦਾ ਵਿਰੋਧ:** ਸਾਲ 2025 ਵਿੱਚ ਹਿੰਦੂਪੈਕਟ (HinduPact) ਨੇ ਉਸ ਕਾਨੂੰਨ ਦਾ ਵੀ ਵਿਰੋਧ ਕੀਤਾ ਜੋ ਅਮਰੀਕਾ ਵਿੱਚ ਪ੍ਰਵਾਸੀ ਭਾਈਚਾਰਿਆਂ (ਜਿਵੇਂ ਸਿੱਖ ਅਤੇ ਮੁਸਲਿਮ) ਨੂੰ ਵਿਦੇਸ਼ੀ ਸਰਕਾਰਾਂ (ਭਾਰਤ) ਦੇ ਡਰਾਉਣ-ਧਮਕਾਉਣ ਤੋਂ ਸੁਰੱਖਿਆ ਪ੍ਰਦਾਨ ਕਰਨ ਲਈ ਬਣਾਇਆ ਜਾ ਰਿਹਾ ਸੀ parrot।

**ਅੰਤਰਰਾਸ਼ਟਰੀ ਪ੍ਰਭਾਵ ਅਤੇ FARA ਤਹਿਤ ਜਾਂਚ ਦੀ ਮੰਗ :**

ਇਸ ਪੂਰੇ ਘਟਨਾਕ੍ਰਮ ਤੋਂ ਬਾਅਦ ਮਾਮਲਾ ਕਾਫੀ ਗੰਭੀਰ ਰੂਪ ਅਖਤਿਆਰ ਕਰ ਗਿਆ ਹੈ:

**RSS 'ਤੇ ਪਾਬੰਦੀ ਦੀ ਸਿਫ਼ਾਰਸ਼:** ਇਸ ਘਟਨਾ ਤੋਂ ਬਾਅਦ ਅਮਰੀਕੀ ਕਮਿਸ਼ਨ (USCIRF) ਨੇ ਸਾਲ 2026 ਵਿੱਚ RSS 'ਤੇ ਟਾਰਗੇਟਡ ਪਾਬੰਦੀਆਂ (Sanctions) ਲਗਾਉਣ ਦੀ ਸਿਫ਼ਾਰਸ਼ ਕੀਤੀ ਹੈ।

**ਹਿੱਤਾਂ ਦਾ ਟਕਰਾਅ:** ਜੇਕਰ ਰਾਖੀ ਇਸਰਾਨੀ (ਜਿਸ ਦੀ ਚੋਣ ਮੁਹਿੰਮ RSS ਦੇ ਨੈੱਟਵਰਕ ਸਿਰ ਚੱਲ ਰਹੀ ਹੈ) ਅਮਰੀਕੀ ਕਾਂਗਰਸ ਵਿੱਚ ਪਹੁੰਚਦੀ ਹੈ,




ਤਾਂ ਉਹ ਉਸੇ ਸੰਸਦ ਦਾ ਹਿੱਸਾ ਹੋਵੇਗੀ ਜੋ ਇਨ੍ਹਾਂ ਪਾਬੰਦੀਆਂ ਅਤੇ ਅਮਰੀਕੀ ਵਿਦੇਸ਼ ਨੀਤੀ ਦਾ ਫੈਸਲਾ ਕਰਦੀ ਹੈ।

ਇਸ ਦੇ ਨਾਲ ਹੀ, ਫਰੀਮਾਂਟ ਗੁਰਦੁਆਰਾ ਸਾਹਿਬ ਵੱਲੋਂ ਅਮਰੀਕਾ ਦੇ ਅਟਾਰਨੀ ਜਨਰਲ ਕੋਲ ਇੱਕ ਰਸਮੀ ਸ਼ਿਕਾਇਤ ਦਰਜ ਕਰਵਾਈ ਗਈ ਹੈ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਸੰਸਥਾਵਾਂ ਦੀ ਜਾਂਚ 'ਫੌਰਨ ਏਜੰਟ ਰਜਿਸਟ੍ਰੇਸ਼ਨ ਐਕਟ' (FARA) ਤਹਿਤ ਕੀਤੀ ਜਾਵੇ, ਕਿਉਂਕਿ ਇਹ ਸੰਸਥਾਵਾਂ ਅਮਰੀਕੀ ਕਾਨੂੰਨਸਾਜ਼ਾਂ 'ਤੇ ਭਾਰਤ ਸਰਕਾਰ ਦੇ ਹੱਕ ਵਿੱਚ ਦਬਾਅ ਪਾਉਣ ਲਈ ਕੰਮ ਕਰ ਰਹੀਆਂ ਹਨ।

ਕੈਲੀਫੋਰਨੀਆ ਦੇ ਡਿਸਟ੍ਰਿਕਟ 14 ਵਿੱਚ ਵੱਡੀ ਗਿਣਤੀ ਵਿੱਚ ਰਹਿਣ ਵਾਲੇ ਸਿੱਖ, ਦਲਿਤ, ਮੁਸਲਿਮ ਅਤੇ ਅਗਾਂਹਵਧੂ ਹਿੰਦੂ ਭਾਈਚਾਰਿਆਂ ਲਈ ਇਹ ਚੋਣ ਇੱਕ ਵੱਡਾ ਸਵਾਲ ਬਣ ਗਈ ਹੈ। ਵਿਰੋਧੀਆਂ ਦਾ ਸਾਫ਼ ਕਹਿਣਾ ਹੈ ਕਿ ਰਾਖੀ ਇਸਰਾਨੀ ਆਪਣੇ ਖੇਤਰ ਦੇ ਲੋਕਾਂ ਦੀ ਸੱਚੀ ਪ੍ਰਤੀਨਿਧ ਨਹੀਂ, ਬਲਕਿ ਉਸ ਹਿੰਦੂਤਵ ਨੈੱਟਵਰਕ ਦੀ 'ਬੰਧਕ ਉਮੀਦਵਾਰ' (Captive Candidate) ਹੈ ਜਿਸ ਨੇ ਉਸ ਨੂੰ ਸਿਆਸਤ ਵਿੱਚ ਖੜ੍ਹਾ ਕੀਤਾ ਹੈ।






**ਵਖਰੇਵਿਆਂ ਤੋਂ ਕੌਮੀ ਸ਼ਕਤੀ ਤੱਕ — ਸਮਝੌਤੇ ਦੀ ਕਲਾ**

**'ਸਮਝੌਤਾ ਕੋਈ ਕਮਜ਼ੋਰੀ ਨਹੀਂ ਅਤੇ ਆਪਸੀ ਸਹਿਮਤੀ ਕੋਈ ਹਾਰ ਨਹੀਂ, ਬਲਕਿ ਇਹ ਕੌਮੀ ਤਾਕਤ ਦਾ ਲੀਵਰ (Lever of Power) ਹੈ।'**

ਕਿਸੇ ਵੀ ਜ਼ਿੰਦਾ ਕੌਮ ਦੀ ਅਸਲ ਤਾਕਤ ਮੱਤਭੇਦਾਂ ਦੀ ਗੈਰ-ਹਾਜ਼ਰੀ ਵਿੱਚ ਨਹੀਂ, ਬਲਕਿ ਵਖਰੇਵਿਆਂ ਨੂੰ ਕੌਮੀ ਸ਼ਕਤੀ ਵਿੱਚ ਬਦਲਣ ਦੇ ਹੁਨਰ ਵਿੱਚ ਹੁੰਦੀ ਹੈ। ਅੱਜ ਜਦੋਂ ਗਲੋਬਲ ਸਿੱਖ ਭਾਈਚਾਰਾ ਸੰਸਥਾਗਤ ਖੇਰੂੰ-ਖੇਰੂੰ, ਵੱਖ-ਵੱਖ ਵਿਚਾਰਧਾਰਾਵਾਂ ਅਤੇ ਭੂਗੋਲਿਕ ਪਾੜਿਆਂ ਦੇ ਗੰਭੀਰ ਦੌਰ ਵਿੱਚੋਂ ਲੰਘ ਰਿਹਾ ਹੈ, ਉੱਥੇ ਆਪਸੀ ਸਹਿਮਤੀ ਅਤੇ ਸੰਵਾਦ ਦੀ ਬੇਹੱਦ ਲੋੜ ਹੈ। ਸਮਝੌਤਾ ਕੋਈ ਕਮਜ਼ੋਰੀ ਜਾਂ ਆਤਮ-ਸਮਰਪਣ ਨਹੀਂ, ਬਲਕਿ ਕੌਮੀ ਤਾਕਤ ਨੂੰ ਇੱਕਜੁੱਟ ਕਰਨ ਦਾ ਸਭ ਤੋਂ ਵੱਡਾ ਰਣਨੀਤਕ ਹਥਿਆਰ (Lever of Power) ਹੈ। ਇਸੇ ਅਹਿਮ ਅਤੇ ਸੰਵੇਦਨਸ਼ੀਲ ਵਿਸ਼ੇ 'ਤੇ ਅਮਰੀਕਾ ਦੇ ਪ੍ਰਸਿੱਧ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਬੁਲੰਦ ਆਵਾਜ਼ ਡਾ. ਗੁਰਿੰਦਰ ਸਿੰਘ ਗ੍ਰੇਵਾਲ (MD) ਆਪਣੇ ਇਸ ਹਫ਼ਤਾਵਾਰੀ ਲੇਖ "The Art of Compromise: The American Founding and Lessons for Sikh Political Unity" ਰਾਹੀਂ ਇੱਕ ਬੇਹੱਦ ਡੂੰਘੀ ਅਤੇ ਇਤਿਹਾਸਕ ਪਹੁੰਚ ਪੇਸ਼ ਕਰ ਰਹੇ ਹਨ। ਡਾ. ਗ੍ਰੇਵਾਲ ਨੇ ਸਾਲ 1790 ਦੇ ਇਤਿਹਾਸਕ ਅਮਰੀਕੀ ਸਮਝੌਤੇ (Compromise of 1790) ਦੀ ਮਿਸਾਲ ਦਿੰਦਿਆਂ ਬਾਖ਼ੂਬੀ ਦਿਖਾਇਆ ਹੈ ਕਿ ਕਿਵੇਂ ਅਲੈਗਜ਼ੈਂਡਰ ਹੈਮਿਲਟਨ, ਥਾਮਸ ਜੈ.ਫਰਸਨ ਅਤੇ ਜੇਮਜ਼ ਮੈਡੀਸਨ ਵਰਗੇ ਕੱਟੜ ਸਿਆਸੀ ਵਿਰੋਧੀਆਂ ਨੇ ਆਪਣੇ ਡੂੰਘੇ ਵਖਰੇਵਿਆਂ ਦੇ ਬਾਵਜੂਦ, ਦੇਸ਼ ਦੇ ਭਵਿੱਖ ਅਤੇ ਅਖੰਡਤਾ ਲਈ ਆਪਸੀ ਸਹਿਮਤੀ ਦਾ ਰਾਹ ਚੁਣਿਆ। ਲੇਖਕ ਇਸ ਅਮਰੀਕੀ ਇਤਿਹਾਸ ਨੂੰ ਸਾਡੀ ਆਪਣੀ ਅਮੀਰ ਵਿਰਾਸਤ—'ਸਰਬੱਤ ਖ਼ਾਲਸਾ' ਅਤੇ 'ਗੁਰਮਤਾ' ਦੇ ਸਿਧਾਂਤਾਂ ਨਾਲ ਜੋੜਦਿਆਂ ਯਾਦ ਦਿਵਾਉਂਦੇ ਹਨ ਕਿ ਸਦੀਆਂ ਪਹਿਲਾਂ ਸਾਡੇ ਪੁਰਖਿਆਂ ਨੇ ਸਾਂਝੀ ਪ੍ਰਭੁਸੱਤਾ ਅਤੇ ਫੈਸਲੇ ਲੈਣ ਦਾ ਇਹੀ ਰਾਹ ਦੁਨੀਆ ਨੂੰ ਵਿਖਾਇਆ ਸੀ। ਸੰਸਥਾਗਤ ਸੁਧਾਰ, ਗਲੋਬਲ ਡਾਇਸਪੋਰਾ ਦੀ ਸ਼ਮੂਲੀਅਤ ਅਤੇ ਇੱਕ ਸਾਂਝੇ ਮੰਚ ਦੀ ਉਸਾਰੀ 'ਤੇ ਜ਼ੋਰ ਦਿੰਦਾ ਇਹ ਵਿਚਾਰ-ਉਤੇਜਕ ਲੇਖ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਸਾਨੂੰ ਪੂਰਨ ਉਮੀਦ ਹੈ ਕਿ ਡਾ. ਗ੍ਰੇਵਾਲ ਦਾ ਇਹ ਵਿਸ਼ਲੇਸ਼ਣ ਸਿੱਖ ਜਗਤ ਵਿੱਚ ਆਪਸੀ ਏਕਤਾ ਅਤੇ ਜਥੇਬੰਦਕ ਸੁਧਾਰਾਂ ਲਈ ਇੱਕ ਨਵੀਂ ਊਰਜਾ ਅਤੇ ਸਾਰਥਕ ਬਹਿਸ ਦਾ ਆਗਾਜ਼ ਕਰੇਗਾ। ਅੱਜ ਜਦੋਂ ਗਲੋਬਲ ਸਿੱਖ ਭਾਈਚਾਰਾ ਵੱਖ-ਵੱਖ ਸੰਸਥਾਵਾਂ, ਵਿਚਾਰਧਾਰਾਵਾਂ ਅਤੇ ਭੂਗੋਲਿਕ ਖਿੱਤਿਆਂ ਵਿੱਚ ਵੰਡਿਆ ਹੋਇਆ ਨਜ਼ਰ ਆ ਰਿਹਾ ਹੈ, ਉੱਥੇ ਸਾਨੂੰ ਆਪਣੀ ਵਿਰਾਸਤ: 'ਸਰਬੱਤ ਖ਼ਾਲਸਾ' ਅਤੇ 'ਗੁਰਮਤਾ' ਦੇ ਸਿਧਾਂਤਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਇਹ ਲੇਖ ਅੱਜ ਦੇ ਸੰਸਥਾਗਤ ਸੰਕਟ, ਪ੍ਰਵਾਸੀ ਸਿੱਖਾਂ (Diaspora) ਦੀ ਭੂਮਿਕਾ ਅਤੇ ਇੱਕ ਸਾਂਝੇ ਲੀਡਰਸ਼ਿਪ ਮੰਚ ਦੀ ਉਸਾਰੀ 'ਤੇ ਬੇਬਾਕ ਚਰਚਾ ਕਰਦਾ ਹੈ। ਆਓ, ਕੌਮੀ ਏਕਤਾ ਅਤੇ ਜਥੇਬੰਦਕ ਸੁਧਾਰਾਂ ਦੀ ਬੁਨਿਆਦ ਰੱਖਣ ਵਾਲੇ ਇਸ ਮਹੱਤਵਪੂਰਨ ਲੇਖ ਨਾਲ ਜੁੜੀਏ। - ਸਤਨਾਮ ਸਿੰਘ ਖਾਲਸਾ

## ਸਮਝੌਤੇ ਦੀ ਕਲਾ: ਅਮਰੀਕੀ ਇਤਿਹਾਸ ਦੇ ਆਈਨੇ ਵਿੱਚ ਸਿੱਖ ਸਿਆਸੀ ਏਕਤਾ ਦਾ ਮਾਰਗ

## ਇਤਿਹਾਸ ਤੋਂ ਸਿੱਖੀਏ: ਕਿਵੇਂ ਅਮਰੀਕੀ ਆਗੂਆਂ ਨੇ ਵਖਰੇਵਿਆਂ ਨੂੰ ਕੌਮੀ ਤਾਕਤ ਵਿੱਚ ਬਦਲਿਆ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਵਿੱਤੀ ਸੰਘ ਤੋਂ ਲੈ ਕੇ ਸਮੂਹਿਕ ਇੱਛਾ ਸ਼ਕਤੀ ਤੱਕ ਜਾਣ-ਪਛਾਣ

ਰਾਜਨੀਤਿਕ ਭਾਈਚਾਰੇ ਸ਼ਾਂਤੀ ਵਿੱਚ ਨਹੀਂ, ਬਲਕਿ ਖੇਤਰਾਂ, ਵਿਚਾਰਧਾਰਾਵਾਂ ਅਤੇ ਕਿਸਮਤ ਦੇ ਵਿਰੋਧੀ ਦ੍ਰਿਸ਼ਟੀਕੋਣਾਂ ਵਿਚਕਾਰ ਡੂੰਘੇ ਟਕਰਾਅ ਦੀ ਭੱਠੀ ਵਿੱਚ ਘੜੇ ਜਾਂਦੇ ਹਨ। ਸੱਚੀ ਸ਼ਕਤੀ ਮਤਭੇਦਾਂ ਦੀ ਗੈਰ-ਹਾਜ਼ਰੀ ਵਿੱਚ ਨਹੀਂ, ਬਲਕਿ ਅਸਹਿਮਤੀ ਨੂੰ ਸਮੂਹਿਕ ਤਾਕਤ ਦੇ ਇੰਜਣ ਵਿੱਚ ਬਦਲਣ ਦੀ ਭਾਈਚਾਰੇ ਦੀ ਸਮਰੱਥਾ ਵਿੱਚ ਹੁੰਦੀ ਹੈ। ਇਹ ਪੇਪਰ ਦਲੀਲ ਦਿੰਦਾ ਹੈ ਕਿ ਅਮਰੀਕੀ ਸਥਾਪਨਾ, ਅਤੇ ਖਾਸ ਤੌਰ 'ਤੇ 1790 ਦਾ ਸਮਝੌਤਾ (Compromise of 1790), ਸਿੱਖ ਭਾਈਚਾਰੇ ਲਈ ਇੱਕ ਮਜ਼ਬੂਤ ਖਾਕਾ (blueprint) ਪ੍ਰਦਾਨ ਕਰਦਾ ਹੈ: ਸਮਝੌਤਾ ਕੋਈ ਮਹਿਜ਼ ਰਜ਼ਾਮੰਦੀ ਜਾਂ ਸਮਰਪਣ ਨਹੀਂ ਹੈ, ਬਲਕਿ ਇੱਕ ਅਜਿਹਾ ਰਚਨਾਤਮਕ ਕਾਰਜ ਹੈ ਜੋ ਵਿਭਿੰਨਤਾ ਨੂੰ ਕਾਇਮ ਰੱਖਦੇ ਹੋਏ ਏਕਤਾ ਦਾ ਨਿਰਮਾਣ ਕਰਦਾ ਹੈ।

ਹੈਮਿਲਟਨ (Hamilton), ਜੈਫਰਸਨ (Jefferson) ਅਤੇ ਮੈਡੀਸਨ (Madison) ਵਿਚਕਾਰ ਹੋਈਆਂ ਕਾਰਵਾਈਆਂ ਅਤੇ ਟਕਰਾਅ ਨਾ ਸਿਰਫ਼ ਰਾਜਨੀਤਿਕ ਪਰਿਪੱਕਤਾ ਨੂੰ ਦਰਸਾਉਂਦੇ ਹਨ, ਬਲਕਿ ਗਣਨਾ ਕੀਤੇ ਜੋਖਮਾਂ (calculated risk) ਦੁਆਰਾ ਦੇਸ਼ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਦਲੇਰੀ ਵੀ ਦਿਖਾਉਂਦੇ ਹਨ। ਉਹਨਾਂ ਦਾ 1790 ਦਾ ਸੌਦਾ—1790 ਦਾ ਸਮਝੌਤਾ—ਇਹ ਸਾਬਤ ਕਰਦਾ ਹੈ ਕਿ ਸਮਝੌਤਾ ਸਿਧਾਂਤਾਂ ਦੀ ਬਲੀ ਦਿੱਤੇ ਬਿਨਾਂ ਸਮੂਹਿਕ ਹੋਂਦ ਦੀ ਰੱਖਿਆ ਕਰਨ ਅਤੇ ਰਣਨੀਤਕ ਸਮਝੌਤੇ ਦੁਆਰਾ ਸ਼ਕਤੀ ਦੀ ਵਰਤੋਂ ਕਰਨ ਦਾ ਇੱਕ ਕਾਰਜ ਹੈ।

ਅੱਜ ਦੇ ਸਿੱਖ ਭਾਈਚਾਰੇ ਲਈ—ਜੋ ਸੰਸਥਾਵਾਂ, ਮਹਾਂਦੀਪਾਂ ਅਤੇ ਵੱਖ-ਵੱਖ ਵਿਚਾਰਾਂ ਵਿੱਚ ਵੰਡਿਆ ਹੋਇਆ ਹੈ—ਅਮਰੀਕੀ ਇਤਿਹਾਸ ਦਾ ਇਹ ਸਬਕ ਬਹੁਤ ਜ਼ਰੂਰੀ ਹੈ। ਅਸਲ ਖ਼ਤਰਾ ਵਿਚਾਰਾਂ ਦੀ ਵਿਭਿੰਨਤਾ ਨਹੀਂ ਹੈ, ਬਲਕਿ ਉਹ ਖ਼ਤਰਨਾਕ ਖਲਾਅ (vacuum) ਹੈ ਜਿੱਥੇ ਆਪਸੀ ਸੁਲ੍ਹਾ-ਸਫਾਈ ਦੇ ਤੰਤਰ (reconciliation mechanisms) ਹੋਣੇ ਚਾਹੀਦੇ ਸਨ।

ਇਸ ਸੰਦਰਭ ਵਿੱਚ, ਇਹ ਪੇਪਰ ਇਹ ਦਲੀਲ ਦਿੰਦਾ ਹੈ ਕਿ ਸਿੱਖ ਭਾਈਚਾਰੇ ਨੂੰ ਸਮਝੌਤੇ ਦੀ ਕਲਾ ਨੂੰ ਮੁੜ ਸੁਰਜੀਤ ਕਰਨਾ ਚਾਹੀਦਾ ਹੈ—ਇੱਕ ਰਿਆਇਤ ਵਜੋਂ ਨਹੀਂ, ਬਲਕਿ ਸ਼ਕਤੀ ਦੇ ਇੱਕ ਲੀਵਰ (lever of power) ਵਜੋਂ—ਤਾਂ ਜੋ ਇੱਕੀਵੀਂ ਸਦੀ ਲਈ ਇੱਕ ਲਚਕਦਾਰ ਏਕਤਾ ਬਣਾਉਣ ਲਈ ਗਲੋਬਲ ਰਾਜਨੀਤਿਕ ਇਤਿਹਾਸ ਅਤੇ ਆਪਣੀਆਂ ਸਥਾਨਕ ਸੰਸਥਾਗਤ ਪਰੰਪਰਾਵਾਂ ਦੋਵਾਂ ਤੋਂ ਮਦਦ ਲਈ ਜਾ ਸਕੇ।

**I. ਕ੍ਰਾਂਤੀ ਤੋਂ ਬਾਅਦ ਦਾ ਸੰਕਟ: ਕਰਜ਼ਾ, ਅਰਾਜਕਤਾ ਅਤੇ ਬਿਖਰਾਅ**

ਅਮਰੀਕੀ ਕ੍ਰਾਂਤੀ ਤੁਰੰਤ ਸਥਿਰਤਾ ਲੈ ਕੇ ਨਹੀਂ ਆਈ। ਇਸ ਦੀ ਬਜਾਏ, ਇਸ ਨੇ ਉਨ੍ਹਾਂ ਸੰਰਚਨਾਤਮਕ ਕਮਜ਼ੋਰੀਆਂ ਨੂੰ ਉਜਾਗਰ ਕੀਤਾ ਜਿਨ੍ਹਾਂ ਨੇ ਦੇਸ਼ ਲਈ ਖ਼ਤਰਾ ਪੈਦਾ ਕਰ ਦਿੱਤਾ ਸੀ।

'ਆਰਟੀਕਲਜ਼ ਆਫ਼ ਕਨਫੈਡਰੇਸ਼ਨ' (Articles of Confederation) ਦੇ ਤਹਿਤ, ਕੇਂਦਰੀ ਸਰਕਾਰ ਕੋਲ ਟੈਕਸ ਲਗਾਉਣ ਜਾਂ ਅੰਤਰਰਾਜੀ ਵਪਾਰ ਨੂੰ ਨਿਯੰਤ੍ਰਿਤ ਕਰਨ ਦਾ ਅਧਿਕਾਰ ਨਹੀਂ ਸੀ। ਨਤੀਜੇ ਵਜੋਂ:

- ਸੰਘੀ ਸਰਕਾਰ ਆਪਣੇ ਜੰਗੀ ਕਰਜ਼ੇ ਨੂੰ ਮੋੜਨ ਵਿੱਚ ਅਸਮਰੱਥ ਸੀ।
- ਵੱਖ-ਵੱਖ ਰਾਜਾਂ ਨੇ ਸੁਤੰਤਰ ਵਿੱਤੀ ਨੀਤੀਆਂ ਅਪਣਾਈਆਂ।
- ਰਾਜਾਂ ਵਿਚਕਾਰ ਆਪਸੀ ਦੁਸ਼ਮਣੀ ਵਧ ਗਈ।
- ਰਾਸ਼ਟਰੀ ਸੰਸਥਾਵਾਂ ਵਿੱਚ ਲੋਕਾਂ ਦਾ ਭਰੋਸਾ ਕਮਜ਼ੋਰ ਹੋ ਗਿਆ।

ਗੋਰਡਨ ਐਸ. ਵੁੱਡ (Gordon S. Wood) ਇਸ ਦੌਰ ਨੂੰ 'ਸੰਸਥਾਗਤ ਨਾਜ਼ੁਕਤਾ ਅਤੇ ਅਨਿਸ਼ਚਿਤ ਪ੍ਰਭੁਸੱਤਾ' ਵਜੋਂ ਬਿਆਨ ਕਰਦੇ ਹਨ, ਜਿੱਥੇ ਕੇਂਦਰੀ ਸਰਕਾਰ ਦੀ ਜਾਇਜ਼ਤਾ ਲਗਾਤਾਰ ਵਿਵਾਦਾਂ ਦੇ ਘੇਰੇ ਵਿੱਚ ਸੀ।

ਇਹ ਵਿੱਤੀ ਸੰਕਟ ਸਿਰਫ਼ ਆਰਥਿਕ ਨਹੀਂ, ਸਗੋਂ ਹੋਂਦ ਦਾ ਸੰਕਟ ਸੀ। ਇੱਕ ਮਜ਼ਬੂਤ ਵਿੱਤੀ ਪ੍ਰਣਾਲੀ ਤੋਂ ਬਿਨਾਂ, ਸੰਯੁਕਤ ਰਾਜ ਅਮਰੀਕਾ ਦੇ ਧੜਿਆਂ ਵਿੱਚ ਵੰਡੇ ਜਾਣ ਦਾ ਖ਼ਤਰਾ ਸੀ। ਦੇਸ਼ ਨੂੰ ਇੱਕਜੁੱਟ ਕਰਨ ਲਈ ਆਗੂਆਂ ਨੇ ਕਦਮ ਚੁੱਕੇ।

**II. ਹੈਮਿਲਟਨ ਦਾ ਵਿੱਤੀ ਦ੍ਰਿਸ਼ਟੀਕੋਣ: ਰਾਜਨੀਤਿਕ ਰਣਨੀਤੀ ਵਜੋਂ ਅਰਥ ਸ਼ਾਸਤਰ**

1789 ਵਿੱਚ ਖ਼ਜ਼ਾਨਾ ਸਕੱਤਰ (Secretary of the Treasury) ਨਿਯੁਕਤ ਕੀਤੇ ਗਏ ਅਲੈਗਜ਼ੈਂਡਰ ਹੈਮਿਲਟਨ (Alexander Hamilton) ਨੇ ਨਵੇਂ ਰਾਸ਼ਟਰ ਨੂੰ ਸਥਿਰ ਕਰਨ ਲਈ ਇੱਕ ਵਿਆਪਕ ਵਿੱਤੀ ਪ੍ਰੋਗਰਾਮ ਦਾ ਪ੍ਰਸਤਾਵ ਦਿੱਤਾ। ਉਨ੍ਹਾਂ ਦੀ 'ਪਬਲਿਕ ਕ੍ਰੈਡਿਟ 'ਤੇ ਰਿਪੋਰਟ' (1790) ਨੇ ਇੱਕ ਦਲੇਰਾਨਾ ਯੋਜਨਾ ਦੀ ਰੂਪ ਰੇਖਾ ਤਿਆਰ ਕੀਤੀ:

- ਰਾਜਾਂ ਦੇ ਕਰਜ਼ਿਆਂ ਨੂੰ ਸੰਘੀ (ਕੇਂਦਰੀ) ਸਰਕਾਰ ਦੁਆਰਾ ਆਪਣੇ ਸਿਰ ਲੈਣਾ (Federal assumption)
- ਰਾਸ਼ਟਰੀ ਜ਼ਿੰਮੇਵਾਰੀਆਂ ਦਾ ਇੱਕੀਕਰਨ
- ਜਨਤਕ ਸਾਖ (public credit) ਦੀ ਸਥਾਪਨਾ
- ਵਿੱਤੀ ਸੰਸਥਾਵਾਂ ਦਾ ਗਠਨ

ਹੈਮਿਲਟਨ ਦਾ ਪ੍ਰਸਤਾਵ ਇੱਕ ਰਣਨੀਤਕ ਸੂਝ 'ਤੇ ਅਧਾਰਤ ਸੀ: ਆਰਥਿਕ ਏਕੀਕਰਨ ਰਾਜਨੀਤਿਕ ਏਕਤਾ ਪੈਦਾ ਕਰੇਗਾ। ਵਿੱਤੀ ਨੀਤੀ ਅਤੇ ਰਾਸ਼ਟਰੀ ਉਦੇਸ਼ ਦੇ ਵਿਚਕਾਰ ਇਸ ਮਹੱਤਵਪੂਰਨ ਸਬੰਧ ਨੇ ਉਸ ਦੌਰ ਦੀਆਂ ਬਹਿਸਾਂ ਨੂੰ ਹੋਰ ਭੜਕਾਇਆ।

ਕਰਜ਼ਦਾਤਿਆਂ ਅਤੇ ਰਾਜਾਂ ਨੂੰ ਸੰਘੀ ਸਰਕਾਰ ਨਾਲ ਬੰਨ੍ਹ ਕੇ, ਹੈਮਿਲਟਨ ਸੰਘ ਦੀ ਹੋਂਦ ਵਿੱਚ ਸਭ ਦਾ ਸਾਂਝਾ ਹਿੱਤ (vested interest) ਪੈਦਾ ਕਰਨਾ ਚਾਹੁੰਦੇ ਸਨ। ਇਸ ਤਰ੍ਹਾਂ, ਉਨ੍ਹਾਂ ਦੀ ਨਜ਼ਰ ਵਿੱਚ ਕਰਜ਼ਾ ਸਿਰਫ਼ ਇੱਕ ਬੋਝ ਨਹੀਂ ਸੀ, ਬਲਕਿ ਦੇਸ਼ ਦੇ ਨਿਰਮਾਣ ਦਾ ਇੱਕ ਸਾਧਨ ਸੀ।

**III. ਵਿਰੋਧ ਅਤੇ ਖੇਤਰੀ ਟਕਰਾਅ**

ਹੈਮਿਲਟਨ ਦੀ ਯੋਜਨਾ ਨੂੰ ਵਰਜੀਨੀਆ ਅਤੇ ਹੋਰ ਖੇਤੀਬਾੜੀ ਪ੍ਰਧਾਨ ਰਾਜਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਮੈਡੀਸਨ ਨੇ ਇਸ ਵਿਰੋਧ ਦੀ ਅਗਵਾਈ ਕੀਤੀ।

ਮੈਡੀਸਨ ਨੇ ਦਲੀਲ ਦਿੱਤੀ ਕਿ:

- ਜਿਹੜੇ ਰਾਜ ਪਹਿਲਾਂ ਹੀ ਆਪਣੇ ਕਰਜ਼ੇ ਚੁਕਾ ਚੁੱਕੇ ਹਨ, ਉਨ੍ਹਾਂ ਨਾਲ ਬੇਇਨਸਾਫ਼ੀ ਹੋਵੇਗੀ।
- ਕਰਜ਼ੇ ਨੂੰ ਆਪਣੇ ਸਿਰ ਲੈਣਾ ਵਿੱਤੀ ਗੈਰ-ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰੇਗਾ।
- ਰਾਜਾਂ ਦੀ ਖ਼ੁਦਮੁਖਤਿਆਰੀ ਦੀ ਕੀਮਤ 'ਤੇ ਸੰਘੀ ਸ਼ਕਤੀ ਦਾ ਵਿਸਤਾਰ ਹੋਵੇਗਾ।

ਇਹ ਵਿਰੋਧ ਡੂੰਘੇ ਤਣਾਅ ਨੂੰ ਦਰਸਾਉਂਦਾ ਸੀ:

- ਉੱਤਰ ਬਨਾਮ ਦੱਖਣ (ਵਪਾਰਕ ਬਨਾਮ ਖੇਤੀਬਾੜੀ ਅਰਥਵਿਵਸਥਾਵਾਂ)
- ਕੇਂਦਰੀਕਰਨ ਬਨਾਮ ਵਿਕੇਂਦਰੀਕਰਨ
- ਵਿੱਤੀ ਪੂੰਜੀਵਾਦ ਬਨਾਮ ਗਣਤੰਤਰਵਾਦੀ ਸਾਦਗੀ

ਇਸ ਬਹਿਸ ਨੇ 1787 ਦੀ ਨਵੀਂ ਸੰਵਿਧਾਨਕ ਵਿਵਸਥਾ ਨੂੰ ਲਗਭਗ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਸੀ।

IV. ਜੈਫਰਸਨ ਦੀ ਦਖਲਅੰਦਾਜ਼ੀ: ਰਾਤ ਦੇ ਖਾਣੇ ਦੀ ਮੇਜ਼ 'ਤੇ ਰਾਜਨੀਤੀ

ਇਸ ਸੰਕਟ ਵਿੱਚ, ਜੈਫਰਸਨ ਨੇ ਰਸਮੀ ਬਹਿਸ ਰਾਹੀਂ ਨਹੀਂ ਬਲਕਿ ਨਿੱਜੀ ਗੱਲਬਾਤ ਰਾਹੀਂ ਕੰਮ ਕੀਤਾ।

ਜੈਫਰਸਨ ਨੇ ਜੂਨ 1790 ਵਿੱਚ ਨਿਊਯਾਰਕ ਸਿਟੀ ਵਿੱਚ ਇੱਕ ਡਿਨਰ (ਰਾਤ ਦੇ ਖਾਣੇ) ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਹੈਮਿਲਟਨ ਅਤੇ ਮੈਡੀਸਨ ਨੂੰ ਇੱਕਠੇ ਲਿਆਂਦਾ ਗਿਆ। ਆਪਣੀ ਬਾਅਦ ਦੀ ਯਾਦ ਵਿੱਚ, ਜੈਫਰਸਨ ਨੇ ਇਸ ਮੁਲਾਕਾਤ ਨੂੰ 'ਸਰਕਾਰ ਦੇ ਕਦਮਾਂ ਵਿੱਚ ਤਾਲਮੇਲ ਪੈਦਾ ਕਰਨ' ਦੇ ਯਤਨ ਵਜੋਂ ਬਿਆਨ ਕੀਤਾ।

ਇਸ ਦਾ ਨਤੀਜਾ ਇੱਕ ਇਤਿਹਾਸਕ ਰਾਜਨੀਤਿਕ ਸੌਦਾ ਸੀ:

- ਮੈਡੀਸਨ ਕਰਜ਼ਾ ਪ੍ਰਵਾਨਗੀ ਬਿੱਲ (assumption bill) ਨੂੰ ਨਾ ਰੋਕਣ ਲਈ ਸਹਿਮਤ ਹੋਏ।
- ਹੈਮਿਲਟਨ ਰਾਸ਼ਟਰੀ ਰਾਜਧਾਨੀ ਨੂੰ ਦੱਖਣ ਵੱਲ ਤਬਦੀਲ ਕਰਨ ਦਾ ਸਮਰਥਨ ਕਰਨ ਲਈ ਸਹਿਮਤ ਹੋਏ।

ਇਸ ਸੌਦੇ ਨੇ ਸੰਕਟ ਨੂੰ ਹੱਲ ਕੀਤਾ ਅਤੇ ਏਕਤਾ ਦਾ ਰਾਹ ਪੱਧਰਾ ਕੀਤਾ।

V. ਸਮਝੌਤੇ ਦੀ ਬਣਤਰ (Architecture)

1790 ਦਾ ਸਮਝੌਤਾ ਰਾਜਨੀਤਿਕ ਗੱਲਬਾਤ ਦਾ ਇੱਕ ਵਧੀਆ ਮਾਡਲ ਪੇਸ਼ ਕਰਦਾ ਹੈ:

1. ਆਪਸੀ ਲੈਣ-ਦੇਣ (Reciprocity) : ਹਰੇਕ ਧਿਰ ਨੇ ਕੁਝ ਹਾਸਲ ਕੀਤਾ ਅਤੇ ਕੁਝ ਛੱਡਿਆ।
2. ਗੈਰ-ਰਸਮੀਤਾ (Informality): ਨਿੱਜੀ ਮਾਹੌਲ ਨੇ ਉਹ ਲਚਕਤਾ ਪ੍ਰਦਾਨ ਕੀਤੀ ਜੋ ਜਨਤਕ ਮੰਚਾਂ 'ਤੇ ਗੈਰ-ਹਾਜ਼ਰ ਹੁੰਦੀ ਹੈ।
3. ਰਣਨੀਤਕ ਤਰਜੀਹ (Strategic Prioritization): ਆਗੂਆਂ ਨੇ ਜ਼ਰੂਰੀ ਅਤੇ ਸਮਝੌਤਾ ਕਰਨ ਯੋਗ ਹਿੱਤਾਂ ਵਿਚਕਾਰ ਫਰਕ ਨੂੰ ਸਮਝਿਆ।
4. ਦੀਰਘਕਾਲੀ ਦ੍ਰਿਸ਼ਟੀਕੋਣ (Temporal Vision): ਥੋੜ੍ਹੇ ਸਮੇਂ ਦੀਆਂ ਰਿਆਇਤਾਂ ਨੇ ਲੰਬੇ ਸਮੇਂ ਦੀ ਸਥਿਰਤਾ ਨੂੰ ਸੰਭਵ ਬਣਾਇਆ।

ਇਹ ਰਣਨੀਤੀ ਇੱਕ ਸੋਚੀ-ਸਮਝੀ ਰਾਜਨੀਤੀ (statecraft) ਸੀ।

VI. ਸਿੱਖ ਰਾਜਨੀਤਿਕ ਸਥਿਤੀ: ਵਿਧੀ ਤੋਂ ਬਿਨਾਂ ਬਿਖਰਾਅ

ਅੱਜ, ਸਿੱਖ ਰਾਜਨੀਤਿਕ ਖੇਤਰ ਵਿੱਚ ਆਪਸੀ ਸੁਲ੍ਹਾ ਅਤੇ ਸਮਝੌਤੇ ਲਈ ਪ੍ਰਣਾਲੀਆਂ ਦੀ ਘਾਟ ਹੈ।




ਮੁੱਖ ਚੁਣੌਤੀਆਂ ਵਿੱਚ ਸ਼ਾਮਲ ਹਨ:

1. ਸੰਸਥਾਗਤ ਕਬਜ਼ਾ (Institutional Capture): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਅਤੇ ਅਕਾਲ ਤਖ਼ਤ ਵਰਗੀਆਂ ਸੰਸਥਾਵਾਂ ਅਕਸਰ ਪਾਰਟੀਬਾਜ਼ੀ ਦੀ ਰਾਜਨੀਤੀ ਤੋਂ ਪ੍ਰਭਾਵਿਤ ਹੁੰਦੀਆਂ ਹਨ।
2. ਲੀਡਰਸ਼ਿਪ ਦੀ ਬਹੁਤਾਤ (Leadership Multiplicity): ਬਹੁਤ ਸਾਰੀਆਂ ਜਥੇਬੰਦੀਆਂ ਆਪਣੀ ਜਾਇਜ਼ਤਾ ਦਾ ਦਾਅਵਾ ਕਰਦੀਆਂ ਹਨ, ਜਿਸ ਨਾਲ ਇੱਕ ਸਾਂਝੀ ਰਣਨੀਤੀ ਦੀ ਬਜਾਏ ਆਪਸ ਵਿੱਚ ਮੁਕਾਬਲੇਬਾਜ਼ੀ ਵਾਲੇ ਬਿਆਨ ਪੈਦਾ ਹੁੰਦੇ ਹਨ।
3. ਪ੍ਰਵਾਸੀ (ਡਾਇਸਪੋਰਾ)-ਪੰਜਾਬ ਵਿਚਕਾਰ ਟੁੱਟਿਆ ਸੰਪਰਕ: ਗਲੋਬਲ ਸਿੱਖ ਡਾਇਸਪੋਰਾ ਮੁੱਖ ਤੌਰ 'ਤੇ ਪੰਜਾਬ ਸਥਿਤ ਸੰਸਥਾਵਾਂ ਤੋਂ ਸੁਤੰਤਰ ਹੋ ਕੇ ਕੰਮ ਕਰਦਾ ਹੈ।
4. ਸੰਗਠਿਤ ਸੰਵਾਦ ਦੀ ਘਾਟ (Absence of Structured Dialogue): ਉਚ-ਪੱਧਰੀ ਸਹਿਮਤੀ ਬਣਾਉਣ ਲਈ ਕੋਈ ਨਿਰੰਤਰ ਮੰਚ ਮੌਜੂਦ ਨਹੀਂ ਹੈ।

ਬਿਨਾਂ ਕਿਸੇ ਹੱਲ ਦੇ ਸਿਰਫ਼ ਬਿਖਰਾਅ ਹੀ ਹਾਵੀ ਹੈ।

VII. ਤੁਲਨਾਤਮਕ ਢਾਂਚਾ: ਸੰਰਚਨਾਤਮਕ ਸਮਾਨਤਾਵਾਂ

ਵੰਡੇ ਹੋਏ ਭਾਈਚਾਰਿਆਂ ਲਈ ਸਮਝੌਤਾ ਹੀ ਇੱਕਮਾਤਰ ਹੱਲ ਬਣਿਆ ਹੋਇਆ ਹੈ।

| ਵਿਸ਼ਾ | ਅਮਰੀਕੀ ਸਥਾਪਨਾ (1790) | ਸਿੱਖ ਰਾਜਨੀਤਿਕ ਸਥਿਤੀ (ਮੌਜੂਦਾ) |
|---|---|---|
| ਅਧਿਕਾਰ (Authority) | ਕਮਜ਼ੋਰ ਕੇਂਦਰੀ ਸਰਕਾਰ | ਬਿਖਰੀਆਂ ਹੋਈਆਂ ਸੰਸਥਾਵਾਂ |
| ਟਕਰਾਅ (Conflict) | ਰਾਜ ਬਨਾਮ ਸੰਘੀ ਸ਼ਕਤੀ | ਜਥੇਬੰਦਕ ਦੁਸ਼ਮਣੀਆਂ |
| ਜੋਖਮ (Risk) | ਬਿਖਰਾਅ / ਦੇਸ਼ ਦਾ ਟੁੱਟਣਾ | ਹਾਸ਼ੀਏ 'ਤੇ ਚਲੇ ਜਾਣਾ |
| ਹੱਲ (Solution) | ਸਮਝੌਤਾ (Compromise) | ਅਜੇ ਸਾਹਮਣੇ ਆਉਣਾ ਬਾਕੀ ਹੈ |

VIII. ਸਿੱਖ ਪਰੰਪਰਾ: ਸਹਿਮਤੀ ਦੇ ਸਥਾਨਕ ਮਾਡਲ

ਮਹੱਤਵਪੂਰਨ ਗੱਲ ਇਹ ਹੈ ਕਿ ਸਮਝੌਤਾ ਸਿੱਖ ਪਰੰਪਰਾ ਲਈ ਓਪਰਾ (foreign) ਨਹੀਂ ਹੈ। ਇਤਿਹਾਸਕ ਅਭਿਆਸਾਂ ਵਿੱਚ ਸ਼ਾਮਲ ਹਨ:

- ਸਰਬੱਤ ਖਾਲਸਾ: ਸਿੱਖ ਪੰਥ ਦੀ ਪ੍ਰਤੀਨਿਧਤਾ ਕਰਨ ਵਾਲੇ ਸਮੂਹਿਕ ਇਕੱਠ।
- ਗੁਰਮਤਾ: ਸਹਿਮਤੀ 'ਤੇ ਅਧਾਰਤ ਮਤੇ ਜੋ ਪੂਰੇ ਭਾਈਚਾਰੇ 'ਤੇ ਲਾਗੂ ਹੁੰਦੇ ਹਨ।

ਜੇ. ਐਸ. ਗਰੇਵਾਲ (J. S. Grewal) ਨੋਟ ਕਰਦੇ ਹਨ ਕਿ ਇਹ ਸੰਸਥਾਵਾਂ 'ਸਾਂਝੀ ਵਿਚਾਰ-ਵਟਾਂਦਰੇ ਵਿੱਚ ਜੜ੍ਹੀ ਸਮੂਹਿਕ ਪ੍ਰਭੁਸੱਤਾ' ਦਾ ਪ੍ਰਤੀਕ ਸਨ 5

ਇਸ ਰੋਸ਼ਨੀ ਵਿੱਚ, ਭਾਈਚਾਰੇ ਦੇ ਸਾਹਮਣੇ ਚੁਣੌਤੀ ਸੱਭਿਆਚਾਰਕ ਅਸੰਗਤਤਾ (cultural incompatibility) ਨਹੀਂ ਹੈ, ਬਲਕਿ ਸੰਸਥਾਗਤ ਪੁਨਰ-ਸੁਰਜੀਤੀ (institutional revival) ਦੀ ਲੋੜ ਹੈ।

IX. ਸਮਝੌਤਾ ਨਾ ਕਰਨ ਦੀ ਅਸਫਲਤਾ

ਸਮਝੌਤਾ ਕਰਨ ਤੋਂ ਇਨਕਾਰ ਜਾਂ ਅਸਮਰੱਥਾ ਅਨੁਮਾਨਿਤ ਨਤੀਜੇ ਪੈਦਾ ਕਰਦੀ ਹੈ:

- ਸੰਸਥਾਗਤ ਖੜੋਤ (Institutional paralysis)
- ਲੀਡਰਸ਼ਿਪ ਦਾ ਬਿਖਰਾਅ
- ਰਾਜਨੀਤਿਕ ਪ੍ਰਭਾਵ (leverage) ਦਾ ਨੁਕਸਾਨ
- ਬਾਹਰੀ ਹੇਰਾਫੇਰੀ (External manipulation)

ਇਤਿਹਾਸ ਗਵਾਹ ਹੈ ਕਿ ਵੰਡੇ ਹੋਏ ਸਮੂਹ ਬਾਹਰੀ ਨਿਯੰਤਰਣ ਦਾ ਨਿਸ਼ਾਨਾ ਬਣ ਜਾਂਦੇ ਹਨ 6

X. ਸਮਝੌਤੇ ਦੇ ਇੱਕ ਸਿੱਖ ਢਾਂਚੇ ਵੱਲ

ਅਮਰੀਕੀ ਅਨੁਭਵ ਅਤੇ ਸਿੱਖ ਪਰੰਪਰਾ ਦੋਵਾਂ ਤੋਂ ਸਬਕ ਲੈਂਦਿਆਂ, ਇੱਕ ਨਵਾਂ ਢਾਂਚਾ ਪ੍ਰਸਤਾਵਿਤ ਕੀਤਾ ਜਾ ਸਕਦਾ ਹੈ:

1. ਸੱਦਾ ਦੇਣ ਵਾਲਾ ਅਧਿਕਾਰ (Convening Authority): ਇੱਕ ਨਿਰਪੱਖ ਪਲੇਟਫਾਰਮ—ਸੰਭਾਵੀ ਤੌਰ 'ਤੇ ਅਕਾਲ ਤਖ਼ਤ ਦੇ ਪ੍ਰਤੀਕਾਤਮਕ ਅਧਿਕਾਰ ਦੇ ਤਹਿਤ—ਸਾਰੇ ਹਿੱਸੇਦਾਰਾਂ (stakeholders) ਨੂੰ ਇੱਕਠਾ ਕਰੇ।
2. ਪਰਿਭਾਸ਼ਿਤ ਏਜੰਡਾ (Defined Agenda): ਮੁੱਖ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ:
   - ਸੰਸਥਾਗਤ ਸੁਤੰਤਰਤਾ
   - ਧਾਰਮਿਕ ਪ੍ਰਬੰਧਨ (Religious governance)
   - ਰਾਜਨੀਤਿਕ ਪ੍ਰਤੀਨਿਧਤਾ
3. ਸੰਗਠਿਤ ਗੱਲਬਾਤ (Structured Negotiation): ਇਹਨਾਂ ਸਿਧਾਂਤਾਂ ਨੂੰ ਅਪਣਾਇਆ ਜਾਵੇ:
   - ਆਪਸੀ ਲੈਣ-ਦੇਣ (Reciprocity)
   - ਗੁਪਤਤਾ (Confidentiality)
   - ਰਣਨੀਤਕ ਸਮਝੌਤਾ (Strategic compromise)
4. ਪ੍ਰਵਾਸੀ (ਡਾਇਸਪੋਰਾ) ਦਾ ਇੱਕੀਕਰਨ: ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਪ੍ਰਵਾਸੀ ਲੀਡਰਸ਼ਿਪ ਨੂੰ ਰਸਮੀ ਤੌਰ 'ਤੇ ਸ਼ਾਮਲ ਕਰਨਾ।
5. ਲਾਗੂ ਕਰਨ ਦੀ ਵਿਧੀ (Implementation Mechanism): ਫੈਸਲਿਆਂ ਤੋਂ ਬਾਅਦ ਸੁਧਾਰਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ।

XI. ਲੀਡਰਸ਼ਿਪ ਅਤੇ ਰਾਜਨੀਤਿਕ ਪਰਿਪੱਕਤਾ

ਵੰਡੇ ਹੋਏ ਸਮਾਜਾਂ ਵਿੱਚ ਲੀਡਰਸ਼ਿਪ ਲਈ ਹੇਠ ਲਿਖੇ ਗੁਣਾਂ ਦੀ ਲੋੜ ਹੁੰਦੀ ਹੈ:

- ਬਿਆਨਬਾਜ਼ੀ ਦੀ ਬਜਾਏ ਸੰਜਮ (Restraint)
- ਦਾਅਵਿਆਂ ਦੀ ਬਜਾਏ ਗੱਲਬਾਤ (Negotiation)
- ਦਿਖਾਵੇ ਦੀ ਬਜਾਏ ਜ਼ਿੰਮੇਵਾਰੀ (Responsibility)

ਅਮਰੀਕੀ ਸੰਸਥਾਪਕਾਂ ਨੇ ਸਾਬਤ ਕੀਤਾ ਕਿ ਟਕਰਾਅ ਨਹੀਂ, ਬਲਕਿ ਸਮਝੌਤਾ ਹੀ ਅਸਲ ਰਾਜਨੀਤਿਕ ਮਹਾਨਤਾ ਹੈ।

XII. ਵਿਆਪਕ ਪ੍ਰਭਾਵ: ਭਾਈਚਾਰੇ ਤੋਂ ਸ਼ਾਸਨ ਤੱਕ

ਇਹ ਚਰਚਾ ਸ਼ਾਸਨ (governance) ਦੇ ਵਿਆਪਕ ਸਵਾਲਾਂ ਨਾਲ ਜੁੜਦੀ ਹੈ—ਖਾਸ ਤੌਰ 'ਤੇ ਰਾਜ-ਸਮਾਜ ਦੇ ਆਪਸੀ ਤਾਲਮੇਲ ਅਤੇ ਕੁਸ਼ਲਤਾ ਦੇ ਢਾਂਚੇ ਨਾਲ।

ਜਿਸ ਤਰ੍ਹਾਂ ਹੈਮਿਲਟਨ ਨੇ ਵਿੱਤੀ ਏਕੀਕਰਨ ਨੂੰ ਏਕਤਾ ਦੇ ਇੱਕ ਸਾਧਨ ਵਜੋਂ ਸਮਝਿਆ ਸੀ, ਸਿੱਖ ਸੰਸਥਾਵਾਂ ਨੂੰ ਵੀ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ:

- ਸ਼ਾਸਨ (Governance) ਲਈ ਤਾਲਮੇਲ ਦੀ ਲੋੜ ਹੁੰਦੀ ਹੈ।
- ਤਾਲਮੇਲ (Coordination) ਲਈ ਸਮਝੌਤੇ ਦੀ ਲੋੜ ਹੁੰਦੀ ਹੈ।
- ਸਮਝੌਤੇ (Compromise) ਲਈ ਸੰਸਥਾਗਤ ਡਿਜ਼ਾਈਨ ਦੀ ਲੋੜ ਹੁੰਦੀ ਹੈ।

ਇਨ੍ਹਾਂ ਤੱਤਾਂ ਤੋਂ ਬਿਨਾਂ, ਇੱਕ ਮਜ਼ਬੂਤ ਸੱਭਿਆਚਾਰਕ ਪਛਾਣ ਵੀ ਪ੍ਰਭਾਵਸ਼ਾਲੀ ਸਮੂਹਿਕ ਕਾਰਵਾਈ ਵਿੱਚ ਨਹੀਂ ਬਦਲ ਸਕਦੀ। ਇਸ ਲਈ, ਤਰੱਕੀ ਲਈ ਸੰਸਥਾਗਤ ਡਿਜ਼ਾਈਨ ਅਤੇ ਸਮਝੌਤਾ ਜ਼ਰੂਰੀ ਹਨ.

XIII. ਸਿੱਟਾ: ਇਤਿਹਾਸ ਦਾ ਅਧੂਰਾ ਸਬਕ

1790 ਦੇ ਸਮਝੌਤੇ ਨੇ ਮਤਭੇਦਾਂ ਨੂੰ ਖ਼ਤਮ ਨਹੀਂ ਕੀਤਾ ਅਤੇ ਨਾ ਹੀ ਸਾਰੇ ਟਕਰਾਵਾਂ ਨੂੰ ਹੱਲ ਕੀਤਾ, ਪਰ ਇਸ ਨੇ ਇੱਕ ਅਜਿਹਾ ਢਾਂਚਾ ਜ਼ਰੂਰ ਤਿਆਰ ਕੀਤਾ ਜਿਸ ਦੇ ਅੰਦਰ ਇੱਕ ਵੰਡਿਆ ਹੋਇਆ ਸਮਾਜ ਕੰਮ ਕਰ ਸਕਦਾ ਸੀ। ਇਹ ਇਤਿਹਾਸਕ ਨਤੀਜਾ ਸੰਗਠਿਤ ਸਮਝੌਤੇ ਦੀ ਮੌਜੂਦਾ ਲੋੜ ਨੂੰ ਦਰਸਾਉਂਦਾ ਹੈ।

ਸਿੱਖ ਭਾਈਚਾਰੇ ਲਈ ਸਬਕ ਸਪਸ਼ਟ ਹੈ:

- ਏਕਤਾ ਆਪਣੇ ਆਪ ਨਹੀਂ ਹੁੰਦੀ; ਇਹ ਬਣਾਈ ਜਾਂਦੀ ਹੈ।
- ਸਮਝੌਤਾ ਕਮਜ਼ੋਰੀ ਨਹੀਂ—ਇਹ ਰਣਨੀਤੀ ਹੈ।
- ਲੀਡਰਸ਼ਿਪ ਦਬਦਬਾ ਨਹੀਂ; ਇਹ ਇੱਕ ਜ਼ਿੰਮੇਵਾਰੀ ਹੈ।

ਅਮਰੀਕੀ ਸੰਸਥਾਪਕਾਂ ਨੇ ਬਿਖਰਾਅ ਦਾ ਸਾਹਮਣਾ ਕੀਤਾ ਅਤੇ ਸਮਝੌਤੇ ਨੂੰ ਚੁਣਿਆ। ਸਿੱਖ ਭਾਈਚਾਰਾ ਹੁਣ ਖਿੰਡ ਜਾਣ ਦੇ ਜੋਖਮ ਵਿੱਚ ਹੈ ਅਤੇ ਉਸਨੂੰ ਵੀ ਇਹੀ ਕਰਨਾ ਚਾਹੀਦਾ ਹੈ। ਸਮੂਹਿਕ ਸਿੱਖ ਸਮਰੱਥਾ (agency) ਪੂਰਨ ਸਹਿਮਤੀ (unanimity) 'ਤੇ ਨਹੀਂ, ਬਲਕਿ ਗੱਲਬਾਤ ਰਾਹੀਂ ਏਕਤਾ ਕਾਇਮ ਕਰਨ 'ਤੇ ਟਿਕੀ ਹੋਈ ਹੈ।

**ਫੁਟਨੋਟ (ਸ਼ਿਕਾਗੋ ਸ਼ੈਲੀ)**

1. Gordon S. Wood, The Creation of the American Republic, 1776-1787 (Chapel Hill: University of North Carolina Press, 1969), 403-405.
2. Alexander Hamilton, "Report on Public Credit," January 9, 1790, in The Papers of Alexander Hamilton, ed. Harold C. Syrett (New York: Columbia University Press, 1962), 6:65-167.
3. James Madison, "Speech on Public Credit," February 1790, in The Papers of James Madison, ed. William T. Hutchinson (Chicago: University of Chicago Press, 1962), 13:98-105.
4. Thomas Jefferson, "Memorandum of a Conversation," June 20, 1790, in The Papers of Thomas Jefferson, ed. Julian P. Boyd (Princeton: Princeton University Press, 1958), 17:205-208.
5. J. S. Grewal, The Sikhs of the Punjab (Cambridge: Cambridge University Press, 1990), 101-110.
6. Fergus M. Bordewich, The Dinner That Made America (New York: Simon & Schuster, 2011), 112-130.

**ਪੁਸਤਕ ਸੂਚੀ (ਸ਼ਿਕਾਗੋ ਸ਼ੈਲੀ)**

- Bordewich, Fergus M. The Dinner That Made America. New York: Simon & Schuster, 2011.
- Grewal, J. S. The Sikhs of the Punjab. Cambridge: Cambridge University Press, 1990.
- Hamilton, Alexander. "Report on Public Credit." In The Papers of Alexander Hamilton. New York: Columbia University Press, 1962.
- Jefferson, Thomas. "Memorandum of a Conversation." In The Papers of Thomas Jefferson. Princeton: Princeton University Press, 1958.
- Madison, James. "Speech on Public Credit." In The Papers of James Madison. Chicago: University of Chicago Press, 1962.
- Wood, Gordon S. The Creation of the American Republic, 1776-1787. Chapel Hill: University of North Carolina Press, 1969.


ੴ
WAHEGURU JI KA KHALSA
WAHEGURU JI KI FATEH
First
BARSI
SAMAGAM
IN LOVING MEMORY OF
OUR BELOVED FATHER
BHAI INDERJEET
SINGH KHALSA
BOMBAY WALE
HAZURI RAGI
SRI DARBAR SAHIB
LOVING MEMORY
ਕੀਰਤਨੀਏ
The family humbly invites Guru Roop Sangat Ji
to attend the following programmes and
bless the occasion with their presence.
SATURDAY,
30TH MAY 2026
6:00PM - 9:00PM
LOCATION
SIKH GURDWARA
SAN JOSE
3636 Gurdwara Ave,
San Jose, CA 95148
KIRTAN BY
BHAI HARJINDER SINGH JI
SRINAGAR VALE

# ਗੁਰਦੁਆਰਾ ਦਾਦੂ ਸਾਹਿਬ ਵਿਖੇ ਉਮੜਿਆ ਸੰਗਤਾਂ ਦਾ ਜਨ-ਸੈਲਾਬ: ਜਥੇਦਾਰ ਦਾਦੂਵਾਲ 'ਸੰਤ ਸਿਪਾਹੀ ਐਵਾਰਡ' ਨਾਲ ਸਨਮਾਨਿਤ

### ਮੀਰੀ ਪੀਰੀ ਮੈਡੀਕਲ ਇੰਸਟੀਚਿਊਟ ਕੇਸ 'ਚ ਹਾਈਕੋਰਟ ਤੋਂ ਮਿਲੀ ਵੱਡੀ ਇਤਿਹਾਸਿਕ ਜਿੱਤ ਦੀ ਖ਼ੁਸ਼ੀ 'ਚ ਸਜਾਇਆ ਸ਼ੁਕਰਾਨਾ ਸਮਾਗਮ, ਜੈਕਾਰਿਆਂ ਦੀ ਗੂੰਜ 'ਚ ਪਾਸ ਹੋਏ 5 ਮਤੇ










ਸਿਰਸਾ (ਹਰਿਆਣਾ): ਹਰਿਆਣਾ ਦੇ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਬੀਤੇ ਦਿਨੀਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਸ਼ੁਕਰਾਨਾ ਸਮਾਗਮ ਬੇਹੱਦ ਸ਼ਰਧਾ ਅਤੇ ਧੂਮਧਾਮ ਨਾਲ ਕਰਵਾਇਆ ਗਿਆ। ਇਹ ਸਮਾਗਮ ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ 'ਮੀਰੀ ਪੀਰੀ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਐਂਡ ਰਿਸਰਚ (ਸ਼ਾਹਬਾਦ ਮਾਰਕੰਡਾ)' ਦਾ ਕੇਸ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿੱਚ ਸੁਣਾਏ ਜਾਣ ਦੀ ਇਤਿਹਾਸਿਕ ਖ਼ੁਸ਼ੀ ਵਿੱਚ ਰੱਖਿਆ ਗਿਆ ਸੀ। ਇਸ ਦੌਰਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੀ ਸ਼ਾਨਦਾਰ ਅਗਵਾਈ ਅਤੇ ਵੱਡੇ ਉੱਦਮਾਂ ਸਦਕਾ ਮਿਲੀ ਇਸ ਜਿੱਤ ਦੇ ਸਨਮਾਨ ਵਜੋਂ ਸੰਗਤਾਂ ਅਤੇ ਹਰਿਆਣਾ ਕਮੇਟੀ ਵੱਲੋਂ ਉਨ੍ਹਾਂ ਨੂੰ 'ਸੰਤ ਸਿਪਾਹੀ ਐਵਾਰਡ' ਨਾਲ ਨਿਵਾਜਿਆ ਗਿਆ।

**ਸਮਾਗਮ ਦੀਆਂ ਮੁੱਖ ਹਾਈਲਾਈਟਸ:**

**ਧਾਰਮਿਕ ਦੀਵਾਨ ਅਤੇ ਸੰਗਤਾਂ ਦਾ ਹੜ੍ਹ:** ਧੁਰ ਕੀ ਬਾਣੀ ਦੇ ਸ੍ਰੀ ਅਖੰਡ ਪਾਠਾਂ ਦੇ ਭੋਗ ਉਪਰੰਤ ਭਾਈ ਗੁਰਸੇਵਕ ਸਿੰਘ ਰੰਗੀਲਾ (ਹਜ਼ੂਰੀ ਰਾਗੀ) ਅਤੇ ਭਾਈ ਸੁਖਵਿੰਦਰ ਸਿੰਘ ਸ਼ੌਕੀ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪੂਰੇ ਹਰਿਆਣਾ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਦਾ ਜਨ-ਸੈਲਾਬ ਉਮੜਿਆ।

**ਪੰਥਕ ਇਕੱਠ ਵੱਲੋਂ 5 ਵੱਡੇ ਮਤੇ ਪਾਸ:** ਸਮਾਗਮ ਦੌਰਾਨ ਹਰਿਆਣਾ ਕਮੇਟੀ ਦੇ ਅਹੁਦੇਦਾਰਾਂ ਅਤੇ ਸੰਗਤਾਂ ਨੇ ਸਾਂਝੇ ਤੌਰ 'ਤੇ 5 ਅਹਿਮ ਮਤੇ ਪਾਸ ਕੀਤੇ, ਜਿਨ੍ਹਾਂ ਵਿੱਚ ਹਾਈਕੋਰਟ ਦੀ ਜਿੱਤ ਲਈ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਪੰਜਾਬ ਸਰਕਾਰ ਦੇ ਨਵੇਂ 'ਜਾਗਤ ਜੋਤ ਸਤਿਕਾਰ ਐਕਟ 2026' ਦੀ ਸ਼ਲਾਘਾ ਕਰਦਿਆਂ ਕਾਨੂੰਨੀ ਮਾਹਰਾਂ ਨਾਲ ਰਾਇ ਕਰਕੇ ਇਸ ਦੀਆਂ ਕਮੀਆਂ ਦੂਰ ਕਰਨ ਦੀ ਅਪੀਲ ਕੀਤੀ ਗਈ।

**ਜਗਦੀਸ਼ ਸਿੰਘ ਝੀਂਡਾ ਖਿਲਾਫ਼ ਵੱਡਾ ਫੈਸਲਾ:** ਪਾਸ ਕੀਤੇ ਗਏ ਮਤਿਆਂ ਵਿੱਚ ਹਰਿਆਣਾ ਕਮੇਟੀ ਦਾ ਭਰੋਸਾ ਗੁਆ ਚੁੱਕੇ ਜਗਦੀਸ਼ ਸਿੰਘ ਝੀਂਡਾ ਨੂੰ ਪ੍ਰਧਾਨ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ। ਮਤੇ ਵਿੱਚ ਦੋਸ਼ ਲਗਾਇਆ ਗਿਆ ਕਿ ਉਹ ਅੰਤ੍ਰਿੰਗ ਕਮੇਟੀ ਅਤੇ ਜਨਰਲ ਹਾਊਸ ਦਾ ਕੋਰਮ ਪੂਰਾ ਨਹੀਂ ਕਰ ਸਕੇ ਅਤੇ ਨਾ ਹੀ ਸਾਲਾਨਾ ਬਜਟ ਪਾਸ ਕਰਵਾ ਸਕੇ, ਜਿਸ ਨੂੰ ਜੁਡੀਸ਼ੀਅਲ ਕਮਿਸ਼ਨ ਪਹਿਲਾਂ ਹੀ ਰੱਦ ਕਰ ਚੁੱਕਾ ਹੈ। ਪੰਥਕ ਇਕੱਠ ਨੇ ਝੀਂਡਾ ਪਾਸੋਂ ਤੁਰੰਤ ਅਸਤੀਫੇ ਦੀ ਮੰਗ ਕਰਦਿਆਂ ਨਵੀਂ ਅੰਤ੍ਰਿੰਗ ਕਮੇਟੀ ਦੀ ਚੋਣ ਕਰਨ ਦਾ ਸੱਦਾ ਦਿੱਤਾ ਹੈ।

ਸਮਾਗਮ ਵਿੱਚ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਭਾਈ ਪਰਮਜੀਤ ਸਿੰਘ ਸਹੌਲੀ, ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਹਰਿਆਣਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਸਰ ਕਾਲਕਾ ਸਮੇਤ ਦੇਸ਼-ਵਿਦੇਸ਼ ਦੀਆਂ ਕਈ ਪ੍ਰਮੁੱਖ ਸਿੱਖ ਸ਼ਖਸੀਅਤਾਂ, ਬਾਬੇ ਅਤੇ ਸਰਪੰਚ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਰੋਮ 'ਚ ਮੋਦੀ-ਮੇਲੋਨੀ ਦੀ ਦੋਸਤੀ ਦੀ ਨਵੀਂ ਇਬਾਰਤ

### ਵਾਤਾਵਰਣ ਦੀ ਸੰਭਾਲ ਲਈ ਦੋਵਾਂ ਪ੍ਰਧਾਨ ਮੰਤਰੀਆਂ ਨੇ ਮਿਲ ਕੇ ਲਾਇਆ ਬੂਟਾ







ਰੋਮ (ਇਟਲੀ) : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੇ ਬੁੱਧਵਾਰ ਨੂੰ ਰੋਮ ਵਿੱਚ ਇੱਕ ਵਿਸ਼ੇਸ਼ ਬੂਟਾ ਲਗਾਉਣ ਦੀ ਰਸਮ (Tree Plantation Ceremony) ਵਿੱਚ ਹਿੱਸਾ ਲਿਆ। ਗਲੋਬਲ ਵਾਰਮਿੰਗ ਅਤੇ ਵਾਤਾਵਰਣ ਤਬਦੀਲੀ ਦੇ ਇਸ ਦੌਰ ਵਿੱਚ, ਦੋਵਾਂ ਦੇਸ਼ਾਂ ਦੇ ਮੁਖੀਆਂ ਵੱਲੋਂ ਮਿਲ ਕੇ ਲਾਇਆ ਗਿਆ ਇਹ ਬੂਟਾ ਨਾ ਸਿਰਫ਼ ਵਾਤਾਵਰਣ ਦੀ ਸੰਭਾਲ ਦਾ ਹੋਕਾ ਦਿੰਦਾ ਹੈ, ਬਲਕਿ ਭਾਰਤ ਅਤੇ ਇਟਲੀ ਦੇ ਮਜ਼ਬੂਤ ਹੁੰਦੇ ਜਾ ਰਹੇ ਦੁਵੱਲੇ ਰਿਸ਼ਤਿਆਂ ਅਤੇ ਆਪਸੀ ਸਾਂਝ ਦਾ ਵੀ ਇੱਕ ਵੱਡਾ ਪ੍ਰਤੀਕ ਹੈ। ਇਸ ਮੌਕੇ ਸਾਹਮਣੇ ਆਈਆਂ ਤਸਵੀਰਾਂ ਵਿੱਚ ਦੋਵਾਂ ਆਗੂਆਂ ਦਰਮਿਆਨ ਇੱਕ ਬਿਹਤਰੀਨ ਤਾਲਮੇਲ ਅਤੇ ਗਰਮਜੋਸ਼ੀ ਦੇਖਣ ਨੂੰ ਮਿਲੀ।

**RSS- BJP ਦਾ ਕੋਈ ਵੀ ਇਤਿਹਾਸਕਾਰ,ਲੀਡਰ ਜਾਂ ਧਾਰਮਿਕ ਆਗੂ ਸਾਡੇ ਪਰਿਵਾਰ ਦੇ ਦਾਅਵੇ ਨੂੰ ਝੂਠਾ ਸਾਬਿਤ ਕਰਕੇ $ 1,00,000 ( ਇੱਕ ਲੱਖ) ਅਮਰੀਕੀ ਡਾਲਰ ਦਾ ਇਨਾਮ ਪ੍ਰਾਪਤ ਕਰ ਸਕਦਾ ਹੈ**

## "ਹਿੰਦੂ", "ਹਿੰਦੂਤਵ", "ਹਿੰਦੂ ਰਾਸ਼ਟਰ" ਅਤੇ ਹੁਣ ਭਾਰਤ ਵਿੱਚ ਨਵੇਂ ਸ਼ਬਦ "ਸਨਾਤਨ" ਸਨਾਤਨ ਧਰਮ ਤੇ ਸਨਾਤਨ ਰਾਸ਼ਟਰ ਦੇ ਨਾਮ ਤੇ ਪੁਰਾਤਨ ਤੇ ਆਧੁਨਿਕ ਸਮੇਂ ਵਿਚ ਧਾਰਮਿਕ ਤੇ ਰਾਜਨੀਤਿਕ ਵਿਸ਼ੇ 'ਤੇ ਵਿਚਾਰ ਚਰਚਾ

# ਸਰਬਜੀਤ ਸਿੰਘ ਵੰਸਿਜ ਵਿਸ਼ਵ ਦੇ ਰਾਜਾ ਕਰੂ ਕੋਰਾਸ ਕੰਬੋਜੀਆ




### ਵਿਸ਼ਵ ਦੇ ਰਾਜਾ ਕੁਰੁਸ, ਕੁਰਾਸ ਕਾਮਬੋਜਿਆ ਸਾਇਰਸ ਮਹਾਨ ਅਤੇ ਦਾਰਾ ਮਹਾਨ "ਆਰਿਆ/ਹਿੰਦੂ/ਹਿੰਦੁਸ਼" ਸ਼ਬਦ ਦੀ ਇਤਿਹਾਸਕ ਪਰੰਪਰਾ

ਇੱਕ ਇਤਿਹਾਸਕ ਅਤੇ ਭਾਸ਼ਾਈ ਖੋਜ-ਥੀਸਿਸ ਭੂਮਿਕਾ: ਪ੍ਰਾਚੀਨ ਇਰਾਨ, ਅਫ਼ਗਾਨਿਸਤਾਨ, ਗੰਧਾਰ, ਸਿੰਧੂ ਘਾਟੀ ਅਤੇ ਉੱਤਰ-ਪੱਛਮੀ ਭਾਰਤ ਦਾ ਇਤਿਹਾਸ ਕੇਵਲ ਵੱਖ-ਵੱਖ ਸਭਿਆਚਾਰਾਂ ਦਾ ਇਤਿਹਾਸ ਨਹੀਂ ਸੀ, ਸਗੋਂ ਇਹ ਇੱਕ ਵਿਸ਼ਾਲ Indo-Iranian ਅਤੇ Indo-Persian ਸਭਿਆਚਾਰਕ ਸੰਸਾਰ ਦਾ ਹਿੱਸਾ ਸੀ।

ਅਖ਼ਾਮੇਨੀ (Achaemenid) ਸਾਮਰਾਜ ਦੇ ਮਹਾਨ ਸ਼ਾਸਕ ਕੁਰੁਸ/ਕੁਰੁਸ਼/ ਕੁਰਾਸ ਕਾਮਬੋਜਿਆ ਸਾਇਰਸ ਮਹਾਨ (Cyrus the Great) ਅਤੇ ਉਹਨਾਂ ਦੇ ਉੱਤਰਾਧਿਕਾਰੀ — ਕੈਂਬਾਇਸੀਸ (Cambyses) ਅਤੇ ਦਾਰਾ ਪਹਿਲਾ (Darius I) — ਨੇ ਇੱਕ ਐਸਾ ਸਾਮਰਾਜ ਸਥਾਪਿਤ ਕੀਤਾ ਜਿਸ ਦਾ ਰਾਜ ਪੱਛਮੀ ਏਸ਼ੀਆ ਤੋਂ ਲੈ ਕੇ ਸਿੰਧੂ ਦਰਿਆ ਤੱਕ ਫੈਲਿਆ ਹੋਇਆ ਸੀ।

ਇਸੇ ਇਤਿਹਾਸਕ ਪਿਛੋਕੜ ਵਿੱਚ "ਹਿੰਦੂ, "ਹਿੰਦੁਸ਼, "ਆਰਿਆ, "ਗੰਧਾਰ, "ਕਾਮਬੋਜ, "ਪਾਰਥੀਅਨ" ਅਤੇ "ਸਸਾਨੀ" ਵਰਗੇ ਸ਼ਬਦਾਂ ਦਾ ਵਿਕਾਸ ਹੋਇਆ।

ਇਹ ਖੋਜ ਇਸ ਗੱਲ ਦੀ ਇਤਿਹਾਸਕ ਜਾਂਚ ਕਰਦੀ ਹੈ ਕਿ ਪ੍ਰਾਚੀਨ ਫ਼ਾਰਸੀ ਸ਼ਿਲਾਲੇਖਾਂ ਵਿੱਚ "ਹਿੰਦੁਸ਼" ਸ਼ਬਦ ਕਿਸ ਅਰਥ ਵਿੱਚ ਵਰਤਿਆ ਗਿਆ ਅਤੇ ਬਾਅਦ ਦੇ ਯੁੱਗਾਂ ਵਿੱਚ ਇਸ ਦਾ ਸਭਿਆਚਾਰਕ ਅਤੇ ਧਾਰਮਿਕ ਅਰਥ ਕਿਵੇਂ ਬਦਲਿਆ।

**ਅਧਿਆਇ 1 - ਅਖ਼ਾਮੇਨੀ ਸਾਮਰਾਜ ਅਤੇ ਸਿੰਧੂ ਪ੍ਰਦੇਸ਼**

ਛੇਵੀਂ ਸਦੀ ਈਸਾ ਪੂਰਵ ਵਿੱਚ ਸਾਇਰਸ ਮਹਾਨ ਨੇ ਦੁਨੀਆ ਦਾ ਸਭ ਤੋਂ ਵੱਡਾ ਸਾਮਰਾਜ ਸਥਾਪਿਤ ਕੀਤਾ।

ਉਹਨਾਂ ਦਾ ਸਾਮਰਾਜ ਮੀਡੀਆ, ਇਲਾਮ, ਬੇਬੀਲੋਨ, ਲੀਡੀਆ, ਮੱਧ ਏਸ਼ੀਆ ਅਤੇ ਪੂਰਬ ਵੱਲ ਗੰਧਾਰ ਅਤੇ ਸਿੰਧੂ ਖੇਤਰ ਤੱਕ ਫੈਲਿਆ ਹੋਇਆ ਸੀ।

ਸਾਇਰਸ ਤੋਂ ਬਾਅਦ ਦਾਰਾ ਪਹਿਲੇ (522-486 BCE) ਨੇ ਸਾਮਰਾਜ ਨੂੰ ਹੋਰ ਮਜ਼ਬੂਤ ਕੀਤਾ।

ਦਾਰਾ ਦੇ ਪ੍ਰਸਿੱਧ ਬੇਹਿਸਤੂਨ ਸ਼ਿਲਾਲੇਖ (Behistun Inscription) ਅਤੇ ਨਕਸ਼-ਏ-ਰੁਸਤਮ (Naqsh-e Rustam) ਦੇ ਅਭਿਲੇਖਾਂ ਵਿੱਚ "ਹਿੰਦੁਸ਼" (Hindush) ਸ਼ਬਦ ਮਿਲਦਾ ਹੈ।

ਪੁਰਾਤਨ ਫ਼ਾਰਸੀ ਭਾਸ਼ਾ ਵਿੱਚ:

- "ਹਿੰਦੁਸ਼"= ਸਿੰਧੂ ਦਰਿਆ ਤੋਂ ਪਾਰ ਦਾ ਖੇਤਰ
- ਇਹ ਕੋਈ ਧਰਮ ਨਹੀਂ ਸੀ।
- ਇਹ ਇੱਕ ਭੂਗੋਲਿਕ ਅਤੇ ਪ੍ਰਸ਼ਾਸਕੀ ਨਾਮ ਸੀ।

ਫ਼ਾਰਸੀ ਲੋਕ "ਸ" ਧੁਨੀ ਨੂੰ ਕਈ ਵਾਰ "ਹ" ਵਿੱਚ ਬਦਲ ਦਿੰਦੇ ਸਨ।

ਇਸ ਲਈ ਸੰਸਕ੍ਰਿਤ ਦਾ "ਸਿੰਧੁ" ਫ਼ਾਰਸੀ ਵਿੱਚ "ਹਿੰਦੁ" ਬਣ ਗਿਆ।

**ਅਧਿਆਇ 2 - "ਹਿੰਦੂ" ਸ਼ਬਦ ਦਾ ਪ੍ਰਾਰੰਭਿਕ ਅਰਥ**



ਭਾਈ ਸੁਖਵਿੰਦਰ ਸਿੰਘ ਨਾਗੋਕੇ
ਸਾਬਕਾ ਹਜ਼ੂਰੀ ਰਾਗੀ
ਸੱਚਖੰਡ ਸ਼੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ

ਅੱਜ "ਹਿੰਦੂ" ਸ਼ਬਦ ਨੂੰ ਇੱਕ ਧਰਮ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਪਰ ਪ੍ਰਾਚੀਨ ਸਮੇਂ ਵਿੱਚ ਇਸ ਦਾ ਅਰਥ ਵੱਖਰਾ ਸੀ।

ਦਾਰਾ ਪਹਿਲੇ ਦੇ ਅਭਿਲੇਖਾਂ ਵਿੱਚ:

"Hindush" ਸਾਮਰਾਜ ਦਾ ਇੱਕ ਪ੍ਰਾਂਤ ਸੀ।

ਯੂਨਾਨੀ ਲੇਖਕਾਂ ਨੇ ਇਸੇ ਸ਼ਬਦ ਨੂੰ "Indos" ਅਤੇ "India" ਦੇ ਰੂਪ ਵਿੱਚ ਲਿਖਿਆ।

**ਇਸ ਤਰ੍ਹਾਂ:**

- Sindhu - Hindu - Indos - India

ਇਹ ਭਾਸ਼ਾਈ ਵਿਕਾਸ ਦਾ ਇੱਕ ਉਦਾਹਰਨ ਹੈ।

ਪ੍ਰਾਚੀਨ ਇਰਾਨੀ ਪਰੰਪਰਾ ਵਿੱਚ ਉਸ ਸਮੇਂ ਦਾ ਮੁੱਖ ਧਰਮ ਜ਼ੋਰਾਸਟ੍ਰੀਅਨ ਧਰਮ (Zoroastrianism) ਸੀ।

ਇਸ ਲਈ "ਹਿੰਦੂ" ਸ਼ਬਦ ਕਿਸੇ ਵਿਸ਼ੇਸ਼ ਧਰਮ ਲਈ ਵਰਤਿਆ ਨਹੀਂ ਜਾਂਦਾ ਸੀ।

**ਅਧਿਆਇ 3 — ਗੰਧਾਰ, ਕਾਮਬੋਜ ਅਤੇ ਇੰਡੋ-ਪਰਸ਼ੀਅਨ ਸੰਸਾਰ**

ਅਖ਼ਾਮੇਨੀ ਸਾਮਰਾਜ ਦੇ ਸ਼ਿਲਾਲੇਖਾਂ ਵਿੱਚ "ਗੰਧਾਰ" (Gandara) ਅਤੇ "ਹਿੰਦੁਸ਼" ਦੋਵੇਂ ਦਾ ਜ਼ਿਕਰ ਮਿਲਦਾ ਹੈ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਪੰਜਾਬ ਦਾ ਵੱਡਾ ਹਿੱਸਾ ਫ਼ਾਰਸੀ ਸਾਮਰਾਜ ਦੇ ਸੰਪਰਕ ਵਿੱਚ ਸੀ।

ਭਾਰਤੀ ਗ੍ਰੰਥਾਂ ਵਿੱਚ ਵੀ:

- ਗੰਧਾਰ • ਕਾਮਬੋਜ. • ਕੁਰੂ. • ਪੌਰਵ

ਵਰਗੇ ਜਨਪਦਾਂ ਦਾ ਜ਼ਿਕਰ ਮਿਲਦਾ ਹੈ।

ਇਹ ਖੇਤਰ ਵਪਾਰ, ਫ਼ੌਜ, ਘੁੜਸਵਾਰ ਸਭਿਆਚਾਰ, ਅੱਗ-ਪੂਜਾ, ਰਾਜਸੀ ਪਰੰਪਰਾਵਾਂ ਅਤੇ ਭਾਸ਼ਾਈ ਸੰਪਰਕ ਦਾ ਕੇਂਦਰ ਸੀ।

**ਅਧਿਆਇ 4 — ਪਾਰਥੀਅਨ ਅਤੇ ਸਸਾਨੀ ਪਰੰਪਰਾ**

ਅਖ਼ਾਮੇਨੀ ਸਾਮਰਾਜ ਤੋਂ ਬਾਅਦ:

1. ਪਾਰਥੀਅਨ ਸਾਮਰਾਜ
2. ਸਸਾਨੀ ਸਾਮਰਾਜ

ਨੇ ਇਰਾਨੀ ਪਰੰਪਰਾਵਾਂ ਨੂੰ ਅੱਗੇ ਵਧਾਇਆ।

ਇਨ੍ਹਾਂ ਸਾਮਰਾਜਾਂ ਵਿੱਚ:

- ਅੱਗ ਦੀਆਂ ਵੇਦੀਆਂ (Fire Altars)
- ਰਾਜਸੀ ਮੁਕਟ • ਲੰਬੇ ਵਾਲ ਅਤੇ ਦਾਹੜੀਆਂ
- ਸ਼ਾਹੀ ਪਹਿਰਾਵੇ • ਫ਼ਰਵਹਰ (Faravahar)

ਵਰਗੇ ਪ੍ਰਤੀਕ ਮਹੱਤਵਪੂਰਨ ਰਹੇ।

ਪਰਸ਼ੀਅਨ ਸਸ਼ਾਨੀਅਨ ਸਾਮਰਾਜ ਦੇ ਯੁੱਗ ਵਿੱਚ ਵੀ ਸਿੰਧੂ ਅਤੇ ਗੰਧਾਰ ਖੇਤਰਾਂ ਨਾਲ ਵਪਾਰਕ ਅਤੇ ਸਭਿਆਚਾਰਕ ਸੰਬੰਧ ਜਾਰੀ ਰਹੇ।

**ਅਧਿਆਇ 5 — "ਹਿੰਦੂ", "ਹਿੰਦੂਤਵ, "ਹਿੰਦੂ ਰਾਸ਼ਟਰ" ਅਤੇ ਹੁਣ "ਸਨਾਤਨ": ਆਧੁਨਿਕ ਰਾਜਨੀਤਿਕ ਚਰਚਾ**

ਆਧੁਨਿਕ ਭਾਰਤ ਵਿੱਚ RSS–BJP ਵੱਲੋਂ "ਹਿੰਦੂ, "ਹਿੰਦੂਤਵ" ਅਤੇ "ਹਿੰਦੂ ਰਾਸ਼ਟਰ" ਵਰਗੇ ਸ਼ਬਦਾਂ ਦਾ ਰਾਜਨੀਤਿਕ ਪ੍ਰਯੋਗ ਵਧਿਆ ਹੈ ਅਤੇ ਹੁਣ ਕਈ ਮੰਚਾਂ 'ਤੇ "ਸਨਾਤਨ ਧਰਮ" ਅਤੇ "ਸਨਾਤਨ ਰਾਸ਼ਟਰ" ਵਰਗੇ ਸ਼ਬਦ ਵੀ ਵਰਤੇ ਜਾ ਰਹੇ ਹਨ।



ਇਤਿਹਾਸਕਾਰਾਂ ਦੇ ਅਨੁਸਾਰ ਪ੍ਰਾਚੀਨ "ਹਿੰਦੂ" ਸ਼ਬਦ ਮੁੱਢਲੇ ਤੌਰ 'ਤੇ ਭੂਗੋਲ ਅਤੇ ਸਭਿਆਚਾਰ ਨਾਲ ਜੁੜਿਆ ਹੋਇਆ ਸੀ, ਕਿਸੇ ਆਧੁਨਿਕ ਧਾਰਮਿਕ ਪਹਿਚਾਣ ਨਾਲ ਨਹੀਂ।

ਇਹ ਸ਼ਬਦ ਪਹਿਲੀ ਵਾਰ ਪ੍ਰਾਚੀਨ ਫ਼ਾਰਸੀ ਸਾਮਰਾਜ ਦੇ ਅਭਿਲੇਖਾਂ ਵਿੱਚ ਮਿਲਦਾ ਹੈ।

ਖ਼ਾਸ ਤੌਰ 'ਤੇ ਬੇਹਿਸਤੂਨ ਸ਼ਿਲਾਲੇਖ (ਫ਼ਾਰਸੀ:....., ਪੁਰਾਤਨ ਫ਼ਾਰਸੀ: Bagastana — (ਰੱਬ ਦਾ ਸਥਾਨ) ਇਰਾਨ ਦੇ ਕਰਮਾਨਸ਼ਾਹ ਪ੍ਰਾਂਤ ਵਿੱਚ ਸਥਿਤ ਇੱਕ ਬਹੁਭਾਸ਼ੀ ਅਖ਼ਾਮੇਨੀ ਸ਼ਾਹੀ ਅਭਿਲੇਖ ਹੈ, ਜਿਸ ਨੂੰ ਦਾਰਾ ਮਹਾਨ ਨੇ ਬਣਵਾਇਆ ਸੀ।

ਇਹ ਸ਼ਿਲਾਲੇਖ:

- ਪੁਰਾਤਨ ਫ਼ਾਰਸੀ
- ਇਲਾਮਾਈਟ
- ਬੇਬੀਲੋਨੀਆਈ

ਤਿੰਨਾਂ ਭਾਸ਼ਾਵਾਂ ਵਿੱਚ ਲਿਖਿਆ ਗਿਆ ਹੈ।

ਕੀਲਾਕਾਰ ਲਿਪੀ (Cuneiform) ਨੂੰ ਸਮਝਣ ਵਿੱਚ ਇਸ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਇਹ UNESCO ਵਿਸ਼ਵ ਵਿਰਾਸਤ ਸਥਲ ਵੀ ਹੈ।

ਇਨ੍ਹਾਂ ਅਭਿਲੇਖਾਂ ਵਿੱਚ "ਆਰਿਆ" ਅਤੇ "ਹਿੰਦੁਸ਼" ਵਰਗੇ ਸ਼ਬਦਾਂ ਦਾ ਜ਼ਿਕਰ ਮਿਲਦਾ ਹੈ।

**ਸਮੇਂ ਦੇ ਨਾਲ:**

- ਵੈਦਿਕ ਪਰੰਪਰਾਵਾਂ • ਪੁਰਾਣਿਕ ਪਰੰਪਰਾਵਾਂ
- ਸਥਾਨਕ ਦੇਵੀ-ਦੇਵਤਾ ਪਰੰਪਰਾਵਾਂ
- ਬੌਧ ਅਤੇ ਜੈਨ ਪ੍ਰਭਾਵ

ਮਿਲ ਕੇ ਉਸ ਧਾਰਮਿਕ ਪਹਿਚਾਣ ਦਾ ਨਿਰਮਾਣ ਕਰਦੇ ਹਨ ਜਿਸ ਨੂੰ ਅੱਜ "ਹਿੰਦੂ ਧਰਮ" ਕਿਹਾ ਜਾਂਦਾ ਹੈ।

ਇਸ ਨਜ਼ਰੀਏ ਅਨੁਸਾਰ "ਹਿੰਦੂ" ਸ਼ਬਦ ਦਾ ਪ੍ਰਾਰੰਭਿਕ ਅਰਥ ਧਾਰਮਿਕ ਨਹੀਂ ਸਗੋਂ ਸਭਿਆਚਾਰਕ ਅਤੇ ਭੂਗੋਲਿਕ ਸੀ।

**ਅਧਿਆਇ 6 — ਸਾਇਰਸ ਮਹਾਨ ਅਤੇ ਦਾਰਾ ਮਹਾਨ ਦੀ ਵਿਰਾਸਤ**

ਵਿਸ਼ਵ ਦੇ ਰਾਜਾ ਕੁਰੁਸ, ਕੁਰਾਸ ਕਾਮਬੋਜਿਆ ਸਾਇਰਸ ਮਹਾਨ ਨੂੰ ਇਤਿਹਾਸ ਵਿੱਚ:

- ਧਾਰਮਿਕ ਸਹਿਨਸ਼ੀਲਤਾ • ਪ੍ਰਸ਼ਾਸਕੀ ਕੁਸ਼ਲਤਾ
- ਮਨੁੱਖੀ ਅਧਿਕਾਰ • ਅਤੇ ਬਹੁ-ਸਭਿਆਚਾਰਕ ਸ਼ਾਸਨ ਲਈ ਜਾਣਿਆ ਜਾਂਦਾ ਹੈ।

ਉਹਨਾਂ ਦਾ ਪ੍ਰਸਿੱਧ Cyrus Cylinder ਵਿਸ਼ਵ ਇਤਿਹਾਸ ਦੇ ਸਭ ਤੋਂ ਮਹੱਤਵਪੂਰਨ ਸ਼ਿਲਾਲੇਖਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

ਇਸੇ ਤਰ੍ਹਾਂ ਦਾਰਾ ਮਹਾਨ ਨੇ ਵਿਸ਼ਾਲ ਪ੍ਰਸ਼ਾਸਕੀ ਪ੍ਰਣਾਲੀ, ਸ਼ਾਹੀ ਸੜਕਾਂ, ਰਾਜਸੀ ਅਭਿਲੇਖ ਅਤੇ ਬਹੁਭਾਸ਼ੀ ਸ਼ਾਸਨ ਪਰੰਪਰਾ ਨੂੰ ਵਿਕਸਿਤ ਕੀਤਾ।

ਕਈ ਆਧੁਨਿਕ ਵਿਦਵਾਨ ਸਾਇਰਸ ਮਹਾਨ ਨੂੰ: "ਪਹਿਲਾ ਮਹਾਨ ਵਿਸ਼ਵ ਸਮਰਾਟ ਮੰਨਦੇ ਹਨ।

ਨਿਸ਼ਕਰਸ਼

ਪ੍ਰਾਚੀਨ ਫ਼ਾਰਸੀ ਅਭਿਲੇਖ ਇਹ ਸਾਬਤ ਕਰਦੇ ਹਨ ਕਿ "ਹਿੰਦੁਸ਼" ਸ਼ਬਦ ਸਿੰਧੂ ਖੇਤਰ ਲਈ ਵਰਤਿਆ ਜਾਂਦਾ ਸੀ।

ਇਹ ਸ਼ਬਦ ਮੁੱਢਲੇ ਤੌਰ 'ਤੇ ਕਿਸੇ ਧਰਮ ਦਾ ਨਾਮ ਨਹੀਂ ਸੀ।

ਅਖ਼ਾਮੇਨੀ, ਪਾਰਥੀਅਨ ਅਤੇ ਸਸਾਨੀ ਸਾਮਰਾਜਾਂ ਨੇ ਇੱਕ ਵਿਸ਼ਾਲ Indo-Persian ਸਭਿਆਚਾਰਕ ਸੰਸਾਰ ਦਾ ਨਿਰਮਾਣ ਕੀਤਾ ਜਿਸ ਵਿੱਚ ਗੰਧਾਰ, ਸਿੰਧੂ, ਪੰਜਾਬ ਅਤੇ ਅਫ਼ਗਾਨਿਸਤਾਨ ਮਹੱਤਵਪੂਰਨ ਖੇਤਰ ਸਨ।

ਇਸ ਇਤਿਹਾਸ ਨੂੰ ਸਮਝਣ ਲਈ ਲੋੜ ਹੈ ਕਿ:

- ਭਾਸ਼ਾਈ ਵਿਕਾਸ • ਅਭਿਲੇਖੀ ਸਬੂਤ
- ਪੁਰਾਤੱਤਵ ਖੋਜਾਂ • ਅਤੇ ਪ੍ਰਾਚੀਨ ਗ੍ਰੰਥਾਂ

ਦਾ ਵਿਗਿਆਨਕ ਅਤੇ ਇਤਿਹਾਸਕ ਅਧਿਐਨ ਕੀਤਾ ਜਾਵੇ।

**ਮੁੱਖ ਇਤਿਹਾਸਕ ਸਰੋਤ ਅਤੇ ਕਿਤਾਬਾਂ**

1. From Cyrus to Alexander - Pierre Briant
2. The Persian Empire - Amélie Kuhrt
3. A History of Zoroastrianism - Mary Boyce
4. The Ancient Persians - Maria Brosius
5. The Cyrus Cylinder - Irving Finkel
6. Taxila - John Marshall
7. UNESCO - Behistun Inscription records
8. Encyclopaedia Iranica
9. Sasanian Persia - Touraj Daryaee
10. The Indo-Iranians - J. P. Mallory

Sent from my iPhone

### ਅੱਜ ਕਮਲ ਬੰਗਾ ਆਪਣੀ 18ਵੀਂ ਕਿਤਾਬ 'ਕਾਵਿ ਕ੍ਰਿਸ਼ਮਾ' ਨਾਲ ਸਾਹਿਤ ਦੇ ਪਿੜ 'ਚ ਅਠਾਰਾਂ ਦੇ ਹੋ ਗਏ

# ਇਸ਼ਕ, ਇਨਸਾਨੀਅਤ ਅਤੇ ਸਮਾਜਿਕ ਸਰੋਕਾਰਾਂ ਦਾ ਕਾਵਿਕ ਸੁਮੇਲ



ਪੰਜਾਬੀ ਦੇ ਪ੍ਰਸਿੱਧ ਲੇਖਕ ਅਤੇ ਸਾਹਿਤਕਾਰ ਸ੍ਰੀ ਕਮਲ ਬੰਗਾ

ਕੈਲੀਫੋਰਨੀਆ ਦੀ ਧਰਤੀ ਤੋਂ ਪੰਜਾਬੀ ਸਾਹਿਤ ਦੇ ਅੰਬਰਾਂ ਤੱਕ ਆਪਣੀ ਪਛਾਣ ਬਣਾਉਣ ਵਾਲੇ ਸਿਰਮੌਰ ਸ਼ਾਇਰ ਸ਼੍ਰੀ ਕਮਲ ਬੰਗਾਂ ਅੱਜ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਕਈ ਦਹਾਕਿਆਂ ਦੇ ਅਣਥੱਕ ਸਾਹਿਤਕ ਸਫ਼ਰ ਤੋਂ ਬਾਅਦ, ਆਪਣੀ ਅਠਾਰਵੀਂ ਪੁਸਤਕ ਰਾਹੀਂ ਉਹਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹਨਾਂ ਦੀ ਕਲਮ ਵਿੱਚ ਅਜੇ ਵੀ ਉਹੀ ਤਾਜ਼ਗੀ ਅਤੇ ਸਮਾਜਿਕ ਦਰਦ ਮੌਜੂਦ ਹੈ, ਜੋ ਪਾਠਕ ਦੀ ਰੂਹ ਨੂੰ ਟੁੰਬਦਾ ਹੈ।

**ਇਸ਼ਕ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਸੰਤੁਲਨ :** ਇਸ ਪੁਸਤਕ ਦੀ ਸਭ ਤੋਂ ਵੱਡੀ ਖ਼ੂਬਸੂਰਤ ਇਹ ਹੈ ਕਿ ਕਮਲ ਬੰਗਾਂ ਨੇ 'ਇਸ਼ਕ' ਅਤੇ 'ਮੁਹੱਬਤ' ਨੂੰ ਕੇਵਲ ਨਿੱਜੀ ਜਜ਼ਬਾਤਾਂ ਤੱਕ ਸੀਮਤ ਨਹੀਂ ਰੱਖਿਆ। ਉਹਨਾਂ ਦੀ ਸ਼ਾਇਰੀ ਵਿੱਚ ਰੁਮਾਂਸਵਾਦ ਹੈ, ਪਰ ਉਹ ਸਮਾਜਿਕ ਤਾਣੇ-ਬਾਣੇ ਵਿੱਚ ਆਈ ਗਿਰਾਵਟ ਤੋਂ ਅੱਖਾਂ ਨਹੀਂ ਮੀਟਦਾ। ਸੰਪਾਦਕੀ ਨਜ਼ਰੀਏ ਤੋਂ ਵੇਖੀਏ ਤਾਂ ਇਹ ਕਵਿਤਾਵਾਂ ਸਮਾਜ ਨੂੰ ਸਿਰਫ਼ ਸ਼ੀਸ਼ਾ ਹੀ ਨਹੀਂ ਦਿਖਾਉਂਦੀਆਂ, ਸਗੋਂ ਇੱਕ ਮਾਰਗ-ਦਰਸ਼ਕ ਵਜੋਂ ਸਹੀ ਦਿਸ਼ਾ ਦੇਣ ਦਾ ਜਤਨ ਵੀ ਕਰਦੀਆਂ ਹਨ। ਉਹਨਾਂ ਦੀ ਕਲਮ 'ਪ੍ਰਚਾਰ' ਨਹੀਂ, ਸਗੋਂ 'ਅਰਥ ਭਰਪੂਰ ਸੰਵਾਦ' ਹੈ।

**ਕਲਮ ਦੀ ਵੰਨਗੀ: ਪੁਸਤਕ ਦੇ ਕੁਝ ਅਣਮੁੱਲੇ ਅੰਸ਼**

ਸ਼੍ਰੀ ਕਮਲ ਬੰਗਾ ਨੇ ਆਪਣੀ ਇਸ ਅਠਾਰਵੀਂ ਪੁਸਤਕ ਵਿੱਚ ਜੀਵਨ ਦੇ ਵੱਖ-ਵੱਖ ਰੰਗਾਂ ਨੂੰ ਬਹੁਤ ਹੀ ਖ਼ੂਬਸੂਰਤ ਸ਼ਬਦਾਂ ਵਿੱਚ ਪਰੋਇਆ ਹੈ। ਪੁਸਤਕ ਦੇ ਵੱਖ-ਵੱਖ ਪੰਨਿਆਂ ਤੋਂ ਕੁਝ ਚੋਣਵੀਆਂ ਸਤਰਾਂ ਪੇਸ਼ ਹਨ ਜੋ ਸ਼ਾਇਰ ਦੀ ਸੋਚ ਦੀ ਗਹਿਰਾਈ ਨੂੰ ਦਰਸਾਉਂਦੀਆਂ ਹਨ:

**ਸੋਚਾਂ ਦੇ ਰੰਗ** (ਪੰਨਾ-23):

**'ਸ਼ਾਇਰ ਸੋਚਾਂ ਦੀ ਤਾਣੀ 'ਚ ਰੰਗ ਭਰਦੇ ਨੇ।**
**ਮਨ ਸ਼ਾਂਤ ਘੱਟ ਹੁੰਦੇ, ਤੇ ਖ਼ਾਮੋਸ਼ੀ ਜਰਦੇ ਨੇ।**
**ਬੇਸ਼ੱਕ ਦਿਨ-ਰਾਤ, ਬੇਸ਼ੱਕ ਗ਼ਮੀ-ਖ਼ੁਸ਼ੀ ਹੋਵੇ,**
**ਕਵੀ ਖ਼ਿਆਲਾਂ 'ਚ ਡੁੱਬਦੇ-ਤਰਦੇ ਗੁਜ਼ਾਰਾ ਕਰਦੇ ਨੇ।'**

ਜੀਵਨ ਤੇ ਸੁਪਨੇ (ਪੰਨਾ-33):

**'ਜੀਵਨ ਬਨਾਮ ਤਰੱਕੀ ਤੇ ਖ਼ਾਹਿਸ਼ਾਂ ਦਾ ਸੰਗਰਾਮ ਹੈ।**
**ਨਹੀਂ ਤਾਂ ਨਾ ਰਾਮ ਹੈ, ਤੇ ਨਾ ਬਲਰਾਮ ਹੈ।**
**ਥੋੜ੍ਹਾ-ਥੋੜ੍ਹਾ ਕਰਕੇ, ਬਹੁਤ ਕੁਝ ਹੋ ਜਾਂਦਾ ਏ,**
**ਨਵਾਂ ਸੂਰਜ ਵੀ ਤਾਂ ਨਵੇਂ ਸੁਪਨਿਆਂ ਦਾ ਪੈਗ਼ਾਮ ਹੈ।'**

ਇਸ਼ਾਰਿਆਂ ਦੀ ਭਾਸ਼ਾ (ਪੰਨਾ-43):

**'ਕਿਸੇ-ਕਿਸੇ ਦੇ ਇਸ਼ਾਰੇ 'ਤੇ ਪਿਆਰ ਲੱਗਦਾ।**
**ਕਿਸੇ-ਕਿਸੇ ਦੇ ਇਸ਼ਾਰੇ 'ਤੇ ਵਾਰ ਲੱਗਦਾ।**
**ਇਸ਼ਾਰੇ ਦੀ ਭਾਸ਼ਾ ਵੀ ਗੁੰਝੀ ਹੁੰਦੀ ਹੈ,**
**ਇਹਨੂੰ ਸਮਝਣਾ ਵੀ, ਗੁੰਝਲਦਾਰ ਲੱਗਦਾ।'**

ਕਲਾਕਾਰ ਦਾ ਸਨਮਾਨ (ਪੰਨਾ-54):

**'ਸਨਮਾਨ ਕਰਨ ਨਾਲ ਹੀ,**
**ਕਲਾਕਾਰ ਨੂੰ ਉਤਸ਼ਾਹ ਹੁੰਦਾ।**
**ਸਨਮਾਨ ਕਰਨ ਵਾਲਿਆਂ ਦਾ ਵੀ,**
**ਫ਼ਖਰ ਉਤਾਹਾਂ ਹੁੰਦਾ।**
**ਫ਼ਰਜ਼ ਵਿਕਦਾ ਨਹੀਂ, ਸ਼ੋਹਰਤ ਵਿਕਦੀ ਹੈ ਸੱਜਣੋ,**
**ਨਕਲੀ ਸ਼ੋਹਰਤ ਨਾਲ ਬੰਦਾ,**
**ਨਕਲੀ ਹੀ ਸ਼ਾਹ ਹੁੰਦਾ।'**

ਅਸਲੀਅਤ ਦੀ ਭਾਲ (ਪੰਨਾ-75):

**'ਅਮੀਰਾਂ ਦਾ ਹਾਲ ਅਮੀਰਾਂ ਤੋਂ ਪੁੱਛੋ।**
**ਫ਼ਕੀਰਾਂ ਦਾ ਹਾਲ ਫ਼ਕੀਰਾਂ ਤੋਂ ਪੁੱਛੋ।**
**ਗਾਉਣ ਵਾਲਿਆਂ ਨੂੰ ਸਮਝ ਹੈ ਸੁਰਾਂ ਦੀ,**
**ਅਦੀਬਾਂ ਦਾ ਹਾਲ ਅਦੀਬਾਂ ਤੋਂ ਪੁੱਛੋ।'**

ਦਰਦ ਅਤੇ ਸ਼ਾਇਰੀ (ਪੰਨਾ-102):

**'ਦਰਦ ਬੰਦੇ ਨੂੰ ਕਵੀ ਬਣਾ ਦਿੰਦਾ।**
**ਕਵੀ ਵੀ ਦਰਦ ਦਾ ਮੰਜ਼ਰ ਬਣਾ ਦਿੰਦਾ।**
**ਖ਼ੁਸ਼ੀਲੇ-ਦਰਦੀਲੇ ਪਲ ਹੀ ਬਨਾਮ ਜ਼ਿੰਦਗੀ,**
**ਇਨ੍ਹਾਂ ਦੇ ਰੰਗ 'ਚ ਬੰਦਾ, ਫ਼ਰਜ਼ ਨਿਭਾ ਦਿੰਦਾ।'**

ਗ਼ਜ਼ਲ ਦਾ ਸਾਜ਼ (ਪੰਨਾ-149):

**'ਮੇਰੀ ਗ਼ਜ਼ਲ ਦਾ ਸਾਦਾ ਜਿਹਾ ਕਾਜ ਹੈ।**
**ਨਾਲੇ ਇਸ ਵਿੱਚ ਸੋਹਣਾ-ਸਾਂਝਾ ਸਾਜ਼ ਹੈ।**
**ਬੇਸ਼ੱਕ ਗ਼ਜ਼ਲ ਲਿਖਦੇ ਨੇ, ਸੈਂਕੜੇ ਗ਼ਜ਼ਲਗੋ,**
**ਅਕਸਰ ਹਰ ਇਕ ਨੂੰ, ਆਪਣੇ 'ਤੇ ਨਾਜ਼ ਹੈ।'**

ਲਿਖਾਰੀ ਦੀ ਚੁੱਪ (ਪੰਨਾ-235):

**'ਬੰਦਾ ਲਿਖਦਾ-ਲਿਖਦਾ, ਬਣ ਜਾਂਦਾ ਲਿਖਾਰੀ।**
**ਚਾਹੇ ਦਿਲ ਦੀ, ਭਰੇ ਨਾ ਭਰੇ ਪਟਾਰੀ।**
**ਉਂਜ ਵੀ ਲਿਖਣ ਵਾਲਾ, ਰੌਲਾ ਘੱਟ ਪਾਉਂਦਾ ਹੈ,**
**ਤੇ ਚੁੱਪ ਕਰਕੇ ਖ਼ਿਆਲਾਂ ਦੀ, ਭਰੀ ਜਾਂਦਾ ਉਡਾਰੀ।'**



ਸ੍ਰੀ ਕਮਲ ਬੰਗਾ ਨੇ 'ਕਾਵਿ-ਕ੍ਰਿਸ਼ਮਾ' ਕਿਤਾਬ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਆਪਣੀ ਪਤਨੀ ਸ੍ਰੀਮਤੀ ਪਲਵਿੰਦਰ ਕੌਰ ਨੂੰ ਸਮਰਪਿਤ ਕੀਤੀ।

**ਸਾਹਿਤਕ ਸਫ਼ਰ ਦੀਆਂ ਪੈੜਾਂ: ਹੁਣ ਤੱਕ ਦੀਆਂ ਰਚਨਾਵਾਂ**

ਸ਼੍ਰੀ ਕਮਲ ਬੰਗਾ ਦੀ ਕਲਮ ਤੋਂ ਨਿਕਲੇ ਸ਼ਬਦਾਂ ਨੇ ਪਿਛਲੇ ਡੇਢ ਦਹਾਕੇ ਵਿੱਚ ਪੰਜਾਬੀ ਸਾਹਿਤ ਨੂੰ ਕਈ ਅਣਮੁੱਲੇ ਤੋਹਫ਼ੇ ਦਿੱਤੇ ਹਨ:




ਪੈਂਤੀ ਸਾਹਿਤਕ ਕਿਰਨਾਂ (2008), ਕਹਿਕਸ਼ਾਂ (2009), ਹਵਾ ਦੇ ਰੰਗ (2010), ਪੂਰਬ ਤੋਂ ਪੱਛਮ (2012), ਪੰਜਵਾਂ ਅੰਕ (2012), ਜਹਾਨ ਅੰਦਰ (2013), ਤਾਸ਼ ਦੇ ਪੱਤੇ (2014), ਚੰਦ ਦੇ ਟੁਕੜੇ (2015), ਮੁਸਾਫ਼ਿਰ ਸੱਚ ਦਾ (2015), ਗ਼ਜ਼ਲ ਦਾ ਜ਼ਮਾਨਾ (2016), ਕਾਵਿ-ਕਾਸਦ (2017), ਮੰਜ਼ਿਲ ਦੇ ਨੇੜੇ (2018), ਚੋਣਵੀਂ ਕਵਿਤਾ ਦੇ ਰੰਗ (2019), ਚੌਦਵਾਂ ਚਾਨਣ (2020), ਸ਼ਬਦਾਂ ਦੀ ਫ਼ਰੀਕੀ (2021), ਨਵੀਂ ਰੌਸ਼ਨੀ (2022), ਨਵੀਂ ਬੁਲਬੁਲ (2023), ਕਾਵਿ-ਕ੍ਰਿਸ਼ਮਾ (2024),

**ਸਫ਼ਰ, ਯਾਦਾਂ ਅਤੇ ਸ਼ਰਧਾਂਜਲੀ**

ਇਹ ਅਠਾਰਵੀਂ ਕਿਤਾਬ ਕੇਵਲ ਸ਼ਬਦਾਂ ਦਾ ਸੰਗ੍ਰਹਿ ਨਹੀਂ, ਸਗੋਂ ਸ਼ਾਇਰ ਦੀ ਆਪਣੀ ਜ਼ਿੰਦਗੀ ਦਾ ਇੱਕ ਅਹਿਮ ਦਸਤਾਵੇਜ਼ ਹੈ। 1976 ਦੇ ਤਹਿਰਾਨ (ਇਰਾਨ) ਦੇ ਸਫ਼ਰ ਦੀਆਂ ਯਾਦਾਂ ਤੋਂ ਲੈ ਕੇ ਆਪਣੀ ਜਨਮ ਭੂਮੀ 'ਬੰਗਾਂ' ਸ਼ਹਿਰ ਪ੍ਰਤੀ ਉਹਨਾਂ ਦਾ ਮੋਹ, ਉਹਨਾਂ ਦੀ ਸ਼ਾਇਰੀ ਨੂੰ ਮੌਲਿਕਤਾ ਪ੍ਰਦਾਨ ਕਰਦਾ ਹੈ। ਆਪਣੀ ਜੀਵਨ-ਸਾਥਣ ਪਲਵਿੰਦਰ ਕੌਰ ਅਤੇ ਬੱਚਿਆਂ (ਨਵਜੀਤ, ਨਰਿਤਾ ਅਤੇ ਸੋਨੀਆਂ) ਨੂੰ ਸਮਰਪਿਤ ਇਹ ਰਚਨਾ ਉਹਨਾਂ ਦੇ ਪਰਿਵਾਰਕ ਮੋਹ ਨੂੰ ਵੀ ਉਜਾਗਰ ਕਰਦੀ ਹੈ। ਇਸ ਦੇ ਨਾਲ ਹੀ, ਉਹਨਾਂ ਨੇ ਪੰਜਾਬੀ ਸਾਹਿਤ ਦੇ ਮਹਾਨ ਹਸਤਾਖਰਾਂ, ਸ਼੍ਰੀ ਅਜ਼ਾਦ ਜਲੰਧਰੀ ਅਤੇ ਸ਼੍ਰੀ ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਆਪਣੀ ਸਾਹਿਤਕ ਵਫ਼ਾਦਾਰੀ ਦਾ ਪ੍ਰਗਟਾਵਾ ਵੀ ਕੀਤਾ ਹੈ।

**ਨਿਚੋੜ**

ਅੰਤ ਵਿੱਚ, ਕਮਲ ਬੰਗਾਂ ਦੀ ਇਹ ਅਠਾਰਵੀਂ ਪੁਸਤਕ ਪੰਜਾਬੀ ਮਾਂ-ਬੋਲੀ ਦੇ ਖ਼ਜ਼ਾਨੇ ਵਿੱਚ ਇੱਕ ਕੀਮਤੀ ਮੋਤੀ ਹੈ। ਇਹ ਉਹਨਾਂ ਪਾਠਕਾਂ ਲਈ ਇੱਕ ਤੋਹਫ਼ਾ ਹੈ ਜੋ ਸ਼ਾਇਰੀ ਵਿੱਚੋਂ ਸਿਰਫ਼ ਮਨੋਰੰਜਨ ਨਹੀਂ, ਸਗੋਂ ਜ਼ਿੰਦਗੀ ਦੇ ਅਸਲੀ ਅਰਥ ਅਤੇ ਸਮਾਜਿਕ ਚੇਤਨਾ ਭਾਲਦੇ ਹਨ।

**- ਸਤਨਾਮ ਸਿੰਘ ਖਾਲਸਾ**

# ਕੈਲੀਫੋਰਨੀਆ ਵਿੱਚ ਭਾਰਤੀ ਦੌੜਾਕ ਨੇ 5 ਹਜ਼ਾਰ ਮੀਟਰ ਦੌੜ ਵਿੱਚ ਜਿੱਤਿਆ ਚਾਂਦੀ ਦਾ ਤਮਗਾ

### ਆਪਣਾ ਹੀ ਰਾਸ਼ਟਰੀ ਰਿਕਾਰਡ ਤੋੜਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਭਾਰਤੀ ਦੌੜਾਕ ਗੁਲਵੀਰ ਸਿੰਘ ਨੇ ਕੈਲੀਫੋਰਨੀਆ ਵਿੱਚ ਲਾਸ ਏਂਜਲਸ ਟਰੈਕ ਫੈਸਟ ਮੁਕਾਬਲੇ ਵਿੱਚ 5000 ਮੀਟਰ ਦੌੜ ਵਿੱਚ ਆਪਣਾ ਹੀ ਭਾਰਤੀ ਰਾਸ਼ਟਰੀ ਰਿਕਾਰਡ ਤੋੜ ਕੇ ਚਾਂਦੀ ਦਾ ਤਮਗਾ ਜਿੱਤਿਆ ਹੈ। ਭਾਰਤ ਦੀ ਪ੍ਰਤੀਨਿੱਧਤਾ ਕਰਦਿਆਂ ਉਸ ਨੇ ਦੌੜ 13.03.93 ਮਿੰਟਾਂ ਵਿਚ ਪੂਰੀ ਕੀਤੀ। ਪਹਿਲੇ ਸਥਾਨ 'ਤੇ ਐਰੀਟਰੀਨ ਦੌੜਾਕ ਹੈਬਟਮ ਸੈਮੂਏਲ ਰਿਹਾ ਜਿਸ ਨੇ 12.57.22 ਮਿੰਟਾਂ ਵਿਚ ਦੌੜ ਪੂਰੀ ਕਰਕੇ ਸੋਨੇ ਦਾ ਤਮਗ ਜਿੱਤਿਆ। ਗੁਲਵੀਰ ਸਿੰਘ ਦਾ ਪਹਿਲਾ ਰਾਸ਼ਟਰੀ ਰਿਕਾਰਡ 13.11.82 ਮਿੰਟ ਹੈ ਜੋ ਉਸ ਨੇ ਸਤੰਬਰ 2024 ਵਿਚ ਜਪਾਨ ਵਿੱਚ ਕਾਇਮ ਕੀਤਾ ਸੀ। ਫੌਜ ਵਿਚ ਨੌਕਰੀ ਕਰਦੇ ਗੁਲਵੀਰ ਸਿੰਘ ਦੀ ਇੰਡੀਅਨ ਆਰਮੀ ਸਪੋਰਟਸ ਐਂਡ ਐਡਵੈਂਚਰ ਵਿੰਗ ਨੇ ਸੋਸ਼ਲ ਮੀਡੀਆ ਐਕਸ ਉਪਰ ਉਸ ਦੀ ਕਾਰਗੁਜਾਰੀ ਦੀ ਪ੍ਰਸੰਸਾ ਕੀਤੀ ਹੈ। ਗੁਲਵੀਰ ਸਿੰਘ ਦਾ 3000 ਮੀਟਰ ਤੇ 10000 ਮੀਟਰ ਵਿੱਚ ਵੀ ਰਾਸ਼ਟਰੀ ਰਿਕਾਰਡ ਹੈ। ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿੱਪ 2025 ਵਿੱਚ ਉਸ ਨੇ 5 ਹਜ਼ਾਰ ਤੇ 10 ਹਜਾਰ ਮੀਟਰ ਵਿੱਚ ਸੋਨ ਤਮਗਾ ਜਿੱਤਿਆ ਸੀ।



# ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦਾ ਉੱਤਰਾਖੰਡ ਪਹੁੰਚਣ 'ਤੇ ਸ਼ਾਨਦਾਰ ਸਵਾਗਤ

### ਖਰਸਾਲੀ ਹੈਲੀਪੈਡ 'ਤੇ ਪਹੁੰਚੇ ਦੇਸ਼ ਦੇ ਚੋਣ ਮੁਖੀ





ਉੱਤਰਕਾਸ਼ੀ : ਦੇਸ਼ ਦੇ ਮੁੱਖ ਚੋਣ ਕਮਿਸ਼ਨਰ (Chief Election Commissioner) ਗਿਆਨੇਸ਼ ਕੁਮਾਰ ਐਤਵਾਰ ਨੂੰ ਉੱਤਰਾਖੰਡ ਦੇ ਉੱਤਰਕਾਸ਼ੀ ਸਥਿਤ ਖਰਸਾਲੀ ਹੈਲੀਪੈਡ 'ਤੇ ਪਹੁੰਚੇ, ਜਿੱਥੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਅਤੇ ਰਸਮੀ ਸਵਾਗਤ ਕੀਤਾ ਗਿਆ।

ਖਰਸਾਲੀ ਹੈਲੀਪੈਡ 'ਤੇ ਉੱਤਰਾਖੰਡ ਦੇ ਮੁੱਖ ਚੋਣ ਅਧਿਕਾਰੀ (Chief Electoral Officer) ਡਾ. ਬੀ.ਵੀ.ਆਰ.ਸੀ. ਪੁਰਸ਼ੋਤਮ, ਵਧੀਕ ਮੁੱਖ ਚੋਣ ਅਧਿਕਾਰੀ ਡਾ. ਵਿਜੇ ਕੁਮਾਰ ਜੋਗਦੰਡੇ ਅਤੇ ਉੱਤਰਕਾਸ਼ੀ ਦੇ ਜ਼ਿਲ੍ਹਾ ਮੈਜਿਸਟ੍ਰੇਟ (DM) ਪ੍ਰਸ਼ਾਂਤ ਆਰਿਆ ਨੇ ਖ਼ੁਦ ਮੌਜੂਦ ਰਹਿ ਕੇ ਮੁੱਖ ਚੋਣ ਕਮਿਸ਼ਨਰ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਗੁਲਦਸਤੇ ਭੇਟ ਕੀਤੇ।

ਕੌਣ ਪਹੁੰਚੇ: ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ।

ਸਥਾਨ: ਖਰਸਾਲੀ ਹੈਲੀਪੈਡ, ਉੱਤਰਕਾਸ਼ੀ (ਉੱਤਰਾਖੰਡ)।

ਸਵਾਗਤ ਕਰਤਾ: ਸੂਬੇ ਦੇ ਉੱਚ ਚੋਣ ਅਧਿਕਾਰੀ ਅਤੇ ਜ਼ਿਲ੍ਹਾ ਮੈਜਿਸਟ੍ਰੇਟ।

ਇਸ ਦੌਰੇ ਦੌਰਾਨ ਸੁਰੱਖਿਆ ਅਤੇ ਪ੍ਰਸ਼ਾਸਨਿਕ ਵਿਵਸਥਾ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ। ਅਧਿਕਾਰੀਆਂ ਵੱਲੋਂ ਮੁੱਖ ਚੋਣ ਕਮਿਸ਼ਨਰ ਨਾਲ ਖੇਤਰ ਦੇ ਪ੍ਰਸ਼ਾਸਨਿਕ ਅਤੇ ਚੋਣ ਸਬੰਧੀ ਪ੍ਰਬੰਧਾਂ ਬਾਰੇ ਅਹਿਮ ਚਰਚਾ ਵੀ ਕੀਤੀ ਗਈ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲ਼ਫਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

**ਭੂਮਿਕਾ:** ਚੇਤਿਆਂ ਦੇ ਵਿਹੜੇ ਢੁੱਕਿਆ ਬਚਪਨ ਬਚਪਨ ਤੋਂ ਲੈ ਕੇ ਅੱਜ ਤੱਕ 'ਲੋਕਗੀਤਾਂ' ਨੇ ਹਮੇਸ਼ਾ ਹੀ ਮੇਰੇ ਮਨ ਨੂੰ ਟੁੰਬਿਆ ਹੈ। ਇਹ ਸਿਰਫ਼ ਗੀਤ ਨਹੀਂ, ਬਲਕਿ ਮੇਰੇ ਚੇਤੇ ਵਿਚ ਵਸ ਕੇ ਮੇਰੇ ਦਿਲ ਵਿਚ ਘਰ ਕਰ ਚੁੱਕੀ ਇੱਕ ਰੂਹਾਨੀ ਹੋਂਦ ਹਨ। ਮੇਰੇ ਬਚਪਨ ਦਾ ਬਹੁਤਾ ਹਿੱਸਾ ਮੇਰੇ ਨਾਨਕੇ ਪਿੰਡ 'ਹਰਸੀ ਪਿੰਡ' (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਗੁਜ਼ਰਿਆ। ਮੇਰੀ ਵੱਡੀ ਮਾਮੀ ਮਰਹੂਮ ਪੀਤਮ ਕੌਰ ਮੈਨੂੰ ਸਹੇਲੀਆਂ ਵਾਂਗ ਹਰ ਵਕਤ ਆਪਣੇ ਨਾਲ ਰੱਖਦੀ ਸੀ।

ਮੈਨੂੰ ਅੱਜ ਵੀ ਯਾਦ ਹੈ, ਜਦੋਂ ਮੈਂ ਛੋਟੀ ਕਲਾਸ ਵਿਚ ਪੜ੍ਹਦੀ ਸੀ, ਸਾਡੇ ਸ਼ਰੀਕੇ ਵਿਚੋਂ ਲੱਗਦੀ ਇੱਕ ਮਾਸੀ ਦਾ ਵਿਆਹ ਸੀ। ਮੈਂ ਆਪਣੀ ਮਾਮੀ ਨਾਲ ਸ਼ਗਨ ਦੀ ਰਸਮ ਵਿਚ ਸ਼ਾਮਿਲ ਹੋਣ ਗਈ। ਵਿਆਹ ਵਾਲੇ ਘਰ ਦੇ ਬਾਹਰ ਹੀ ਗਾਉਣ ਦੀ ਆਵਾਜ਼ ਸੁਣ ਕੇ ਮੇਰੇ ਬਾਲ-ਮਨ ਵਿਚ ਅਜੀਬ ਉਤਸੁਕਤਾ ਪੈਦਾ ਹੋ ਗਈ। ਜਦੋਂ ਅਸੀਂ ਘਰ ਵਿਚ ਪ੍ਰਵੇਸ਼ ਕੀਤਾ ਤਾਂ ਵਿਹੜਾ ਔਰਤਾਂ ਨਾਲ ਨੱਕੋ-ਨੱਕ ਭਰਿਆ ਹੋਇਆ ਸੀ। ਦਰੀ 'ਤੇ ਬੈਠੀਆਂ ਔਰਤਾਂ ਰਵਾਇਤੀ ਗੀਤ ਗਾ ਰਹੀਆਂ ਸਨ, ਪਰ ਇੱਕ ਔਰਤ ਸਭ ਤੋਂ ਪਰ੍ਹਾਂ ਹਟ ਕੇ ਪੌੜੀ ਦੇ ਇੱਕ ਪੌਡੇ 'ਤੇ ਵੱਖਰੀ ਬੈਠੀ ਸੀ। ਉਹ ਗਾਉਂਦੇ ਹੋਏ ਬੜੀ ਨਜ਼ਾਕਤ ਨਾਲ ਮੁਸਕਰਾ ਰਹੀ ਸੀ। ਉਸ ਦਾ ਵਾਹਵਾ ਹਾਰ-ਸ਼ਿੰਗਾਰ ਕੀਤਾ ਹੋਇਆ ਸੀ। ਮੇਰੀਆਂ ਨਜ਼ਰਾਂ ਵਾਰ-ਵਾਰ ਉਸ ਦੇ ਚਿਹਰੇ 'ਤੇ ਜਾ ਟਿਕਦੀਆਂ ਸਨ।

ਮੈਂ ਗਹੁ ਨਾਲ ਸੁਣਨਾ ਸ਼ੁਰੂ ਕੀਤਾ। ਉਸ ਵਕਤ ਮੈਨੂੰ ਇਨ੍ਹਾਂ ਗੀਤਾਂ ਦੀਆਂ ਸਨਫ਼ਾਂ (ਵੰਨਗੀਆਂ) ਬਾਰੇ ਕੋਈ ਇਲਮ ਨਹੀਂ ਸੀ। ਹਾਂ! ਉੱਥੇ ਬੈਠੇ ਹੀ ਪਹਿਲੀ ਵਾਰੀ ਸੁਣ ਕੇ ਮੈਂ ਇਹ ਸਤਰਾਂ ਕੰਠ ਕਰ ਲਈਆਂ ਸਨ:

**ਅੰਦਰ ਤਾਂ ਬੀਬੀ ਦਾ ਵੀਰਾ ਰੋਵੇ,**
**ਜੀ ਬਾਹਰ ਹੱਸੇ ਭਰਜਾਈ।**



**ਓਦਣ ਤਾਂ ਰੋਵੇਂਗੀ ਭਾਬੀਏ ਨੀ,**
**ਜਿੱਦਣ ਤੋਰੇਂਗੀ ਜਾਈ।**

ਸੁਹਾਗ ਗਾਉਣ ਉਪਰੰਤ ਕਿਸੇ ਨੇ ਉਸ ਨੂੰ ਸੰਬੋਧਨ ਕਰਦਿਆਂ ਕਿਹਾ, "ਭਾਬੀ ਨੂੰ ਵਧਾਈਆਂ!" ਤਾਂ ਮੈਨੂੰ ਉਸ ਦੇ ਵਿਅੰਗਮਈ ਢੰਗ ਨਾਲ ਗਾਉਣ ਦੀ ਥੋੜ੍ਹੀ ਜਿਹੀ ਸਮਝ ਆਈ। ਬਾਅਦ ਵਿਚ ਮਾਮੀ ਜੀ ਤੋਂ ਪਤਾ ਲੱਗਿਆ ਕਿ ਉਹ ਵਿਆਹ ਵਾਲੀ ਕੁੜੀ ਦੀ ਸਕੀ ਭਰਜਾਈ ਸੀ ਅਤੇ ਆਪਣੇ ਫ਼ੌਜੀ ਭਰਾ ਨਾਲ ਜਲੰਧਰ ਤੋਂ ਵਿਆਹ ਵਿਚ ਸ਼ਾਮਲ ਹੋਣ ਆਈ ਹੋਈ ਸੀ।

**ਬਾਲ-ਮਨ ਦੇ ਸੰਸੇ ਅਤੇ ਲੋਕ-ਕਾਵਿ ਦੇ ਗੂੜ੍ਹ ਅਰਥ :** ਸੁਹਾਗ ਦੀਆਂ ਇਹ ਸਤਰਾਂ ਮੈਨੂੰ ਅੰਦਰੋਂ ਪ੍ਰੇਸ਼ਾਨ ਕਰਨ ਲੱਗੀਆਂ ਸਨ। ਉਸ ਭਾਬੀ ਦਾ ਮੁਸਕਰਾਉਂਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ। ਇਸ ਰਸਮ ਤੋਂ ਬਾਅਦ ਮੈਂ ਮਾਮੀ ਜੀ ਨਾਲ ਘਰ ਆਉਂਦੇ ਵਕਤ ਬਹੁਤ ਗੰਭੀਰ ਸਾਂ। ਸਾਰਾ ਰਸਤਾ ਆਪਣੀ ਬਾਲ-ਸੂਝ ਮੁਤਾਬਕ ਸੁਹਾਗ ਦੇ ਅਰਥ ਕੱਢਦੀ ਰਹੀ—ਵੀਰਾ ਕਿਉਂ ਰੋਵੇਗਾ ਅਤੇ ਭਾਬੀ ਕਿਉਂ ਹੱਸੇਗੀ? ਇਹ ਸਭ ਗੱਲਾਂ ਉਦੋਂ ਮੇਰੀ ਸਮਝ ਤੋਂ ਬਾਹਰ ਸਨ।

ਇਸ ਤੋਂ ਬਾਅਦ, ਸ਼ਰੀਕੇ ਵਿਚ ਲੱਗਦੇ ਚਾਚੇ ਦਾ ਇੱਕ ਹੋਰ ਵਿਆਹ ਮੈਂ ਆਪਣੇ ਮੰਮੀ-ਡੈਡੀ ਨਾਲ ਆਪਣੇ ਪਿੰਡ 'ਮੂਨਕ ਕਲਾਂ' (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਦੇਖਿਆ। ਉੱਥੇ ਪਹਿਲੀ ਵਾਰੀ ਸੁਣੀ ਘੋੜੀ ਮੈਨੂੰ ਅੱਜ ਵੀ ਇਨ-ਬਿਨ ਯਾਦ ਹੈ:

**ਲਾੜਾ ਲਾਡਲਾ ਵਜਾ ਬੀਨਾ ਦਾ ਮੰਗਦਾ ਸੀ,**
**ਬਾਬਲ ਬਾਦਸ਼ਾਹ ਵਜਾ ਲੈ ਮੋਹੂ ਖੜ੍ਹਦਾ ਸੀ।**
**ਲਾੜਾ ਲਾਡਲਾ ਜੰਞ ਸੁਕੀਨਾਂ ਦੀ ਮੰਗਦਾ ਸੀ,**
**ਵੀਰਾ ਬਾਦਸ਼ਾਹ ਜੰਞ, ਲੈ ਮੋਹੂ ਖੜ੍ਹਦਾ ਸੀ।**

ਇਸ ਘੋੜੀ ਨੂੰ ਸੁਣਦੇ ਹੀ ਮੇਰਾ ਮਨ ਬਾਬਲ ਅਤੇ ਵੀਰੇ ਨੂੰ 'ਬਾਦਸ਼ਾਹ' ਮੰਨਣ ਤੋਂ ਇਨਕਾਰੀ ਸੀ। ਮੇਰੀ ਸਮਝ ਮੁਤਾਬਿਕ ਬਾਦਸ਼ਾਹ ਤਾਂ ਕਿਸੇ ਦੇਸ਼ ਦਾ ਰਾਜਾ ਹੀ ਹੋ ਸਕਦਾ ਸੀ, ਇੱਕ ਸਾਧਾਰਨ ਇਨਸਾਨ ਕਿਵੇਂ?

ਇੱਕ ਦਿਨ ਮੈਂ ਆਪਣੀ ਹਵੇਲੀ ਵਿਚ ਮੰਮੀ-ਡੈਡੀ ਦੇ ਕੋਲ ਆਪਣੀਆਂ ਸਹੇਲੀਆਂ ਸੰਗ ਖੇਡ ਰਹੀ ਸੀ। ਮੇਰੀ ਸਹੇਲੀ 'ਰੁਪਿੰਦਰ' ਮੇਰੇ ਮੰਮੀ-ਡੈਡੀ ਕੋਲੋਂ ਪੁੱਛ ਕੇ ਮੈਨੂੰ ਆਪਣੀ ਭੈਣ ਦੇ ਵਿਆਹ ਵਿਚ ਲੈ ਗਈ। ਉੱਥੇ ਪਹਿਲੀ ਵਾਰੀ 'ਨਾਨਕਾ ਮੇਲ' ਦੇਖ ਕੇ ਤਾਂ ਮੈਂ ਦੰਗ ਹੀ ਰਹਿ ਗਈ। ਮੈਂ ਆਪਣੇ ਹੀ ਨਾਨਕੇ ਪਿੰਡ ਦੇ ਲੋਕਾਂ ਨੂੰ ਉਸ ਵਿਆਹ ਵਾਲੇ ਘਰ ਦੇਖ ਕੇ ਦੁਬਿਧਾ ਵਿਚ ਪੈ ਗਈ—ਇਹ ਸਾਰੇ ਮੇਰੇ ਮਾਮੇ-ਮਾਮੀਆਂ ਹੀ ਤਾਂ ਸਨ! ਮਾਮੀਆਂ ਗਾਉਣ ਵਿਚ ਇੰਨੀਆਂ ਮਸ਼ਰੂਫ ਸਨ ਕਿ ਕਿਸੇ ਦਾ ਵੀ ਮੇਰੇ ਵੱਲ ਧਿਆਨ ਨਾ ਪਿਆ। ਮੈਂ ਆਪਣੇ ਪਿੰਡ ਵਾਲਾ ਬੱਚਿਆਂ ਦਾ ਗਰੁੱਪ ਛੱਡ ਕੇ ਮਾਮੀਆਂ ਵਾਲੇ ਗਰੁੱਪ ਕੋਲ ਜਾ ਖੜ੍ਹੀ ਹੋਈ। ਉਹ ਸਿੱਠਣੀਆਂ ਦਿੰਦੀਆਂ ਸਾਹੋ-ਸਾਹ ਹੋਈਆਂ ਪਈਆਂ ਸਨ। ਸਿੱਠਣੀਆਂ ਵਾਰੀ ਸਿਰ ਦਿੱਤੀਆਂ ਜਾ ਰਹੀਆਂ ਸਨ ਅਤੇ ਮੇਰੀਆਂ ਮਾਮੀਆਂ ਦੀ ਜਿੱਤ ਮੈਨੂੰ ਆਪਣੀ ਨਿੱਜੀ ਜਿੱਤ ਲੱਗ ਰਹੀ ਸੀ। ਸ਼ਾਮ ਨੂੰ ਘਰ ਜਾ ਕੇ ਮੰਮੀ ਕੋਲੋਂ ਪਤਾ ਲੱਗਿਆ ਸੀ ਕਿ ਉਹ ਇੱਕ ਵਿਸ਼ੇਸ਼ ਸੱਭਿਆਚਾਰਕ ਰਸਮ ਸੀ, ਜਿਸ ਨੂੰ 'ਨਾਨਕਾ ਮੇਲ' ਕਹਿੰਦੇ ਹਨ।

(ਚਲਦਾ)

## ਕੇਰਲ ਵਿੱਚ ਸਿਆਸੀ ਹੜਕੰਪ

# ਸਾਬਕਾ ਮੁੱਖ ਮੰਤਰੀ ਪਿਨਾਰਾਈ ਵਿਜੇਅਨ ਦੇ ਘਰ ED ਦੀ ਰੇਡ, CPI(M) ਵਰਕਰਾਂ ਵੱਲੋਂ ਭਾਰੀ ਪ੍ਰਦਰਸ਼ਨ






ਕੰਨੂਰ (ਕੇਰਲ) : ਕੇਰਲ ਦੀ ਸਿਆਸਤ ਵਿੱਚ ਉਸ ਵੇਲੇ ਭਾਰੀ ਭੂਚਾਲ ਆ ਗਿਆ ਜਦੋਂ ਇਨਫੋਰਸਮੈਂਟ ਡਾਇਰੈਕਟੋਰੇਟ (ED) ਦੀਆਂ ਟੀਮਾਂ ਨੇ ਕੇਰਲ ਦੇ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਵਿਰੋਧੀ ਧਿਰ ਦੇ ਨੇਤਾ (LoP) ਪਿਨਾਰਾਈ ਵਿਜੇਅਨ ਦੇ ਕੰਨੂਰ ਸਥਿਤ ਨਿਵਾਸ ਸਥਾਨ ਸਮੇਤ ਕਈ ਟਿਕਾਣਿਆਂ 'ਤੇ ਇੱਕੋ ਵੇਲੇ ਛਾਪੇਮਾਰੀ ਸ਼ੁਰੂ ਕਰ ਦਿੱਤੀ। ਇਹ ਕਾਰਵਾਈ ਚੋਚਿਨ ਮਿਨਰਲਜ਼ ਐਂਡ ਰੂਟਾਈਲ ਲਿਮਟਿਡ (CMRL) ਕੰਪਨੀ ਨਾਲ ਜੁੜੇ ਕਥਿਤ ਮਨੀ ਲਾਂਡਰਿੰਗ (ਪੈਸਿਆਂ ਦੀ ਹੇਰਾਫੇਰੀ) ਦੇ ਮਾਮਲੇ ਵਿੱਚ ਕੀਤੀ ਜਾ ਰਹੀ ਹੈ।

10 ਤੋਂ ਵੱਧ ਟਿਕਾਣਿਆਂ 'ਤੇ ਛਾਪਾ: ਈ.ਡੀ. ਵੱਲੋਂ ਇਹ ਕਾਰਵਾਈ ਕੇਰਲ ਹਾਈ ਕੋਰਟ ਵੱਲੋਂ ਜਾਂਚ ਨੂੰ ਹਰੀ ਝੰਡੀ ਮਿਲਣ ਤੋਂ ਤੁਰੰਤ ਬਾਅਧ ਸਵੇਰੇ ਤੜਕਸਾਰ ਸ਼ੁਰੂ ਕੀਤੀ ਗਈ। ਇਸ ਤਹਿਤ ਪਿਨਾਰਾਈ ਵਿਜੇਅਨ ਦੇ ਕੰਨੂਰ ਅਤੇ ਤਿਰੂਵਨੰਤਪੁਰਮ ਵਾਲੇ ਘਰਾਂ ਸਮੇਤ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਕੀ ਹੈ ਮਾਮਲਾ? ਇਹ ਮਾਮਲਾ ਵਿਜੇਅਨ ਦੀ ਬੇਟੀ ਵੀਨਾ ਟੀ ਦੀ ਆਈ.ਟੀ. ਕੰਪਨੀ 'ਐਕਸਾਲੋਜਿਕ ਸਲੂਸ਼ਨਜ਼' ਨਾਲ ਜੁੜਿਆ ਹੋਇਆ ਹੈ। ਦੋਸ਼ ਹੈ ਕਿ CMRL ਕੰਪਨੀ ਨੇ ਬਿਨਾਂ ਕੋਈ ਸੇਵਾਵਾਂ ਲਏ, ਵਿਜੇਅਨ ਦੀ ਬੇਟੀ ਦੀ ਕੰਪਨੀ ਨੂੰ ਕਥਿਤ ਤੌਰ 'ਤੇ 1.72 ਕਰੋੜ ਰੁਪਏ ਦੀ ਨਜਾਇਜ਼ ਅਦਾਇਗੀ ਕੀਤੀ ਸੀ, ਜਿਸ ਨੂੰ ਆਮਦਨ ਕਰ ਵਿਭਾਗ ਨੇ 'ਗੈਰ-ਕਾਨੂੰਨੀ ਭੁਗਤਾਨ' ਕਰਾਰ ਦਿੱਤਾ ਸੀ।

CPI(M) ਵਰਕਰਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਇਸ ਛਾਪੇਮਾਰੀ ਦੀ ਖ਼ਬਰ ਫੈਲਦਿਆਂ ਹੀ ਖੇਤਰ ਵਿੱਚ ਤਣਾਅ ਵਧ ਗਿਆ:

ਘਰ ਦੇ ਬਾਹਰ ਧਰਨਾ: ਕੰਨੂਰ ਵਿੱਚ ਪਿਨਾਰਾਈ ਵਿਜੇਅਨ ਦੇ ਘਰ ਦੇ ਬਾਹਰ ਵੱਡੀ ਗਿਣਤੀ ਵਿੱਚ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਵਾਦੀ) ਯਾਨੀ CPI(M) ਦੇ ਆਗੂ ਅਤੇ ਵਰਕਰ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਕੇਂਦਰ ਸਰਕਾਰ ਦੇ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਸਿਆਸੀ ਬਦਲਾਖੋਰੀ ਦੇ ਦੋਸ਼: ਪਾਰਟੀ ਦੇ ਸੀਨੀਅਰ ਲੀਡਰਾਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਵਿਰੋਧੀ ਧਿਰ ਦੇ ਮੁੱਖ ਆਗੂਆਂ ਨੂੰ ਜਾਣਬੁੱਝ ਕੇ ਕੇਂਦਰੀ ਏਜੰਸੀਆਂ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਮੌਕੇ 'ਤੇ ਹਾਲਾਤ ਨੂੰ ਦੇਖਦੇ ਹੋਏ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਕਾਨੂੰਨ ਵਿਵਸਥਾ ਕਾਬੂ ਹੇਠ ਰਹੇ।

### ਅਮਰੀਕੀ ਲੋਕਤੰਤਰ ਦੀ ਆਤਮਾ - ਅਮਰੀਕਾ ਦਾ ਸੰਵਿਧਾਨ

ਪਿਆਰੇ ਪਾਠਕੋ, ਦੋਸਤੋ

ਅਸੀਂ ਉਹ ਲੋਕ ਹਾਂ ਜਿਨ੍ਹਾਂ ਨੇ ਆਪਣੇ ਪਿੰਡਾਂ ਦੀਆਂ ਗਲੀਆਂ ਅਤੇ ਆਪਣੀ ਮਿੱਟੀ ਨੂੰ ਪਿੱਛੇ ਛੱਡ ਕੇ ਅਮਰੀਕਾ ਦੀ ਇਸ ਧਰਤੀ ’ਤੇ ਇੱਕ ਨਵੇਂ ਸੁਪਨੇ ਦੀ ਉਸਾਰੀ ਕੀਤੀ ਹੈ—ਇੱਕ ਬਿਹਤਰ ਭਵਿੱਖ, ਆਜ਼ਾਦੀ ਅਤੇ ਖੁਸ਼ਹਾਲੀ ਦੀ ਉਮੀਦ ਨਾਲ। ਪਰ ਜਦੋਂ ਅਸੀਂ ਇਸ ਦੇਸ਼ ਦੀ ਧਰਤੀ ’ਤੇ ਪੈਰ ਜਮਾਉਂਦੇ ਹਾਂ, ਤਾਂ ਕੀ ਅਸੀਂ ਕਦੇ ਰੁਕ ਕੇ ਇਹ ਸੋਚਿਆ ਹੈ ਕਿ ਇਸ ਮਹਾਨ ਰਾਸ਼ਟਰ ਦੀ ਅਸਲ ਤਾਕਤ ਕੀ ਹੈ? ਇਹ ਤਾਕਤ ਕੋਈ ਉੱਚੀਆਂ ਇਮਾਰਤਾਂ, ਦੌਲਤ ਜਾਂ ਸ਼ੌਹਰਤ ਵਿੱਚ ਨਹੀਂ ਹੈ, ਸਗੋਂ ਇਹ ਉਨ੍ਹਾਂ ਇਤਿਹਾਸਕ ਦਸਤਾਵੇਜ਼ਾਂ ਵਿੱਚ ਦਰਜ ਹੈ, ਜਿਨ੍ਹਾਂ ’ਤੇ ਅੱਜ ਦਾ ਅਮਰੀਕਾ ਖੜ੍ਹਾ ਹੈ: ‘ਆਜ਼ਾਦੀ ਦਾ ਐਲਾਨਨਾਮਾ’ (Declaration of Independence) ਅਤੇ ‘ਸੰਯੁਕਤ ਰਾਜ ਅਮਰੀਕਾ ਦਾ ਸੰਵਿਧਾਨ (The U.S. Constitution)। ਪਿਛਲੇ 25 ਸਾਲਾਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਸੇਵਾ ਕਰਦਿਆਂ, ਮੈਂ ਇਹ ਮਹਿਸੂਸ ਕੀਤਾ ਹੈ ਕਿ ਸਾਡੇ ਭਾਈਚਾਰੇ ਤੱਕ ਅਮਰੀਕੀ ਸੰਵਿਧਾਨ ਦੇ ਮੂਲ ਨੈਤਿਕ ਸਿਧਾਂਤਾਂ ਨੂੰ ਪੰਜਾਬੀ ਵਿੱਚ ਪਹੁੰਚਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹੀ ਸਾਡੇ ਹੱਕਾਂ ਦੀ ਰਾਖੀ ਕਰਦੇ ਹਨ। ਜਾਣਕਾਰੀ ਹੀ ਸ਼ਕਤੀ ਹੈ। ਜੇਕਰ ਅਸੀਂ ਆਪਣੇ ਦੇਸ਼ ਦੇ ਸੰਵਿਧਾਨ ਨੂੰ ਨਹੀਂ ਜਾਣਦੇ, ਤਾਂ ਅਸੀਂ ਆਪਣੀ ਨਾਗਰਿਕ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਹੀਂ ਨਿਭਾ ਸਕਦੇ। ਇਸ ਮਹਾਨ ਸੰਵਿਧਾਨ ਦੀ ਜਾਣਕਾਰੀ ਸਾਨੂੰ ਇੱਥੇ ਦੇ ਨਾਗਰਿਕ ਵਜੋਂ ਵਧੇਰੇ ਸ਼ਕਤੀਸ਼ਾਲੀ ਬਣਾ ਸਕਦੀ ਹੈ। ਅਮਰੀਕਾ ਦੇ ਸੰਵਿਧਾਨਕ ਸਿਧਾਂਤ ਕੇਵਲ ਕਾਨੂੰਨੀ ਕਿਤਾਬਾਂ ਤੱਕ ਸੀਮਤ ਨਹੀਂ ਹਨ; ਇਹ ਸਾਡੇ ਹੱਕਾਂ ਦੀ ਰਾਖੀ ਕਰਨ ਵਾਲੀ ਢਾਲ ਹਨ। ਇਸੇ ਲਈ ਮੈਂ ਇਸ ਹਫ਼ਤੇ ਤੋਂ ਆਪਣੇ ਅਖ਼ਬਾਰ ਦੇ ਪੰਨਿਆਂ ’ਤੇ ਇੱਕ ਇਤਿਹਾਸਕ ਲੜੀ ਸ਼ੁਰੂ ਕਰ ਰਿਹਾ ਹਾਂ। ਹੁਣ ਤੋਂ, ਅਸੀਂ ਅਮਰੀਕਾ ਦੇ ਇਨ੍ਹਾਂ ਮੂਲ ਦਸਤਾਵੇਜ਼ਾਂ ਨੂੰ ਤੁਹਾਡੀ ਆਪਣੀ ਮਾਂ-ਬੋਲੀ, ਪੰਜਾਬੀ ਵਿੱਚ ਪ੍ਰਕਾਸ਼ਿਤ ਕਰਾਂਗੇ। ਇਹ ਸਿਰਫ਼ ਇੱਕ ਅਨੁਵਾਦ ਨਹੀਂ ਹੈ, ਸਗੋਂ ਇਹ ਤੁਹਾਡੇ ਅਤੇ ਇਸ ਮਹਾਨ ਲੋਕਤੰਤਰ ਵਿਚਕਾਰ ਇੱਕ ਸੇਤੂ (Bridge) ਹੈ। ਜਦੋਂ ਤੁਸੀਂ ਇਨ੍ਹਾਂ ਸ਼ਬਦਾਂ ਨੂੰ ਆਪਣੀ ਭਾਸ਼ਾ ਵਿੱਚ ਪੜ੍ਹੋਗੇ, ਤਾਂ ਤੁਸੀਂ ਸਮਝੋਗੇ ਕਿ ਅਮਰੀਕਾ ਸਿਰਫ਼ ਇੱਕ ਦੇਸ਼ ਨਹੀਂ ਹੈ, ਸਗੋਂ ਸਮਾਨਤਾ, ਆਜ਼ਾਦੀ ਅਤੇ ਨਿਆਂ ਦਾ ਇੱਕ ਮਹਾਨ ਵਿਚਾਰ ਹੈ। ਮੇਰੀ ਤੁਹਾਨੂੰ ਸਾਰਿਆਂ ਨੂੰ ਬੇਨਤੀ ਹੈ ਕਿ ਇਸ ਲੜੀ ਨੂੰ ਸਿਰਫ਼ ਪੜ੍ਹੋ ਹੀ ਨਾ, ਸਗੋਂ ਇਸ ਨੂੰ ਆਪਣੇ ਪਰਿਵਾਰਾਂ ਨਾਲ ਸਾਂਝਾ ਕਰੋ। ਆਪਣੇ ਬੱਚਿਆਂ ਨੂੰ ਦੱਸੋ ਕਿ ਉਹ ਕਿਹੜੇ ਹੱਕਾਂ ਨਾਲ ਜੁੜੇ ਹੋਏ ਹਨ ਅਤੇ ਇੱਕ ਜਾਗਰੂਕ ਨਾਗਰਿਕ ਵਜੋਂ ਉਨ੍ਹਾਂ ਦੀ ਕੀ ਭੂਮਿਕਾ ਹੈ। ਆਓ, ਅਸੀਂ ਇਸ ਵਿਰਾਸਤ ਨੂੰ ਸਮਝੀਏ, ਕਿਉਂਕਿ ਇਹ ਸਾਡਾ ਦੇਸ਼ ਹੈ, ਇਹ ਸਾਡਾ ਸੰਵਿਧਾਨ ਹੈ ਅਤੇ ਇਹ ਸਾਡਾ ਆਪਣਾ ਇਤਿਹਾਸ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਹੈ। -ਸਤਨਾਮ ਸਿੰਘ ਖਾਲਸਾ

## America's 250th Anniversary

# ਅਮਰੀਕਨ ‘ਆਜ਼ਾਦੀ ਦਾ ਐਲਾਨਨਾਮਾ’ (Declaration of Independence) ਅਤੇ ‘ਸੰਯੁਕਤ ਰਾਜ ਅਮਰੀਕਾ ਦਾ ਸੰਵਿਧਾਨ’ (The U.S. Constitution)

‘ਜ਼ਰੂਰੀ ਅਤੇ ਉਚਿਤ ਧਾਰਾ’ (Necessary and Proper Clause) ਦੁਆਰਾ ਇਸ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ, ਜੋ ਕਾਂਗਰਸ ਲਈ ਉਪਲਬਧ ਸਾਧਨਾਂ ਨੂੰ ਸਿਰਫ਼ ਉਹਨਾਂ ਤੱਕ ਸੀਮਤ ਕਰਦੀ ਹੈ ਜੋ ‘ਗਿਣੀਆਂ ਗਈਆਂ ਸ਼ਕਤੀਆਂ’ (enumerated powers) ਨੂੰ ਲਾਗੂ ਕਰਨ ਲਈ ‘ਜ਼ਰੂਰੀ’ ਹਨ—ਅਜਿਹੇ ਸਾਧਨਾਂ ਤੋਂ ਬਿਨਾਂ, ਗਿਣੀਆਂ ਗਈਆਂ ਸ਼ਕਤੀਆਂ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ ਸੀ—ਅਤੇ ‘ਉਚਿਤ’ (proper) ਹਨ, ਇੱਕ ਅਜਿਹੀ ਸਰਕਾਰ ਲਈ ਜੋ ਆਜ਼ਾਦੀ ਲਈ ਸਮਰਪਿਤ ਹੈ।

ਜਿਵੇਂ ਕਿ ਉਨ੍ਹਾਂ ਦੀਆਂ ਬਹੁਤ ਸਾਰੀਆਂ ਲਿਖਤਾਂ ਤੋਂ ਸਪੱਸ਼ਟ ਹੁੰਦਾ ਹੈ, ਬਾਨੀਆਂ (Founders) ਦਾ ਇਰਾਦਾ ਸੀ ਕਿ ਗਿਣੀਆਂ ਗਈਆਂ ਸ਼ਕਤੀਆਂ ਦਾ ਸਿਧਾਂਤ ਜ਼ਿਆਦਾ ਸ਼ਕਤੀਸ਼ਾਲੀ ਸਰਕਾਰ ਦੇ ਵਿਰੁੱਧ ਸਾਡੀ ਮੁੱਖ ਰੱਖਿਆ ਹੋਵੇ: ਜੇਕਰ ਕੁਝ ਕਰਨ ਦੀ ਸ਼ਕਤੀ ਹੀ ਨਾ ਹੁੰਦੀ, ਤਾਂ ਸਰਕਾਰ ਉਸ ਸ਼ਕਤੀ ਦੀ ਦੁਰਵਰਤੋਂ ਕਿਵੇਂ ਕਰ ਸਕਦੀ ਸੀ। ਪਰ ਉਨ੍ਹਾਂ ਨੇ ਹੋਰ ਵੀ ਸੁਰੱਖਿਆ ਉਪਾਅ ਦਿੱਤੇ। ਇਸ ਤਰ੍ਹਾਂ ਰਾਸ਼ਟਰੀ ਅਤੇ ਰਾਜ ਸਰਕਾਰਾਂ ਵਿਚਕਾਰ ਸ਼ਕਤੀ ਨੂੰ ਵੰਡਣ ਦੇ ਨਾਲ-ਨਾਲ, ਜ਼ਿਆਦਾਤਰ ਸ਼ਕਤੀ ਰਾਜਾਂ ਜਾਂ ਲੋਕਾਂ ਕੋਲ ਛੱਡ ਕੇ, ਉਨ੍ਹਾਂ ਨੇ ਰਾਸ਼ਟਰੀ ਸਰਕਾਰ ਦੀਆਂ ਤਿੰਨ ਸ਼ਾਖਾਵਾਂ—ਵਿਧਾਨਕ, ਕਾਰਜਕਾਰੀ ਅਤੇ ਨਿਆਂਇਕ—ਵਿਚਕਾਰ ਸ਼ਕਤੀਆਂ ਨੂੰ ਵੰਡਿਆ—ਫਿਰ ਉਨ੍ਹਾਂ ਸ਼ਕਤੀਆਂ ਨੂੰ ਹੋਰ ਸੀਮਤ ਕਰਨ ਲਈ ‘ਜਾਂਚ ਅਤੇ ਸੰਤੁਲਨ’ (checks and balances) ਦੀ ਇੱਕ ਲੜੀ ਤਿਆਰ ਕੀਤੀ। ਆਪਣੀਆਂ ਗਿਣੀਆਂ ਗਈਆਂ ਸ਼ਕਤੀਆਂ ਦੀਆਂ ਹੱਦਾਂ ਦੇ ਅੰਦਰ, ਉਦਾਹਰਣ




ਵਜੋਂ, ਕਾਂਗਰਸ ਕਾਨੂੰਨ ਬਣਾ ਸਕਦੀ ਹੈ; ਪਰ ਰਾਸ਼ਟਰਪਤੀ ਕੋਲ ਅਜਿਹੇ ਕਾਨੂੰਨ ਨੂੰ ਵੀਟੋ (veto) ਕਰਨ ਦੀ ਸ਼ਕਤੀ ਹੈ, ਜਿਸ ਨੂੰ ਕਾਂਗਰਸ ਫਿਰ ਸਿਰਫ਼ ਵੱਡੀ ਬਹੁਮਤ (supermajority) ਵੋਟ ਨਾਲ ਹੀ ਰੱਦ ਕਰ ਸਕਦੀ ਹੈ। ਇਸੇ ਤਰ੍ਹਾਂ, ਆਪਣੇ ਸਾਹਮਣੇ ਆਉਣ ਵਾਲੇ ਕੇਸਾਂ ਜਾਂ ਵਿਵਾਦਾਂ ਦਾ ਫੈਸਲਾ ਕਰਨ ਵਿੱਚ, ਅਦਾਲਤਾਂ ਇਹ ਯਕੀਨੀ ਬਣਾਉਣ ਲਈ ਹੋਰ ਦੋ ਸ਼ਾਖਾਵਾਂ ਦੀਆਂ ਕਾਰਵਾਈਆਂ ਦੀ ਸਮੀਖਿਆ ਕਰਕੇ ਨਿਆਂਇਕ ਸ਼ਕਤੀ ਦੀ ਵਰਤੋਂ ਕਰ ਸਕਦੀਆਂ ਹਨ ਕਿ ਉਹ ਸੰਵਿਧਾਨ ਦੁਆਰਾ ਲਗਾਈਆਂ ਗਈਆਂ ਸੀਮਾਵਾਂ ਤੋਂ ਅੱਗੇ ਨਾ ਜਾਣ। ਇਹ ਸ਼ਕਤੀ ਸਿਵਲ ਯੁੱਧ ਤੋਂ ਬਾਅਦ ਦੀਆਂ ਸੋਧਾਂ (Civil War Amendments) ਦੀ ਪ੍ਰਵਾਨਗੀ ਤੋਂ ਬਾਅਦ ਰਾਜ ਦੀਆਂ ਕਾਰਵਾਈਆਂ ਤੱਕ ਵੀ ਵਧਾਈ ਗਈ ਸੀ; ਪਰ ਰਾਸ਼ਟਰਪਤੀ ਅਤੇ ਕਾਂਗਰਸ ਇਹ ਤੈਅ ਕਰਦੇ ਹਨ ਕਿ ਸੰਘੀ ਅਦਾਲਤਾਂ ਵਿੱਚ ਕੌਣ ਬੈਠੇਗਾ। ਦੁਬਾਰਾ ਫਿਰ, 1791 ਵਿੱਚ ‘ਬਿੱਲ ਆਫ਼ ਰਾਈਟਸ’ ਨੂੰ ਜੋੜਿਆ ਗਿਆ, ਹੋਰ...

...ਵਧੇਰੇ ਸਾਵਧਾਨੀ ਲਈ; ਪਰ ਕਿਉਂਕਿ ਕੋਈ ਵੀ ਅਜਿਹਾ ਬਿੱਲ ਸਾਡੇ ਸਾਰੇ ਅਧਿਕਾਰਾਂ ਨੂੰ ਸੂਚੀਬੱਧ ਨਹੀਂ ਕਰ ਸਕਦਾ ਸੀ, ਇਸ ਲਈ ਨੌਵੀਂ ਸੋਧ (Ninth Amendment) ਕਹਿੰਦੀ ਹੈ: ‘ਸੰਵਿਧਾਨ ਵਿੱਚ ਕੁਝ ਅਧਿਕਾਰਾਂ ਦੀ ਗਿਣਤੀ ਦਾ ਅਰਥ ਇਹ ਨਹੀਂ ਲਿਆ ਜਾਵੇਗਾ ਕਿ ਲੋਕਾਂ ਕੋਲ ਬਾਕੀ ਅਧਿਕਾਰ ਨਹੀਂ ਹਨ ਜਾਂ ਉਨ੍ਹਾਂ ਨੂੰ ਘਟਾਇਆ ਗਿਆ ਹੈ।’ ਅਤੇ ਬੇਸ਼ੱਕ ਲੋਕਾਂ ਕੋਲ ਆਪਣੇ ਰਾਜਨੀਤਿਕ ਅਧਿਕਾਰੀਆਂ ਨੂੰ ਚੁਣਨ ਦੀ ਸ਼ਕਤੀ ਸੀ, ਜੋ ਕਿ ਜ਼ਿਆਦਾ ਸ਼ਕਤੀਸ਼ਾਲੀ ਸਰਕਾਰ ਦੇ ਵਿਰੁੱਧ ਇੱਕ ਅੰਤਿਮ ਰੋਕ (check) ਸੀ।

ਐਲਾਨਨਾਮਾ ਅਤੇ ਸੰਵਿਧਾਨ ਮਿਲ ਕੇ ਮਨੁੱਖਤਾ ਦੇ ਸਭ ਤੋਂ ਬੁਨਿਆਦੀ ਰਾਜਨੀਤਿਕ ਸਵਾਲਾਂ ਨੂੰ ਸੰਬੋਧਿਤ ਕਰਦੇ ਹਨ। ਇੱਕ ਮਜ਼ਬੂਤ ਨੈਤਿਕ ਨੀਂਹ ’ਤੇ ਟਿਕੇ ਹੋਏ, ਉਹ ਰਾਜਨੀਤਿਕ ਸੰਗਠਨ ਦੇ ਪਹਿਲੇ ਸਿਧਾਂਤਾਂ ਨੂੰ ਸਪੱਸ਼ਟ ਕਰਦੇ ਹਨ। ਇਸ ਤਰ੍ਹਾਂ, ਉਨ੍ਹਾਂ ਦਾ ਉਦੇਸ਼ ਸਿਰਫ਼ 18ਵੀਂ ਸਦੀ ਲਈ ਨਹੀਂ ਸੀ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੀ, ਜੋ ਉਨ੍ਹਾਂ ਹੀ ਬੁਨਿਆਦੀ ਸਵਾਲਾਂ ਦਾ ਸਾਹਮਣਾ ਕਰਨਗੀਆਂ, ਭਾਵੇਂ ਉਨ੍ਹਾਂ ਦੀਆਂ ਵਿਸ਼ੇਸ਼ ਸਥਿਤੀਆਂ ਕੁਝ ਵੀ ਹੋਣ, ਭਾਵੇਂ ਉਨ੍ਹਾਂ ਦੀ ਭੌਤਿਕ ਤਰੱਕੀ ਕਿਸੇ ਵੀ ਪੱਧਰ ’ਤੇ ਹੋਵੇ। ਕਿਉਂਕਿ ਜਿਨ੍ਹਾਂ ਸਿਧਾਂਤਾਂ ਨੂੰ ਬਾਨੀਆਂ ਨੇ ਸਪੱਸ਼ਟ ਕੀਤਾ, ਉਹ ਸਮੇਂ ਅਤੇ ਤਕਨਾਲੋਜੀ ਦੋਵਾਂ ਤੋਂ ਪਰੇ ਹਨ, ਉਹ 21ਵੀਂ ਸਦੀ ਵਿੱਚ ਵੀ ਸਾਡੀ ਮਦਦ ਕਰਨਗੇ, ਜੇਕਰ ਅਸੀਂ ਉਨ੍ਹਾਂ ਨੂੰ ਸਹੀ ਢੰਗ ਨਾਲ ਸਮਝੀਏ ਅਤੇ ਚੰਗੀ ਤਰ੍ਹਾਂ ਲਾਗੂ ਕਰੀਏ।

ਅੰਤ ਵਿੱਚ, ਹਾਲਾਂਕਿ, ਕੋਈ ਵੀ ਸੰਵਿਧਾਨ ਆਪਣੇ ਆਪ ਲਾਗੂ ਨਹੀਂ ਹੋ ਸਕਦਾ। ਸਰਕਾਰੀ ਅਧਿਕਾਰੀਆਂ ਨੂੰ ਸੰਵਿਧਾਨ ਨੂੰ ਬਰਕਰਾਰ ਰੱਖਣ ਲਈ ਆਪਣੀਆਂ ਸਹੁੰਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ; ਅਤੇ ਸਾਨੂੰ, ਲੋਕਾਂ ਨੂੰ, ਇਹ ਦੇਖਣ ਲਈ ਸੁਚੇਤ ਰਹਿਣਾ ਚਾਹੀਦਾ ਹੈ ਕਿ ਉਹ ਅਜਿਹਾ ਕਰਨ। ਬਾਨੀਆਂ ਨੇ ਸਰਕਾਰ ਦੀ ਇੱਕ ਅਸਾਧਾਰਣ ਤੌਰ ’ਤੇ ਵਿਚਾਰਸ਼ੀਲ ਯੋਜਨਾ ਤਿਆਰ ਕੀਤੀ ਸੀ, ਪਰ ਇਹ ਸਾਡੇ ’ਤੇ, ਹਰ ਪੀੜ੍ਹੀ ’ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸਨੂੰ ਆਪਣੇ ਲਈ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖੀਏ ਅਤੇ ਬਚਾਈਏ। ਕਿਉਂਕਿ ਸੰਵਿਧਾਨ ਉਦੋਂ ਹੀ ਜਿਉਂਦਾ ਰਹੇਗਾ ਜੇਕਰ ਇਹ ਅਮਰੀਕੀ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਜਿਉਂਦਾ ਹੈ। ਇਹ ਸ਼ਾਇਦ ‘ਵਿਵਸਥਿਤ ਆਜ਼ਾਦੀ’ (ordered liberty) ਦੇ ਸਾਡੇ ਪ੍ਰਯੋਗ ਦਾ ਸਭ ਤੋਂ ਸਥਾਈ ਸਬਕ ਹੈ।

## ਪੰਡਿਤ ਜਵਾਹਰ ਲਾਲ ਨਹਿਰੂ ਦੀ 62ਵੀਂ ਬਰਸੀ:

# ਪ੍ਰਯਾਗਰਾਜ ਵਿੱਚ ਕਾਂਗਰਸੀ ਵਰਕਰਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ






ਪ੍ਰਯਾਗਰਾਜ : ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ 62ਵੀਂ ਬਰਸੀ ਦੇ ਮੌਕੇ ’ਤੇ ਅੱਜ ਉਨ੍ਹਾਂ ਦੇ ਜਨਮ ਅਸਥਾਨ ਪ੍ਰਯਾਗਰਾਜ (ਇਲਾਹਾਬਾਦ) ਵਿਖੇ ਕਾਂਗਰਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਬੁੱਧਵਾਰ ਨੂੰ ਆਯੋਜਿਤ ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਹਿੱਸਾ ਲਿਆ।

ਸ਼ਰਧਾ ਦੇ ਫੁੱਲ ਭੇਟ: ਸਮਾਗਮ ਦੌਰਾਨ ਕਾਂਗਰਸੀ ਵਰਕਰਾਂ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਤਸਵੀਰ ਅਤੇ ਪ੍ਰਤਿਮਾ ’ਤੇ ਫੁੱਲ ਮਾਲਾਵਾਂ ਚੜ੍ਹਾ ਕੇ ਅਤੇ ਸ਼ਰਧਾ ਦੇ ਫੁੱਲ ਭੇਟ ਕਰਕੇ ਉਨ੍ਹਾਂ ਨੂੰ ਨਮਨ ਕੀਤਾ।

ਦੇਸ਼ ਨਿਰਮਾਣ ਵਿੱਚ ਯੋਗਦਾਨ ਨੂੰ ਕੀਤਾ ਯਾਦ: ਇਸ ਮੌਕੇ ਇਕੱਠੇ ਹੋਏ ਪਾਰਟੀ ਆਗੂਆਂ ਨੇ ਪੰਡਿਤ ਨਹਿਰੂ ਦੇ ਆਧੁਨਿਕ ਭਾਰਤ ਦੇ ਨਿਰਮਾਣ, ਲੋਕਤੰਤਰ ਦੀ ਮਜ਼ਬੂਤੀ ਅਤੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਪਾਏ ਗਏ ਇਤਿਹਾਸਕ ਯੋਗਦਾਨ ਨੂੰ ਯਾਦ ਕੀਤਾ। ਇਸ ਸ਼ਰਧਾਂਜਲੀ ਸਭਾ ਦੌਰਾਨ ਵਰਕਰਾਂ ਨੇ ਉਨ੍ਹਾਂ ਦੇ ਦੱਸੇ ਹੋਏ ਰਸਤੇ ਅਤੇ ਆਦਰਸ਼ਾਂ ’ਤੇ ਚੱਲਣ ਦਾ ਪ੍ਰਣ ਲਿਆ।




# ਲਖਨਊ ਵਿੱਚ ਪ੍ਰਦਰਸ਼ਨ: ਗਊ ਰੱਖਿਆ ਲਈ ਨਵੇਂ ਕਾਨੂੰਨ ਬਣਾਉਣ ਦੀ ਮੰਗ

## ਰਾਸ਼ਟਰੀ ਹਿੰਦੂ ਰੱਖਿਆ ਪਰਿਸ਼ਦ' ਨੇ ਹਜ਼ਰਤਗੰਜ ਵਿਖੇ ਦਿੱਤਾ ਧਰਨਾ












ਲਖਨਊ: ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਗਊ ਰੱਖਿਆ ਦੇ ਮੁੱਦੇ ਨੂੰ ਲੈ ਕੇ ਇੱਕ ਜ਼ੋਰਦਾਰ ਰੋਸ ਪ੍ਰਦਰਸ਼ਨ ਦੇਖਣ ਨੂੰ ਮਿਲਿਆ। 'ਰਾਸ਼ਟਰੀ ਹਿੰਦੂ ਰੱਖਿਆ ਪਰਿਸ਼ਦ' ਦੇ ਮੈਂਬਰਾਂ ਅਤੇ ਕਾਰਕੁਨਾਂ ਵੱਲੋਂ ਲਖਨਊ ਦੇ ਸਭ ਤੋਂ ਵਿਅਸਤ ਅਤੇ ਪ੍ਰਮੁੱਖ ਇਲਾਕੇ ਹਜ਼ਰਤਗੰਜ ਵਿਖੇ ਇਕੱਠੇ ਹੋ ਕੇ ਗਊ ਰੱਖਿਆ ਲਈ ਸਖ਼ਤ ਕਦਮ ਚੁੱਕਣ ਦੀ ਮੰਗ ਕੀਤੀ ਗਈ।

**ਗਾਂਧੀ ਪ੍ਰਤਿਮਾ ਦੇ ਸਾਹਮਣੇ ਦਿੱਤਾ ਧਰਨਾ**

ਪਰਿਸ਼ਦ ਦੇ ਮੈਂਬਰਾਂ ਨੇ ਹਜ਼ਰਤਗੰਜ ਸਥਿਤ 'ਗਾਂਧੀ ਪ੍ਰਤਿਮਾ' (ਮਹਾਤਮਾ ਗਾਂਧੀ ਦੇ ਬੁੱਤ) ਦੇ ਸਾਹਮਣੇ ਇਕੱਠੇ ਹੋ ਕੇ ਆਪਣਾ ਰੋਸ ਪ੍ਰਗਟਾਇਆ। ਉਨ੍ਹਾਂ ਦੀਆਂ ਮੁੱਖ ਮੰਗਾਂ ਹੇਠ ਲਿਖੇ ਅਨੁਸਾਰ ਸਨ:

**ਨਵੇਂ ਕਾਨੂੰਨਾਂ ਦੀ ਮੰਗ:** ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਹੈ ਕਿ ਦੇਸ਼ ਅਤੇ ਸੂਬੇ ਵਿੱਚ ਗਊਆਂ ਦੀ ਸੁਰੱਖਿਆ ਅਤੇ ਦੇਖਭਾਲ ਨੂੰ ਯਕੀਨੀ ਬਣਾਉਣ ਲਈ ਹੋਰ ਵਧੇਰੇ ਸਖ਼ਤ ਅਤੇ ਨਵੇਂ ਕਾਨੂੰਨ ਬਣਾਏ ਜਾਣ।

**ਜ਼ੋਰਦਾਰ ਨਾਅਰੇਬਾਜ਼ੀ:** ਧਰਨੇ 'ਤੇ ਬੈਠੇ ਸੰਗਠਨ ਦੇ ਮੈਂਬਰਾਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਗਊ ਰੱਖਿਆ ਦੇ ਹੱਕ ਵਿੱਚ ਅਤੇ ਪ੍ਰਸ਼ਾਸਨ ਦੇ ਨਾਂ ਨਾਅਰੇਬਾਜ਼ੀ ਕਰਦਿਆਂ ਇਸ ਮਾਮਲੇ 'ਤੇ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ।

ਇਸ ਪ੍ਰਦਰਸ਼ਨ ਦੇ ਮੱਦੇਨਜ਼ਰ ਹਜ਼ਰਤਗੰਜ ਇਲਾਕੇ ਵਿੱਚ ਸੁਰੱਖਿਆ ਦੇ ਲਿਹਾਜ਼ ਨਾਲ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਰਿਹਾ ਤਾਂ ਜੋ ਟਰੈਫਿਕ ਅਤੇ ਅਮਨ-ਕਾਨੂੰਨ ਦੀ ਸਥਿਤੀ ਪ੍ਰਭਾਵਿਤ ਨਾ ਹੋਵੇ।



# ਨਵੀਂ ਦਿੱਲੀ ਵਿੱਚ ਪ੍ਰਦਰਸ਼ਨ: ਹੈਰੀਟੇਜ ਸਾਈਟਾਂ ਦੇ ਇਨਸਾਫ਼ ਲਈ 'ਯੂਨਾਈਟਿਡ ਹਿੰਦੂ ਫਰੰਟ' ਨੇ ਖੋਲ੍ਹਿਆ ਮੋਰਚਾ!



ਦੇਸ਼ ਦੀਆਂ ਇਤਿਹਾਸਕ ਅਤੇ ਸੱਭਿਆਚਾਰਕ ਵਿਰਾਸਤੀ ਥਾਵਾਂ (Heritage Sites) ਦੀ ਸੁਰੱਖਿਆ ਅਤੇ ਨਿਆਂ ਦੀ ਮੰਗ ਨੂੰ ਲੈ ਕੇ ਰਾਜਧਾਨੀ ਦਿੱਲੀ ਵਿੱਚ ਇੱਕ ਅਹਿਮ ਪ੍ਰਦਰਸ਼ਨ ਦੇਖਣ ਨੂੰ ਮਿਲਿਆ। 'ਯੂਨਾਈਟਿਡ ਹਿੰਦੂ ਫਰੰਟ ਸੇਵਾ ਸੰਘਰਸ਼ ਸੁਰੱਖਿਆ' (United Hindu Front Seva Sangharsh Suraksha) ਦੇ ਬੈਨਰ ਹੇਠ ਐਤਵਾਰ ਨੂੰ ਨਵੀਂ ਦਿੱਲੀ ਦੇ ਨਵੀਨ ਸ਼ਾਹਦਰਾ ਇਲਾਕੇ ਵਿੱਚ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ।

**ਵਿਰਾਸਤੀ ਥਾਵਾਂ ਲਈ ਇਨਸਾਫ਼ ਦੀ ਮੰਗ**

ਪ੍ਰਦਰਸ਼ਨ ਦੌਰਾਨ ਜਥੇਬੰਦੀ ਦੇ ਆਗੂਆਂ ਅਤੇ ਕਾਰਕੁਨਾਂ ਨੇ ਇੱਕਠੇ ਹੋ ਕੇ ਹੈਰੀਟੇਜ ਸਾਈਟਾਂ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਦੀਆਂ ਮੁੱਖ ਮੰਗਾਂ ਇਸ ਤਰ੍ਹਾਂ ਸਨ:

**ਪੁਰਾਤਨ ਵਿਰਾਸਤ ਦੀ ਸੰਭਾਲ:** ਪ੍ਰਦਰਸ਼ਨਕਾਰੀਆਂ ਦਾ ਕਹਿਣਾ ਸੀ ਕਿ ਦੇਸ਼ ਦੀਆਂ ਇਤਿਹਾਸਕ ਅਤੇ ਧਾਰਮਿਕ ਵਿਰਾਸਤੀ ਥਾਵਾਂ ਦੇ ਅਸਲ ਸਰੂਪ ਅਤੇ ਇਤਿਹਾਸ ਨਾਲ ਕੋਈ ਛੇੜਛਾੜ ਨਹੀਂ ਹੋਣੀ ਚਾਹੀਦੀ ਅਤੇ ਉਨ੍ਹਾਂ ਨੂੰ ਬਣਦਾ ਨਿਆਂ ਮਿਲਣਾ ਚਾਹੀਦਾ ਹੈ।

**ਜ਼ੋਰਦਾਰ ਨਾਅਰੇਬਾਜ਼ੀ:** ਨਵੀਨ ਸ਼ਾਹਦਰਾ ਵਿਖੇ ਇਕੱਠੇ ਹੋਏ ਫਰੰਟ ਦੇ ਮੈਂਬਰਾਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ ਅਤੇ ਇਨ੍ਹਾਂ ਸਾਈਟਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ।

ਇਸ ਪ੍ਰਦਰਸ਼ਨ ਦੇ ਮੱਦੇਨਜ਼ਰ ਇਲਾਕੇ ਵਿੱਚ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ ਤਾਂ ਜੋ ਅਮਨ-ਕਾਨੂੰਨ ਦੀ ਸਥਿਤੀ ਬਣੀ ਰਹੇ।

# ਮੀਰਾ ਰੋਡ 'ਤੇ ਹਿੰਦੂ ਭਾਈਚਾਰੇ ਵੱਲੋਂ ਭਾਰੀ ਵਿਰੋਧ ਪ੍ਰਦਰਸ਼ਨ

## ਸੋਸਾਇਟੀ ਵਿੱਚ ਬੱਕਰੇ ਲਿਆਉਣ 'ਤੇ ਹੰਗਾਮਾ, ਪੁਲਿਸ ਤਾਇਨਾਤ!








ਮੁੰਬਈ : ਮੁੰਬਈ ਦੇ ਨਾਲ ਲੱਗਦੇ ਮੀਰਾ ਰੋਡ ਇਲਾਕੇ ਦੀ 'ਪੂਨਮ ਕਲੱਸਟਰ ਸੋਸਾਇਟੀ' ਵਿੱਚ ਈਦ-ਉਲ-ਅਜ਼ਹਾ (ਬਕਰੀਦ) ਦੇ ਤਿਉਹਾਰ ਤੋਂ ਪਹਿਲਾਂ ਮਾਹੌਲ ਬੇਹੱਦ ਤਣਾਅਪੂਰਨ ਹੋ ਗਿਆ। ਸੋਸਾਇਟੀ ਦੇ ਅੰਦਰ ਕੁਰਬਾਨੀ ਲਈ ਬੱਕਰੇ ਲਿਆਉਣ ਦੇ ਵਿਰੋਧ ਵਿੱਚ ਹਿੰਦੂ ਭਾਈਚਾਰੇ ਅਤੇ ਸਥਾਨਕ ਰਹਿਣ ਵਾਲੇ ਲੋਕਾਂ ਵੱਲੋਂ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤਾ ਗਿਆ, ਜਿਸ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਤਕਰਾਰ ਅਤੇ ਹੰਗਾਮਾ ਖੜ੍ਹਾ ਹੋ ਗਿਆ।

**ਸੋਸਾਇਟੀ ਦੇ ਅੰਦਰ ਬੱਕਰੇ ਰੱਖਣ 'ਤੇ ਵਿਵਾਦ :** ਮੰਗਲਵਾਰ ਨੂੰ ਹੋਏ ਇਸ ਹੰਗਾਮੇ ਦੇ ਮੁੱਖ ਤੱਥ ਇਸ ਤਰ੍ਹਾਂ ਹਨ:

ਰਿਹਾਇਸ਼ੀ ਇਲਾਕੇ ਵਿੱਚ ਵਿਰੋਧ: ਸੋਸਾਇਟੀ ਦੇ ਹਿੰਦੂ ਪਰਿਵਾਰਾਂ ਅਤੇ ਰਹਿਣ ਵਾਲੇ ਲੋਕਾਂ ਨੇ ਪਰਿਸਰ (Premises) ਦੇ ਅੰਦਰ ਬੱਕਰੇ ਲਿਆਉਣ ਅਤੇ ਰੱਖਣ 'ਤੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਦਾ ਕਹਿਣਾ ਸੀ ਕਿ ਰਿਹਾਇਸ਼ੀ ਸੋਸਾਇਟੀ ਦੇ ਅੰਦਰ ਅਜਿਹਾ ਕਰਨਾ ਨਿਯਮਾਂ ਦੇ ਖ਼ਿਲਾਫ਼ ਹੈ।

ਤਣਾਅ ਅਤੇ ਝੜਪਾਂ: ਇਸ ਗੱਲ ਨੂੰ ਲੈ ਕੇ ਸੋਸਾਇਟੀ ਦੇ ਅੰਦਰ ਹੀ ਦੋਵਾਂ ਪੱਖਾਂ ਦੇ ਲੋਕ ਆਹਮੋ-ਸਾਹਮਣੇ ਆ ਗਏ ਅਤੇ ਦੇਖਦੇ ਹੀ ਦੇਖਦੇ ਹਾਲਾਤ ਝੜਪਾਂ ਵਿੱਚ ਬਦਲ ਗਏ।

ਸੁਰੱਖਿਆ ਲਈ ਭਾਰੀ ਪੁਲਿਸ ਬਲ ਤਾਇਨਾਤ ਮਾਮਲੇ ਦੀ ਗੰਭੀਰਤਾ ਅਤੇ ਤਣਾਅ ਨੂੰ ਦੇਖਦਿਆਂ ਸਥਾਨਕ ਪੁਲਿਸ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆਇਆ:

ਪੁਲਿਸ ਦੀ ਮੁਸਤੈਦੀ: ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਅਤੇ ਕਿਸੇ ਵੀ ਤਰ੍ਹਾਂ ਦੀ ਹਿੰਸਾ ਨੂੰ ਰੋਕਣ ਲਈ ਮੌਕੇ 'ਤੇ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।

ਸਥਿਤੀ ਕੰਟਰੋਲ ਹੇਠ: ਪੁਲਿਸ ਦੇ ਸੀਨੀਅਰ ਅਧਿਕਾਰੀ ਮੌਕੇ 'ਤੇ ਮੌਜੂਦ ਹਨ ਅਤੇ ਦੋਵਾਂ ਧਿਰਾਂ ਨੂੰ ਸ਼ਾਂਤ ਕਰਵਾ ਕੇ ਮਾਮਲੇ ਨੂੰ ਸੁਲਝਾਉਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਖੇਤਰ ਵਿੱਚ ਅਮਨ-ਸ਼ਾਂਤੀ ਬਣੀ ਰਹੇ।

# ਨਵੀਂ ਦਿੱਲੀ ਵਿੱਚ ਤਾਮਿਲਨਾਡੂ ਦੇ ਮੁੱਖ ਮੰਤਰੀ ਵਿਜੇ ਦਾ ਸ਼ਾਨਦਾਰ ਸਵਾਗਤ

## ‘ਤਾਮਿਲਨਾਡੂ ਹਾਊਸ’ ਵਿਖੇ ਦਿੱਤਾ ਗਿਆ ‘ਗਾਰਡ ਆਫ਼ ਆਨਰ’






ਨਵੀਂ ਦਿੱਲੀ : ਤਾਮਿਲਨਾਡੂ ਦੇ ਮੁੱਖ ਮੰਤਰੀ ਸੀ. ਜੌਸਫ਼ ਵਿਜੇ ਦੇ ਰਾਜਧਾਨੀ ਦਿੱਲੀ ਪਹੁੰਚਣ ’ਤੇ ਉਨ੍ਹਾਂ ਦਾ ਬਹੁਤ ਹੀ ਸ਼ਾਨਦਾਰ ਅਤੇ ਰਸਮੀ ਸਵਾਗਤ ਕੀਤਾ ਗਿਆ। ਨਵੀਂ ਦਿੱਲੀ ਸਥਿਤ ‘ਤਾਮਿਲਨਾਡੂ ਹਾਊਸ’ ਵਿਖੇ ਮੁੱਖ ਮੰਤਰੀ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਸਵਾਗਤ ਸਮਾਗਮ ਦਾ ਆਯੋਜਨ ਕੀਤਾ ਗਿਆ।

**‘ਗਾਰਡ ਆਫ਼ ਆਨਰ’ ਦੀ ਸਲਾਮੀ:** ਤਾਮਿਲਨਾਡੂ ਹਾਊਸ ਪਰਿਸਰ ਵਿੱਚ ਮੁੱਖ ਮੰਤਰੀ ਸੀ. ਜੌਸਫ਼ ਵਿਜੇ ਨੂੰ ਸੁਰੱਖਿਆ ਬਲਾਂ ਵੱਲੋਂ ਵਿਸ਼ੇਸ਼ ‘ਗਾਰਡ ਆਫ਼ ਆਨਰ’ (Guard of Honour) ਪੇਸ਼ ਕੀਤਾ ਗਿਆ, ਜਿਸ ਦਾ ਮੁੱਖ ਮੰਤਰੀ ਨੇ ਸਲਾਮੀ ਦੇ ਕੇ ਰਸਮੀ ਤੌਰ ’ਤੇ ਸਵੀਕਾਰ ਕੀਤਾ।

**ਰਸਮੀ ਸਵਾਗਤ:** ਬੁੱਧਵਾਰ ਨੂੰ ਹੋਏ ਇਸ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕਈ ਸੀਨੀਅਰ ਅਧਿਕਾਰੀ ਅਤੇ ਪਤਵੰਤੇ ਸੱਜਣ ਮੌਜੂਦ ਸਨ, ਜਿਨ੍ਹਾਂ ਨੇ ਮੁੱਖ ਮੰਤਰੀ ਦਾ ਦਿੱਲੀ ਆਗਮਨ ’ਤੇ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ ਅਤੇ ਤਾਮਿਲਨਾਡੂ ਹਾਊਸ ਨੂੰ ਇਸ ਰਸਮੀ ਪ੍ਰੋਗਰਾਮ ਲਈ ਖ਼ਾਸ ਤੌਰ ’ਤੇ ਸਜਾਇਆ ਗਿਆ ਸੀ।

# ਤਾਮਿਲਨਾਡੂ ਦੇ ਮੁੱਖ ਮੰਤਰੀ ਵਿਜੈ ਵੱਲੋਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ

## ਸ੍ਰੀਲੰਕਾ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮਛੇਰਿਆਂ ਦੀ ਗ੍ਰਿਫ਼ਤਾਰੀ ਦੇ ਮੁੱਦੇ ’ਤੇ ਦਖਲ ਦੇਣ ਦੀ ਮੰਗ





ਨਵੀਂ ਦਿੱਲੀ : ਤਾਮਿਲਨਾਡੂ ਦੇ ਮੁੱਖ ਮੰਤਰੀ ਸੀ. ਜੋਸੇਫ਼ ਵਿਜੈ ਨੇ ਨਵੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਬੈਠਕ ਦੌਰਾਨ ਉਨ੍ਹਾਂ ਨੇ ਸੂਬੇ ਨਾਲ ਸਬੰਧਤ ਕਈ ਮਹੱਤਵਪੂਰਨ ਮੁੱਦਿਆਂ ’ਤੇ ਚਰਚਾ ਕੀਤੀ ਜਿਨ੍ਹਾਂ ਵਿੱਚ ਕਾਵੇਰੀ ਨਦੀ ’ਤੇ ਬਣਨ ਵਾਲਾ ਮੇਘਦੂਤ ਡੈਮ ਦਾ ਵਿਵਾਦ, ਤਾਮਿਲ ਮਛੇਰਿਆਂ ਦੀਆਂ ਗ੍ਰਿਫ਼ਤਾਰੀਆਂ ਅਤੇ ਰਾਜ ਦੇ ਸਰਕਾਰੀ ਗੀਤ ਨਾਲ ਜੁੜਿਆ ਮੁੱਦਾ ਪ੍ਰਮੁੱਖ ਰਿਹਾ। ਇਸੇ ਮਹੀਨੇ ਦੇ ਸ਼ੁਰੂ ਵਿੱਚ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਟੀ.ਵੀ.ਕੇ. (TVK) ਪ੍ਰਮੁੱਖ ਵਿਜੈ ਦਾ ਕੌਮੀ ਰਾਜਧਾਨੀ ਦਿੱਲੀ ਦਾ ਇਹ ਪਹਿਲੀ ਅਧਿਕਾਰਤ ਦੌਰਾ ਸੀ, ਜਿਸ ਕਾਰਨ ਇਸ ਮੁਲਾਕਾਤ ਨੂੰ ਸਿਆਸੀ ਹਲਕਿਆਂ ਵਿੱਚ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ।

ਮੁੱਖ ਮੰਤਰੀ ਵਿਜੈ ਨੇ ਕਾਵੇਰੀ ਨਦੀ ’ਤੇ ਮੇਘਦੂਤ ਡੈਮ ਪ੍ਰਾਜੈਕਟ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਨ ਦੇ ਕਰਨਾਟਕ ਸਰਕਾਰ ਦੇ ਫੈਸਲੇ ’ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਕਰਨਾਟਕ ਦਾ ਇਹ ਕਦਮ ਕਾਵੇਰੀ ਜਲ ਵਿਵਾਦ ਟ੍ਰਿਬਿਊਨਲ (CWDT) ਦੇ ਅੰਤਿਮ ਫੈਸਲੇ ਅਤੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਸਿੱਧੀ ਉਲੰਘਣਾ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਕਿ ਉਹ ਸ੍ਰੀਲੰਕਾ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਤਾਮਿਲਨਾਡੂ ਦੇ ਮਛੇਰਿਆਂ ਅਤੇ ਉਨ੍ਹਾਂ ਦੀਆਂ ਜ਼ਬਤ ਕੀਤੀਆਂ ਕਿਸ਼ਤੀਆਂ ਨੂੰ ਤੁਰੰਤ ਛੁਡਵਾਉਣ ਲਈ ਮਜ਼ਬੂਤ ਕਦਮ ਚੁੱਕਣ। ਉਨ੍ਹਾਂ ਨੇ ਕੇਂਦਰ ਸਰਕਾਰ ਕੋਲੋਂ ਇਹ ਵੀ ਮੰਗ ਕੀਤੀ ਕਿ ਸਰਕਾਰੀ ਪ੍ਰੋਗਰਾਮਾਂ ਦੀ ਸ਼ੁਰੂਆਤ ਵੇਲੇ ਤਾਮਿਲ ਰਾਜ ਗੀਤ ਗਾਉਣ ਦੀ ਇਜਾਜ਼ਤ ਦੇਣ ਲਈ ਸਪਸ਼ਟ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ।

## ਪਟਨਾ ਵਿੱਚ ਬਕਰੀਦ ਦੀਆਂ ਰੌਣਕਾਂ

# ਬੱਕਰਾ ਮੰਡੀ ’ਚ ਖ਼ਰੀਦਦਾਰਾਂ ਦੀ ਭਾਰੀ ਭੀੜ, ਸੜਕਾਂ ’ਤੇ ਲੱਗਿਆ ਜਾਮ !





ਈਦ-ਉਲ-ਅਜ਼ਹਾ (ਬਕਰੀਦ) ਦੇ ਪਵਿੱਤਰ ਤਿਉਹਾਰ ਨੂੰ ਲੈ ਕੇ ਬਿਹਾਰ ਦੀ ਰਾਜਧਾਨੀ ਪਟਨਾ ਦੇ ਮੁਸਲਿਮ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਤਿਉਹਾਰ ਦੇ ਸਬੰਧ ਵਿੱਚ ਮੰਗਲਵਾਰ ਨੂੰ ਪਟਨਾ ਦੀ ਪ੍ਰਸਿੱਧ ਬੱਕਰਾ ਮੰਡੀ ਵਿੱਚ ਖ਼ਰੀਦਦਾਰਾਂ ਦੀ ਜ਼ਬਰਦਸਤ ਭੀੜ ਉਮੜ ਪਈ, ਜਿੱਥੇ ਲੋਕ ਕੁਰਬਾਨੀ ਲਈ ਬੱਕਰੇ ਖ਼ਰੀਦਣ ਪਹੁੰਚ ਰਹੇ ਹਨ।

ਮੰਡੀ ਵਿੱਚ ਰੌਣਕ ਅਤੇ ਟਰੈਫਿਕ ਜਾਮ

ਤਿਉਹਾਰ ਦੇ ਨੇੜੇ ਆਉਣ ਕਾਰਨ ਮੰਡੀ ਵਿੱਚ ਹਲਚਲ ਬਹੁਤ ਜ਼ਿਆਦਾ ਵਧ ਗਈ ਹੈ। ਦੇਖਣ ਨੂੰ ਮਿਲ ਰਿਹਾ ਹੈ ਕਿ:

ਖ਼ਰੀਦਦਾਰਾਂ ਦੀ ਭੀੜ: ਦੇਰ ਸ਼ਾਮ ਤੱਕ ਲੋਕ ਆਪਣੇ ਬਜਟ ਅਤੇ ਪਸੰਦ ਮੁਤਾਬਕ ਬੱਕਰਿਆਂ ਦੀ ਖ਼ਰੀਦਦਾਰੀ ਕਰਨ ਲਈ ਮੰਡੀ ਵਿੱਚ ਡਟੇ ਹੋਏ ਹਨ।

ਵਾਹਨਾਂ ਦੀ ਲੰਮੀ ਕਤਾਰ: ਖ਼ਰੀਦਦਾਰਾਂ ਦੀ ਅਚਾਨਕ ਵਧੀ ਇਸ ਭੀੜ ਕਾਰਨ ਬੱਕਰਾ ਮੰਡੀ ਦੇ ਆਲੇ-ਦੁਆਲੇ ਦੇ ਇਲਾਕਿਆਂ ਅਤੇ ਮੁੱਖ ਸੜਕਾਂ ’ਤੇ ਗੱਡੀਆਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ, ਜਿਸ ਨਾਲ ਲੋਕਾਂ ਨੂੰ ਭਾਰੀ ਟਰੈਫਿਕ ਜਾਮ ਦਾ ਸਾਹਮਣਾ ਕਰਨਾ ਪਿਆ।

ਬਕਰੀਦ ਦੇ ਇਸ ਖ਼ਾਸ ਮੌਕੇ ’ਤੇ ਮੰਡੀ ਵਿੱਚ ਵੱਖ-ਵੱਖ ਨਸਲਾਂ ਦੇ ਬੱਕਰੇ ਲਿਆਂਦੇ ਗਏ ਹਨ, ਅਤੇ ਤਿਉਹਾਰ ਦੀ ਆਮਦ ਕਾਰਨ ਬਾਜ਼ਾਰ ਪੂਰੀ ਤਰ੍ਹਾਂ ਮਹਿਕ ਉੱਠਿਆ ਹੈ।

# ਸਥਾਨਕ ਸਰਕਾਰਾਂ ਦੀਆਂ ਚੋਣਾਂ ਲਈ 64 ਫ਼ੀਸਦੀ ਮਤਦਾਨ-ਕਈ ਥਾਈਂ ਹਿੰਸਕ ਝੜਪਾਂ

## 7554 ਉਮੀਦਵਾਰਾਂ ਦੀ ਕਿਸਮਤ ਮਤ ਪੇਟੀਆਂ 'ਚ ਬੰਦ 29 ਨੂੰ ਆਉਣਗੇ ਨਤੀਜੇ

- ਵੋਟਿੰਗ ਦੌਰਾਨ ਪਟਿਆਲਾ, ਬਰਨਾਲਾ, ਮਜੀਠਾ, ਬਟਾਲਾ, ਮੋਗਾ, ਖੰਨਾ ਤੇ ਫ਼ਰੀਦਕੋਟ ਸਮੇਤ ਕਈ ਥਾਈਂ ਹੰਗਾਮਾ
- ਮਜੀਠਾ 'ਚ ਬਿਕਰਮ ਸਿੰਘ ਮਜੀਠੀਆ ਤੇ ਐਸ.ਐਸ.ਪੀ. ਵਿਚਕਾਰ ਹੋਈ ਤਿੱਖੀ ਬਹਿਸ



ਚੰਡੀਗੜ੍ਹ : ਪੰਜਾਬ 'ਚ 8 ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 19 ਨਗਰ ਪੰਚਾਇਤਾਂ ਦੀਆਂ ਚੋਣਾਂ ਲਈ ਹੋਈ ਵੋਟਿੰਗ ਦੌਰਾਨ ਕਈ ਜ਼ਿਲ੍ਹਿਆਂ 'ਚ ਹਿੰਸਕ ਘਟਨਾਵਾਂ ਨੇ ਚੋਣ ਮਾਹੌਲ ਨੂੰ ਤਣਾਅਪੂਰਨ ਬਣਾ ਦਿੱਤਾ। ਵੱਖ-ਵੱਖ ਥਾਵਾਂ 'ਤੇ ਪੋਲਿੰਗ ਬੂਥਾਂ ਨੇੜੇ ਸੱਤਾ ਧਿਰ ਤੇ ਵਿਰੋਧੀ ਧਿਰਾਂ ਦੇ ਸਮਰਥਕਾਂ ਵਿਚਾਲੇ ਟਕਰਾਅ ਤੋਂ ਬਾਅਦ ਪਥਰਾਅ ਅਤੇ ਲਾਠੀਚਾਰਜ ਦੀਆਂ ਘਟਨਾਵਾਂ ਵੀ ਵਾਪਰੀਆਂ। ਸਮਾਣਾ, ਮਜੀਠਾ, ਬਟਾਲਾ, ਰਾਏਕੋਟ, ਖੰਨਾ, ਬਰਨਾਲਾ, ਮੋਗਾ ਅਤੇ ਫ਼ਰੀਦਕੋਟ ਸਮੇਤ ਕਈ ਇਲਾਕਿਆਂ 'ਚ ਹੰਗਾਮੇ ਦੀਆਂ ਰਿਪੋਰਟਾਂ ਸਾਹਮਣੇ ਆਈਆਂ। ਵੋਟਾਂ ਪਾਉਣ ਦਾ ਕੰਮ ਸਵੇਰੇ 8 ਵਜੇ ਸ਼ੁਰੂ ਹੋਣ ਬਾਅਦ ਲੋਕਾਂ 'ਚ ਵੋਟਾਂ ਪ੍ਰਤੀ ਰੁਝਾਨ ਘੱਟ ਦੇਖਣ ਨੂੰ ਮਿਲਿਆ, ਇਸ ਦੇ ਬਾਵਜੂਦ ਸ਼ਾਮ 5 ਵਜੇ ਤੱਕ ਚੋਣ ਪ੍ਰਕਿਰਿਆ ਮੁਕੰਮਲ ਹੋ ਗਈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ 8 ਨਗਰ ਨਿਗਮਾਂ-ਮੁਹਾਲੀ, ਬਠਿੰਡਾ, ਅਬੋਹਰ, ਬਰਨਾਲਾ, ਕਪੂਰਥਲਾ, ਮੋਗਾ, ਬਟਾਲਾ ਅਤੇ ਪਠਾਨਕੋਟ ਦੇ ਕੁੱਲ 396 ਵਾਰਡਾਂ 'ਚ ਹੋਈਆਂ ਚੋਣਾਂ ਦੌਰਾਨ ਵੋਟ ਫ਼ੀਸਦ 59.91 ਰਿਹਾ। 75 ਨਗਰ ਕੌਂਸਲਾਂ ਦੀਆਂ 1283 ਵਾਰਡਾਂ ਵਿਚ ਪਈਆਂ ਵੋਟਾਂ ਦਾ ਫ਼ੀਸਦ 65.06 ਅਤੇ 19 ਨਗਰ ਪੰਚਾਇਤਾਂ ਦੀਆਂ 218 ਵਾਰਡਾਂ ਲਈ ਹੋਈਆਂ ਚੋਣਾਂ ਦੌਰਾਨ 76.18 ਫ਼ੀਸਦੀ ਵੋਟਾਂ ਭੁਗਤੀਆਂ। ਇਸ ਨਾਲ ਸੂਬੇ ਭਰ 'ਚ ਕੁੱਲ 102 ਸਥਾਨਕ ਸਰਕਾਰਾਂ ਦੇ 1897 ਵਾਰਡਾਂ ਲਈ ਪਈਆਂ ਵੋਟਾਂ ਦਾ ਫ਼ੀਸਦ 63.94 ਰਿਹਾ। ਕੁੱਲ 35 ਲੱਖ ਵੋਟਰਾਂ 'ਚੋਂ, 22.38 ਲੱਖ ਨੇ ਵੋਟਾਂ ਪਾਈਆਂ। ਦੱਸ ਦਈਏ ਕਿ ਸੂਬੇ ਦੀਆਂ 102 ਸਥਾਨਕ ਸਰਕਾਰਾਂ ਦੇ 1897 ਵਾਰਡਾਂ ਲਈ ਹੋ ਰਹੀਆਂ ਚੋਣਾਂ 'ਚ ਕੁੱਲ 7554 ਉਮੀਦਵਾਰ ਮੈਦਾਨ 'ਚ ਸਨ। ਇਨ੍ਹਾਂ ਵਿਚ 8 ਨਗਰ ਨਿਗਮਾਂ ਦੇ 396 ਵਾਰਡਾਂ ਲਈ 1613, 75 ਨਗਰ ਕੌਂਸਲਾਂ ਦੇ 1283 ਵਾਰਡਾਂ ਲਈ 5141 ਤੇ 19 ਨਗਰ ਪੰਚਾਇਤਾਂ ਦੇ 218 ਵਾਰਡਾਂ ਲਈ 800 ਉਮੀਦਵਾਰ ਚੋਣਾਂ 'ਚ ਆਪਣੀ ਕਿਸਮਤ ਅਜ਼ਮਾ ਰਹੇ ਹਨ। ਜਿਸ ਦਾ ਫ਼ੈਸਲਾ 29 ਮਈ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਸਾਹਮਣੇ ਆਵੇਗਾ। ਕੁੱਲ 740 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਅਤੇ 275 ਅਤਿ-ਸੰਵੇਦਨਸ਼ੀਲ ਐਲਾਨਿਆ ਗਿਆ ਸੀ। ਲਗਭਗ 35,000 ਚੋਣ ਕਰਮਚਾਰੀ ਅਤੇ 32,000 ਪੁਲਿਸ ਕਰਮਚਾਰੀ ਚੋਣ ਡਿਊਟੀ 'ਤੇ ਤਾਇਨਾਤ ਸਨ। ਜਾਣਕਾਰੀ ਅਨੁਸਾਰ ਖੰਨਾ ਨਗਰ ਕੌਂਸਲ ਚੋਣਾਂ ਦੇ ਵਾਰਡ ਨੰਬਰ 15 'ਚ ਵੋਟਿੰਗ ਸ਼ੁਰੂ ਹੁੰਦੇ ਹੀ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਸਮਰਥਕਾਂ ਵਿਚਕਾਰ ਤਿੱਖੀ ਬਹਿਸ ਹੋਈ। ਸਥਿਤੀ ਗਰਮਾਉਣ 'ਤੇ ਪੁਲਿਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਹਾਲਾਤ ਕਾਬੂ 'ਚ ਕੀਤੇ। ਬਰਨਾਲਾ 'ਚ ਭਾਜਪਾ ਉਮੀਦਵਾਰ ਦੀਪਇੰਦਰ ਕੌਰ ਦੇ ਪਤੀ ਜਸਵੀਰ ਸਿੰਘ 'ਤੇ ਹਮਲੇ ਦੀ ਘਟਨਾ ਸਾਹਮਣੇ ਆਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੁਝ ਬਾਹਰੀ ਲੋਕ ਵਾਰਡ 'ਚ ਘੁੰਮ ਰਹੇ ਸਨ ਅਤੇ ਫਰਜ਼ੀ ਵੋਟਿੰਗ ਕਰ ਰਹੇ ਸਨ, ਜਿਸ ਦੀ ਸ਼ਿਕਾਇਤ ਪੁਲਿਸ ਨੂੰ ਦਿੱਤੀ ਗਈ ਸੀ। ਵਿਰੋਧ ਕਰਨ 'ਤੇ ਉਨ੍ਹਾਂ 'ਤੇ ਹਮਲਾ ਕੀਤਾ ਗਿਆ, ਜਿਸ ਦੌਰਾਨ ਪੱਗ ਉਤਾਰਨ ਅਤੇ ਤੇਜ਼ਧਾਰ ਹਥਿਆਰ ਨਾਲ ਸਿਰ 'ਤੇ ਵਾਰ ਕਰਨ ਦੇ ਵੀ ਦੋਸ਼ ਲਾਏ ਗਏ। ਲੁਧਿਆਣਾ ਦੇ ਰਾਏਕੋਟ 'ਚ ਕਾਂਗਰਸ ਉਮੀਦਵਾਰ ਦੇ ਹੱਥ-ਪੈਰ ਤੋੜ ਦਿੱਤੇ ਗਏ। ਲੁਧਿਆਣਾ ਦੇ ਜਗਰਾਉਂ ਤੋਂ 'ਆਪ' ਵਿਧਾਇਕ ਸਰਬਜੀਤ ਕੌਰ ਮਾਣੂਕੇ ਨਾਲ ਬਹਿਸ ਕਰਨ ਵਾਲੇ ਸੋਸ਼ਲ ਮੀਡੀਆ ਇਨਫ਼ਲੂਐਂਸਰ 'ਤੇ ਹਮਲਾ ਹੋਇਆ। ਇਸੇ ਦੌਰਾਨ ਸੰਗਰੂਰ 'ਚ ਪੁਲਿਸ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਾਬਕਾ ਓ.ਐਸ.ਡੀ. ਓਂਕਾਰ ਸਿੰਘ ਬਰਾੜ ਨੂੰ ਹਿਰਾਸਤ 'ਚ ਲੈ ਲਿਆ। ਉਹ ਕੁਝ ਸਮਾਂ ਪਹਿਲਾਂ ਹੀ 'ਆਪ' ਛੱਡ ਕੇ ਭਾਜਪਾ 'ਚ ਸ਼ਾਮਿਲ ਹੋਏ ਸਨ, ਉਮੀਦਵਾਰ ਨਾਲ ਹੋਈ ਮਾਰਕੁੱਟ ਤੋਂ ਬਾਅਦ ਉਸ ਨੂੰ ਮਿਲਣ ਜਾ ਰਹੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਪੁਲਿਸ ਨੇ ਧੂਰੀ 'ਚ ਹੀ ਰੋਕ ਲਿਆ। ਜਿਸ ਕਾਰਨ ਉਨ੍ਹਾਂ ਦੀ ਐਸ.ਐਸ.ਪੀ. ਨਾਲ ਤਿੱਖੀ ਬਹਿਸ ਵੀ ਹੋਈ। ਮੋਗਾ ਦੇ ਵਾਰਡ ਨੰਬਰ 41 'ਚ ਕਾਂਗਰਸ ਅਤੇ 'ਆਪ' ਦੇ ਸਮਰਥਕਾਂ ਵਿਚਕਾਰ ਬੂਥ ਦੇ ਬਾਹਰ ਖੜ੍ਹੇ ਹੋਣ ਨੂੰ ਲੈ ਕੇ ਝੜਪ ਹੋ ਗਈ, ਜੋ ਹੌਲੀ-ਹੌਲੀ ਤਣਾਅਪੂਰਨ ਮਾਹੌਲ 'ਚ ਬਦਲ ਗਈ। ਪੁਲਿਸ ਨੂੰ ਹਾਲਾਤ ਸੰਭਾਲਣ ਲਈ ਦਖ਼ਲ ਦੇਣਾ ਪਿਆ। ਫ਼ਰੀਦਕੋਟ 'ਚ ਵੀ 'ਆਪ' ਕਾਰਕੁੰਨਾਂ ਅਤੇ ਭਾਜਪਾ ਆਗੂਆਂ ਵਿਚਕਾਰ ਟਕਰਾਅ ਹੋਇਆ। 'ਆਪ' ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਭਾਜਪਾ ਆਗੂ ਸੰਨੀ ਬਰਾੜ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਲਗਾਉਂਦੇ ਹੋਏ ਸੜਕ 'ਤੇ ਘੇਰ ਲਿਆ। ਉਨ੍ਹਾਂ ਦਾਅਵਾ ਕੀਤਾ ਕਿ ਵੋਟਰਾਂ ਨੂੰ ਲਿਜਾਣ ਲਈ ਫ਼ੌਜ ਦੀ ਸਕੂਲ ਬੱਸ ਦੀ ਵਰਤੋਂ ਕੀਤੀ ਜਾ ਰਹੀ ਸੀ, ਜੋ ਨਿਯਮਾਂ ਦੀ ਉਲੰਘਣਾ ਹੈ। ਬਰਨਾਲਾ ਦੇ ਵਾਰਡ ਨੰਬਰ 33 'ਚ ਫਰਜ਼ੀ ਵੋਟਿੰਗ ਨੂੰ ਲੈ ਕੇ ਵੀ ਹੰਗਾਮਾ ਹੋਇਆ, ਜਿਥੇ 'ਆਪ' ਅਤੇ ਇਕ ਆਜ਼ਾਦ ਉਮੀਦਵਾਰ ਦੇ ਸਮਰਥਕ ਆਹਮੋ-ਸਾਹਮਣੇ ਆ ਗਏ। ਸਥਿਤੀ ਨੂੰ ਕਾਬੂ ਕਰਨ ਲਈ ਭਾਰੀ ਪੁਲਿਸ ਫੋਰਸ ਤਾਇਨਾਤ ਕਰਨੀ ਪਈ। ਅੰਮ੍ਰਿਤਸਰ ਦੇ ਮਜੀਠਾ ਇਲਾਕੇ 'ਚ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਐਸ.ਐਸ.ਪੀ. ਸੁਹੈਲ ਕਾਸਿਮ ਮੀਰ ਵਿਚਕਾਰ ਤਿੱਖੀ ਬਹਿਸ ਹੋਣ ਦੀ ਖ਼ਬਰ ਸਾਹਮਣੇ ਆਉਣ ਬਾਅਦ ਇਲਾਕੇ 'ਚ ਸਿਆਸੀ ਤਣਾਅ ਵਧ ਗਿਆ। ਮਜੀਠੀਆ ਵਲੋਂ ਦੋਸ਼ ਲਗਾਇਆ ਗਿਆ ਕਿ 'ਆਪ' ਦੇ ਸਮਰਥਕਾਂ ਨੇ ਪੁਲਿਸ ਦੀ ਮੌਜੂਦਗੀ 'ਚ ਇਕ ਸਿੱਖ ਨੌਜਵਾਨ ਦੀ ਪੱਗ ਜਬਰਨ ਉਤਾਰ ਦਿੱਤੀ ਅਤੇ ਉਸ ਨਾਲ ਹਿੰਸਕ ਵਿਵਹਾਰ ਕੀਤਾ ਗਿਆ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਨੌਜਵਾਨ ਦੇ ਸਿਰ 'ਤੇ ਵਾਰ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਮਜੀਠਾ 'ਚ ਕਾਨੂੰਨ ਦਾ ਰਾਜ ਨਹੀਂ ਰਹਿ ਗਿਆ ਅਤੇ ਇਥੇ ਹਾਲਾਤ ਗੁੰਡਾਗਰਦੀ ਵਾਲੇ ਬਣਦੇ ਜਾ ਰਹੇ ਹਨ। ਮਜੀਠੀਆ ਨੇ ਇਹ ਵੀ ਦੋਸ਼ ਲਗਾਇਆ ਕਿ ਪ੍ਰਸ਼ਾਸਨਿਕ ਅਧਿਕਾਰੀ ਸਿਆਸੀ ਦਬਾਅ ਹੇਠ ਕੰਮ ਕਰ ਰਹੇ ਹਨ। ਉੱਧਰ ਫ਼ਿਰੋਜ਼ਪੁਰ ਜ਼ਿਲ੍ਹੇ ਅਧੀਨ ਆਉਂਦੇ ਮੁੱਦਕੀ ਨਗਰ ਪੰਚਾਇਤ ਦੇ 13 ਵਾਰਡਾਂ ਲਈ ਸਰਬਸੰਮਤੀ ਨਾਲ ਮੈਂਬਰ ਚੁਣ ਲਏ ਗਏ। ਜਿਸ ਕਾਰਨ ਇਥੇ ਚੋਣਾਂ ਕਰਵਾਉਣ ਦੀ ਲੋੜ ਹੀ ਨਹੀਂ ਪਈ। ਚੋਣ ਕਮਿਸ਼ਨ ਅਤੇ ਪ੍ਰਸ਼ਾਸਨ ਵਲੋਂ ਕਿਹਾ ਗਿਆ ਹੈ ਕਿ ਜਿਥੇ ਵੀ ਗੜਬੜ ਜਾਂ ਹਿੰਸਾ ਦੇ ਮਾਮਲੇ ਸਾਹਮਣੇ ਆਏ ਹਨ, ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕੁੱਲ ਮਿਲਾ ਕੇ ਤਣਾਅ ਅਤੇ ਹਿੰਸਾ ਦੇ ਬਾਵਜੂਦ ਚੋਣ ਪ੍ਰਕਿਰਿਆ ਜਾਰੀ ਰਹੀ ਤੇ ਸ਼ਾਮ ਤੱਕ ਵੋਟਿੰਗ ਪ੍ਰਕਿਰਿਆ ਮੁਕੰਮਲ ਹੋ ਗਈ।

## ਅਬੋਹਰ 'ਚ ਚੋਣਾਂ ਦੌਰਾਨ ਦੋ ਥਾਵਾਂ 'ਤੇ ਹਿੰਸਕ ਝੜਪਾਂ, ਪੰਜ ਜ਼ਖ਼ਮੀ



ਅਬੋਹਰ : ਅਬੋਹਰ ਨਗਰ ਨਿਗਮ ਚੋਣਾਂ ਦੌਰਾਨ ਅੱਜ ਦੋ ਵੱਖ-ਵੱਖ ਥਾਵਾਂ 'ਤੇ ਹਿੰਸਾ ਦੀਆਂ ਘਟਨਾਵਾਂ ਸਾਹਮਣੇ ਆਈਆਂ। ਨਿਊ ਸ਼ਾਕਿਆ ਨਗਰ ਦੇ ਬੂਥ ਨੰਬਰ 30 'ਤੇ ਕਥਿਤ ਜਾਅਲੀ ਵੋਟਿੰਗ ਨੂੰ ਲੈ ਕੇ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦੇ ਸਮਰਥਕ ਆਪਸ ਵਿੱਚ ਭਿੜ ਗਏ। ਦੋਵਾਂ ਧਿਰਾਂ ਵਿਚਕਾਰ ਇੱਟਾਂ-ਪੱਥਰ ਚੱਲੇ, ਜਿਸ ਕਾਰਨ ਇੱਕ ਔਰਤ ਸਮੇਤ ਪੰਜ ਲੋਕ ਜ਼ਖਮੀ ਹੋ ਗਏ।

ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਕਰਮਚੰਦ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਰੈਫਰ ਕਰ ਦਿੱਤਾ ਗਿਆ। ਅਕਾਲੀ ਦਲ ਆਗੂਆਂ ਨੇ 'ਆਪ' ਵਰਕਰਾਂ 'ਤੇ ਧੱਕੇਸ਼ਾਹੀ ਦੇ ਦੋਸ਼ ਲਗਾਏ ਹਨ। ਦੂਜੇ ਪਾਸੇ 'ਆਪ' ਦੇ ਦੋ ਮੈਂਬਰ ਵੀ ਝਗੜੇ ਵਿੱਚ ਜ਼ਖਮੀ ਹੋਏ ਹਨ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਹਾਲਾਤ ਕਾਬੂ ਕੀਤੇ। ਇਸੇ ਦੌਰਾਨ ਵਾਰਡ ਨੰਬਰ 45 ਵਿੱਚ ਫਲ ਵਪਾਰੀ ਰਾਕੇਸ਼ ਸੇਤੀਆ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ। ਹਮਲੇ ਵਿੱਚ ਉਹ ਗੰਭੀਰ ਜ਼ਖਮੀ ਹੋ ਗਿਆ ਅਤੇ ਸਿਰ ਵਿੱਚ ਡੂੰਘੀਆਂ ਸੱਟਾਂ ਲੱਗਣ ਕਾਰਨ ਉਸ ਨੂੰ ਫਰੀਦਕੋਟ ਰੈਫਰ ਕੀਤਾ ਗਿਆ। ਰਾਕੇਸ਼ ਨੇ ਰੰਜਿਸ਼ ਕਾਰਨ ਦਰਜਨ ਵਿਅਕਤੀਆਂ 'ਤੇ ਹਮਲੇ ਦੇ ਦੋਸ਼ ਲਗਾਏ ਹਨ। ਘਟਨਾ ਸੀ ਸੀ ਟੀ ਵੀ ਵਿੱਚ ਕੈਦ ਹੋ ਗਈ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਦੋ ਜਣਿਆਂ ਨੂੰ ਹਿਰਾਸਤ ਵਿੱਚ ਲੈ ਲਿਆ, ਜਦਕਿ ਗੁੱਸੇ ਵਿੱਚ ਆਏ ਲੋਕਾਂ ਨੇ 'ਆਪ' ਦੇ ਟੈਂਟ ਦੀ ਭੰਨਤੋੜ ਵੀ ਕੀਤੀ।

## ਮਜੀਠਾ ਤੇ ਰਮਦਾਸ ਵਿੱਚ ਮੱਤਦਾਨ ਦੌਰਾਨ ਝੜਪਾਂ 'ਚ ਇਕ ਜ਼ਖ਼ਮੀ



ਮਜੀਠਾ : ਨਗਰ ਕੌਂਸਲ ਮਜੀਠਾ ਦੀ ਹੋਈ ਚੋਣ ਵਿੱਚ ਸਾਰਾ ਦਿਨ ਮਾਹੌਲ ਤਣਾਅਪੂਰਨ ਰਿਹਾ ਅਤੇ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਵਿਚਕਾਰ ਝਗੜੇ ਦੌਰਾਨ ਇਕ ਅਕਾਲੀ ਵਰਕਰ ਦੇ ਸਿਰ ਵਿਚ ਸੱਟ ਲੱਗਣ ਨਾਲ ਉਹ ਜ਼ਖ਼ਮੀ ਹੋ ਗਿਆ। ਵੋਟਾਂ ਪੈਣ ਦਾ ਕੰਮ ਸ਼ਾਂਤੀਪੂਰਵਕ ਢੰਗ ਨਾਲ ਸ਼ੁਰੂ ਹੋਇਆ ਅਤੇ ਦੁਪਹਿਰ ਜਦੋਂ ਬਿਕਰਮ ਮਜੀਠੀਆ ਆਪਣੀ ਪਤਨੀ ਅਤੇ ਹਲਕਾ ਵਿਧਾਇਕਾ ਗਨੀਵ ਕੌਰ ਨਾਲ ਜਦੋਂ ਵੋਟ ਪਾਉਣ ਆਏ ਤਾਂ ਆਮ ਆਦਮੀ ਪਾਰਟੀ ਦੇ ਵਰਕਰਾਂ ਵਲੋਂ ਉਨ੍ਹਾਂ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ ਅਤੇ ਫਿਰ ਅਕਾਲੀ ਦਲ ਦੇ ਵਰਕਰਾਂ ਵਲੋਂ ਵੀ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਗਈ। ਇਸ ਮੌਕੇ ਹਾਲਾਤ ਵਿਗੜਦਿਆਂ ਵੇਖ ਪੁਲੀਸ ਨੇ ਹਰਕਤ ਵਿੱਚ ਆਉਂਦਿਆਂ ਦੋਹਾਂ ਧਿਰਾਂ ਨੂੰ ਸ਼ਾਂਤ ਕਰ ਦਿੱਤਾ। ਫਿਰ ਦੁਪਹਿਰ ਤੋਂ ਬਾਅਦ ਮਜੀਠਾ ਦੇ ਪੁਰਾਣੇ ਬੱਸ ਅੱਡੇ ਨੇੜੇ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿਚਕਾਰ ਝੜਪ ਹੋ ਗਈ ਜਿਸ ਵਿਚ ਇਕ ਅਕਾਲੀ ਵਰਕਰ ਦੇ ਸਿਰ ਵਿਚ ਸੱਟ ਲੱਗਣ ਕਾਰਨ ਉਹ ਜ਼ਖ਼ਮੀ ਹੋ ਗਿਆ। ਇਹ ਘਟਨਾ ਦਾ ਪਤਾ ਲੱਗਦਿਆਂ ਹੀ ਬਿਕਰਮ ਮਜੀਠੀਆ ਆਪਣੇ ਸਾਥੀਆਂ ਸਮੇਤ ਉਥੇ ਪਹੁੰਚ ਗਏ ਅਤੇ ਥਾਣੇ ਰਿਪੋਰਟ ਦਰਜ ਕਰਵਾਉਣ ਜਦੋਂ ਪਹੁੰਚੇ ਤਾਂ ਉਥੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੀ ਉਥੇ ਪਹੁੰਚ ਗਏ। ਫਿਰ ਦੋਹਾਂ ਦੇ ਸਮਰਥਕਾਂ ਵਿਚਕਾਰ ਨਾਅਰੇਬਾਜ਼ੀ ਹੋਈ। ਮਜੀਠੀਆ ਵਲੋਂ ਪੁਲੀਸ ਨੂੰ ਕਾਰਵਾਈ ਕਰਨ ਲਈ ਕਿਹਾ ਗਿਆ। ਦੂਜੇ ਪਾਸੇ ਰਮਦਾਸ ਨਗਰ ਕੌਂਸਲ ਦੀ ਚੋਣ ਦੌਰਾਨ ਵੀ ਨਿੱਕਾ ਦੁੱਕਾ ਤਕਰਾਰ ਹੋਏ। ਰਮਦਾਸ ਨਗਰ ਕੌਂਸਲ ਚੋਣ ਦੌਰਾਨ 11 ਨੰਬਰ ਵਾਰਡ ਵਿਚ ਸਰਕਾਰੀ ਸਕੂਲ ਦੇ ਬਾਹਰ ਭਾਰੀ ਹੰਗਾਮਾ ਹੋਇਆ ਹੈ। ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਭਾਜਪਾ ਦੇ ਆਗੂ ਤੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਤੇ ਅਕਾਲੀ ਦਲ ਦੇ ਜੋਧ ਸਿੰਘ ਸਮਰਾ ਨੇ ਦੋਸ਼ ਲਾਇਆ ਕਿ ਇਸ ਬੂਥ ਅੰਦਰ ਆਮ ਆਦਮੀ ਪਾਰਟੀ ਵਲੋਂ ਜਾਅਲੀ ਵੋਟਾਂ ਭੁਗਤਾਈਆਂ ਜਾ ਰਹੀਆਂ ਹਨ। ਉਕਤ ਸਾਰੇ ਆਗੂ ਸਕੂਲ ਦੇ ਬੂਥ ਦੇ ਬਾਹਰ ਪਹੁੰਚੇ ਤਾਂ ਪੁਲੀਸ ਵਲੋਂ ਰੋਕੇ ਜਾਣ 'ਤੇ ਹਲਕੀ ਧੱਕਾ-ਮੁੱਕੀ ਵੀ ਹੋਈ। ਹਰਪ੍ਰਤਾਪ ਅਜਨਾਲਾ ਨੇ ਕਿਹਾ ਕਿ ਪੁਲੀਸ ਸ਼ਰੇਆਮ 'ਆਪ' ਦੀ ਏਜੰਟ ਬਣੀ ਹੋਈ ਹੈ ਅਤੇ ਉਨ੍ਹਾਂ ਦੀ ਮਦਦ ਕਰ ਰਹੀ ਹੈ। ਇਸ ਸਬੰਧੀ ਹਾਲਾਤ ਵਿਗੜਦਿਆਂ ਵੇਖ ਐੱਸ ਡੀ ਐੱਮ ਅਜਨਾਲਾ ਮੌਕੇ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਤਿੰਨ ਵੋਟਾਂ ਦੂਸਰੀ ਵਾਰਡ ਤੋਂ ਬਦਲਕੇ ਇਸ ਵਿਚ ਆਈਆਂ ਸਨ ਅਤੇ ਉਹ ਗਲਤ ਨਹੀਂ ਸਨ। ਉਨ੍ਹਾਂ ਕਿਹਾ ਕਿ ਪੋਲਿੰਗ ਏਜੰਟਾਂ ਨੂੰ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ। ਗੁੱਸੇ ਵਿੱਚ ਲੋਕਾਂ ਵਲੋਂ ਪੁਲੀਸ ਵਿਰੁੱਧ ਭਾਰੀ ਨਾਅਰੇਬਾਜ਼ੀ ਕੀਤੀ ਗਈ।

ਉਧਰ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕਿਸੇ ਪ੍ਰਕਾਰ ਦੀ ਕੋਈ ਗੜਬੜੀ ਨਹੀਂ ਹੋ ਰਹੀ ਅਤੇ ਵਿਰੋਧੀ ਆਪਣੀ ਹਾਰ ਨੂੰ ਵੇਖਕੇ ਬੁਖਲਾਹਟ ਵਿੱਚ ਆ ਗਏ ਹਨ ਅਤੇ ਹੁਣ ਬਹਾਨੇ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਰਮਦਾਸ ਦੇ ਲੋਕਾਂ ਨੇ ਮੂੰਹ ਨਹੀਂ ਲਾਇਆ ਇਸ ਕਰ ਕੇ ਇਹ ਰੌਲਾ ਪਾ ਕੇ ਮਹੌਲ ਖਰਾਬ ਕਰਨਾ ਚਾਹੁੰਦੇ ਹਨ।

# ‘ਆਪ’ ਤੇ ਅਕਾਲੀ ਵਰਕਰਾਂ ਵਿਚਾਲੇ ਹੱਥੋਪਾਈ

## ਗਲੀਆਂ ਤੇ ਬਾਜ਼ਾਰਾਂ ’ਚ ਵੀ ਹੋਈ ਖਿੱਚਧੂਹ; ਪੁਲਿਸ ਨੇ ਮਾਮਲਾ ਸ਼ਾਂਤ ਕਰਵਾਇਆ



ਸ੍ਰੀ ਮੁਕਤਸਰ ਸਾਹਿਬ : ਇੱਥੋਂ ਦੀਆਂ ਨਗਰ ਕੌਂਸਲ ਚੋਣਾਂ ਦੌਰਾਨ ਉਸ ਵੇਲੇ ਮਾਹੌਲ ਤਣਾਅਪੂਰਨ ਹੋ ਗਿਆ ਜਦੋਂ ਵਾਰਡ ਨੰਬਰ 18 ਅਤੇ 19 ਦੇ ਪੋਲਿੰਗ ਬੂਥਾਂ ’ਤੇ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਅਤੇ ਸ਼ ?ਰੋਮਣੀ ਅਕਾਲੀ ਦਲ ਦੇ ਵਰਕਰ ਆਪਸ ਵਿੱਚ ਭਿੜ ਗਏ। ਦੋਵਾਂ ਧਿਰਾਂ ਦੇ ਸਮਰਥਕਾਂ ਵਿਚਾਲੇ ਹੋਈ ਝੜਪ ਦੌਰਾਨ ਲੱਤਾਂ ਤੇ ਘਸੁੰਨ ਚੱਲੇ, ਜਿਸ ਕਾਰਨ ਪੋਲਿੰਗ ਬੂਥ ’ਤੇ ਅਫ਼ਰਾ-ਤਫ਼ਰੀ ਮਚ ਗਈ।

ਪ੍ਰਤੱਖਦਰਸ਼ੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਵਿਵਾਦ ਇੰਨਾ ਵਧ ਗਿਆ ਕਿ ਅਕਾਲੀ ਆਗੂਆਂ ਨੂੰ ਗਲੀਆਂ- ਬਾਜ਼ਾਰਾਂ ਵਿੱਚ ਭਜਾਇਆ ਗਿਆ। ਦੋਵਾਂ ਪਾਰਟੀਆਂ ਦੇ ਵਰਕਰਾਂ ਨੇ ਇੱਕ-ਦੂਜੇ ’ਤੇ ਬਾਹਰੋਂ ਲੋਕਾਂ ਨੂੰ ਲਿਆ ਕੇ ਚੋਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਅਤੇ ਵੋਟਿੰਗ ਵਿੱਚ ਖਲਲ ਪਾਉਣ ਦੇ ਗੰਭੀਰ ਦੋਸ਼ ਲਗਾਏ। ਦੱਸਿਆ ਜਾ ਰਿਹਾ ਹੈ ਕਿ ਇਸੇ ਹੰਗਾਮੇ ਦੌਰਾਨ ਹਲਕਾ ਵਿਧਾਇਕ ਡਿੰਪੀ ਢਿੱਲੋਂ ਦੇ ਪੀਏ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਅਕਾਲੀ ਆਗੂ ਚਰਨਜੀਤ ਸਿੰਘ ਭੂੰਦੜ ਅਤੇ ਹੋਰ ਵਰਕਰਾਂ ਨਾਲ ਕਥਿਤ ਤੌਰ ’ਤੇ ਕੁੱਟਮਾਰ ਕੀਤੀ ਗਈ। ਦੂਜੇ ਪਾਸੇ, ‘ਆਪ’ ਵਰਕਰਾਂ ਨੇ ਵੀ ਅਕਾਲੀ ਦਲ ਦੇ ਸਮਰਥਕਾਂ ’ਤੇ ਪਹਿਲਾਂ ਹਮਲਾ ਕਰਨ ਦੇ ਦੋਸ਼ ਲਗਾਏ ਹਨ।

ਇਸ ਹੰਗਾਮੇ ਕਾਰਨ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਆਏ ਆਮ ਲੋਕਾਂ ਵਿੱਚ ਭਾਜੜ ਮਚ ਗਈ। ਖ਼ਾਸ ਕਰਕੇ ਮਹਿਲਾਵਾਂ ਅਤੇ ਬਜ਼ੁਰਗ ਵੋਟਰਾਂ ਵਿੱਚ ਡਰ ਦਾ ਮਾਹੌਲ ਦੇਖਿਆ ਗਿਆ। ਇਸ ਘਟਨਾ ਨੇ ਚੋਣਾਂ ਦੌਰਾਨ ਪ੍ਰਸ਼ਾਸਨ ਵੱਲੋਂ ਕੀਤੇ ਗਏ ਸੁਰੱਖਿਆ ਪ੍ਰਬੰਧਾਂ ’ਤੇ ਵੀ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਵਿਰੋਧੀ ਧਿਰਾਂ ਨੇ ਦੋਸ਼ ਲਗਾਇਆ ਹੈ ਕਿ ਸਥਾਨਕ ਪ੍ਰਸ਼ਾਸਨ ਅਤੇ ਪੁਲੀਸ ਨਿਰਪੱਖ ਤੇ ਅਮਨ-ਅਮਾਨ ਨਾਲ ਚੋਣਾਂ ਕਰਵਾਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਸਿੱਧ ਹੋਏ ਹਨ।

ਗਿੱਦੜਬਾਲ ਦੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਭਰਾ ਸੰਨੀ ਢਿੱਲੋਂ ਨੇ ਕਿਹਾ ਕਿ ਲੰਬੀ ਅਤੇ ਮਲੋਟ ਹਲਕੇ ਦੇ ਪਿੰਡਾਂ ਤੋਂ ਵੱਡੀ ਗਿਣਤੀ ’ਚ ਅਕਾਲੀ ਵਰਕਰ ਅਤੇ ਅਕਾਲੀ ਆਗੂ ਗਿੱਦੜਬਾਹਾ ਵਿੱਚ ਆ ਕੇ ਵੋਟਰਾਂ ਨੂੰ ਪ੍ਰਭਾਵਿਤ ਕਰ ਰਹੇ ਸਨ ਜਿਸ ਕਰਕੇ ਕਹਾ ਸੁਣੀ ਹੋਈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਬਾਹਰੀ ਕਿਸੇ ਬਾਹਰੀ ਵਿਅਕਤੀ ਨੂੰ ਗਿੱਦੜਬਾਹਾ ਚੋਣਾਂ ਵਿੱਚ ਦਖਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇ।



GRESSIONAL RECORD — Extensions of Remarts August 7, 1998

ata Party (BJP) in 1997. It is
lle the Khalistani delegation was
news broks that Rajiv Singh
kidnaps who identified the police
gh Khaira, wiuman rights achivst
. A few days later. Japal beled
worked with Mr. Khaira on his ra-
g the mass cremations of Sikhs
n Government, was also arreated
charge, Shortly after that, his law-
ingh Rajput, was picked up on the
charge.
9–15, 1998 issue of Awaze Qaum
hat the police picked up Kashmira
he village of Khudial Kalan on the
at they were investigating a theft.
n tortured Kashmira Singh for 15
y rolled logs over his legs until he
alk. They submarged him in a tub of
hey siashed his tnighs with razor
and stuffed hot peppers into his
Then the police claimed that
vino I understand are also being sub-
torture. How can a country that sys-
lly violates basic human rights like this
democratic?

ear from these events thars that is no
Sikhs or other mintitis said, "police
rders. As Dr. Aulaitentions, forced ais-
including illegal defenpe, and murder
tertuce they have continued
this wftereabouts of
ined and

people whose efforts have helped to develop
thent is more a result of their efforts than
my own.
The human-rights situation in Punjab.
Khalistan remains as bad as it ever was. The
remnoved journalist and writer Kushwantt
approved grhb youed and shooting them iy
the head without bothering with the courts.
he stated, and I quote. "I supported the pa-
lice to its extra-judicial killings."
Former Speaker of the Indian Perliament
Balram Jakhar said, "If we have to kill a
million Sikhs to preserve India's territorial
integrity, so be it." In an interview broad-
cast by NPR on August 11, 1997, Narinder
Singh, identified as a spokesman for the
Golden Temple, said that "The Indian gov-
ernment all the time they boast that they're
democratic, they're secular, but they have
nothing to do with a democrary, they have
nothing to do with a secularism. They try to
crush Sikhs just to please the majority."
On May 12, the chartman of India's Na-
tional Human Rights Commission reported
that the NHRC had recerved 30,000 cases to
the last few months. This tells us the mag-
nitude of human-rights violations in India
because only a small fraction of cases are re-
porred due to intimidation by the police,
poverty, and iiliteracy.
What terriffies the Sikh community about
this anery, be it BJP or Congress, angett a
monnurity community such as Muslims, Chris-
cianns, or Sikhs, they win elections.

-"As recorded by Hon. Dan Burton in the US Congressional Record (Extensions of Remarks), August 7, 1998, Page E1596"

7 ਅਗਸਤ 1998 ਦੇ ਅਮਰੀਕੀ ਕਾਂਗਰਸ ਦੇ ਇੱਕ ਅਧਿਕਾਰਤ ਰਿਕਾਰਡ (Congressional Record) ਵਿੱਚ ਦਰਜ ਹੈ ਭਾਰਤ ਸਰਕਾਰ ਦੇ ਸਾਬਕਾ ਸਪੀਕਰ ਬਲਰਾਮ ਜਾਖੜ ਦਾ ਉਹ ਬਿਆਨ ਜਿਸ ਵਿੱਚ ਉਸਨੇ ਸਿੱਖਾਂ ਨੂੰ ਧਮਕੀ ਦੇਂਦੇ ਹੋਏ ਕਿਹਾ ਸੀ ਕਿ ਜੇਕਰ ਭਾਰਤ ਦੀ ਅਖੰਡਤਾ ਨੂੰ ਬਚਾਉਣ ਲਈ ਸਾਨੂੰ ਦਸ ਲੱਖ ਸਿੱਖਾਂ ਨੂੰ ਵੀ ਮਾਰਨਾ ਪਿਆ, ਤਾਂ ਅਸੀਂ ਗੁਰੇਜ਼ ਨਹੀਂ ਕਰਾਂਗੇ।

# ਭਾਈ ਚੰਗਿਆੜਾ ਧਰਮ ਪ੍ਰਚਾਰ ਫੇਰੀ ’ਤੇ ਅਮਰੀਕਾ ਪਹੁੰਚੇ

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ) : ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਧਾਰਮਿਕ ਵਿੱਦਿਆ ਪ੍ਰਾਪਤ ਕਰਨ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਹੈੱਡ ਪ੍ਰਚਾਰਕ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਉੱਘੇ ਅੰਤਰਰਾਸ਼ਟਰੀ ਧਰਮ ਪ੍ਰਚਾਰਕ ਭਾਈ ਬਲਬੀਰ ਸਿੰਘ ਚੰਗਿਆੜਾ ਬੀਤੀ 18 ਮਈ ਤੋਂ ਅਮਰੀਕਾ ਪਹੁੰਚ ਗਏ ਹਨ। ਪੰਜ ਜੂਨ ਤੱਕ ਉਹ ਕੈਲੇਫੋਰਨੀਆਂ ਸਟੇਟ ਦੇ ਵੱਖ ਵੱਖ ਸ਼ਹਿਰਾਂ ਵਿਖੇ ਕੁੱਝ ਨਿਜੀ ਅਤੇ ਕਈ ਪੰਥਕ ਸਮਾਗਮਾਂ ਵਿੱਚ ਭਾਗ ਲੈਣਗੇ। ਇੱਥੇ ਕਿਆਮ ਦੌਰਾਨ ਭਾਈ ਚੰਗਿਆੜਾ ਦਾ ਹੈਡਕਵਾਟਰ ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ ਵਿਖੇ ਰਹੇ ਗਾ ਜਿੱਥੋਂ ਦੇ ਮੁੱਖ ਸੇਵਾਦਾਰ ਭਾਈ ਨਰਿੰਦਰ ਪਾਲ ਸਿੰਘ ਹੁੰਦਲ ਨਾਲ ਉਨ੍ਹਾਂ ਦਾ ਗੂੜ੍ਹਾ ਪਿਆਰ ਹੈ। ਇਸ ਪ੍ਰਚਾਰ ਫੇਰੀ ਦੌਰਾਨ ਭਾਈ ਚੰਗਿਆੜਾ ਨਾਲ ਉਨ੍ਹਾਂ ਦੇ ਫੋਨ ਨੰਬਰ 604-537-7624 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਪੰਜਾਬ ਨਗਰ ਨਿਗਮ ਚੋਣਾਂ

# ਮੋਹਾਲੀ ਵਿਖੇ ਵੋਟਰਾਂ ਨੇ ਉਤਸ਼ਾਹ ਨਾਲ ਪਾਈ ਵੋਟ, ਉਂਗਲ ’ਤੇ ਲੱਗੀ ਸਿਆਹੀ ਦਿਖਾ ਕੇ ਸਾਂਝੀ ਕੀਤੀ ਖੁਸ਼ੀ









ਮੋਹਾਲੀ: ਪੰਜਾਬ ਵਿੱਚ ਸਥਾਨਕ ਸਰਕਾਰਾਂ (ਨਗਰ ਨਿਗਮ ਅਤੇ ਨਗਰ ਕੌਂਸਲ) ਦੀਆਂ ਚੋਣਾਂ ਦੌਰਾਨ ਵੋਟਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਮੋਹਾਲੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਵਿਖੇ ਸਵੇਰੇ ਤੋਂ ਹੀ ਵੱਖ-ਵੱਖ ਪੋਲਿੰਗ ਬੂਥਾਂ ’ਤੇ ਲੋਕਾਂ ਦੀਆਂ ਲੰਬੀਆਂ ਕਤਾਰਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ।

ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਤੋਂ ਬਾਅਦ, ਵੋਟਰਾਂ ਨੇ ਬੜੇ ਮਾਣ ਨਾਲ ਆਪਣੀ ਉਂਗਲ ’ਤੇ ਲੱਗੀ ਅਮਿੱਟ ਸਿਆਹੀ (Ink-mark) ਦਿਖਾ ਕੇ ਤਸਵੀਰਾਂ ਖਿਚਵਾਈਆਂ। ਨੌਜਵਾਨਾਂ ਤੋਂ ਲੈ ਕੇ ਬਜ਼ੁਰਗਾਂ ਤੱਕ, ਸਭ ਨੇ ਸਥਾਨਕ ਵਿਕਾਸ ਅਤੇ ਸ਼ਹਿਰੀ ਸਹੂਲਤਾਂ ਦੇ ਮੁੱਦੇ ’ਤੇ ਵੋਟ ਪਾਈ।

ਨੌਜਵਾਨਾਂ ਵਿੱਚ ਉਤਸ਼ਾਹ: ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੇ ਉਂਗਲ ’ਤੇ ਲੱਗੀ ਸਿਆਹੀ ਦੇ ਨਿਸ਼ਾਨ ਨੂੰ ਲੋਕਤੰਤਰ ਦਾ ਸਭ ਤੋਂ ਵੱਡਾ ਗਹਿਣਾ ਦੱਸਿਆ ਅਤੇ ਹਰ ਇੱਕ ਨੂੰ ਵੋਟ ਪਾਉਣ ਦੀ ਅਪੀਲ ਕੀਤੀ।

ਸੁਰੱਖਿਆ ਦੇ ਸਖ਼ਤ ਪ੍ਰਬੰਧ: ਚੋਣਾਂ ਨੂੰ ਅਮਨ-ਅਮਾਨ ਨਾਲ ਨੇਪਰੇ ਚਾੜ੍ਹਨ ਲਈ ਮੋਹਾਲੀ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਪੋਲਿੰਗ ਸਟੇਸ਼ਨਾਂ ਦੇ ਬਾਹਰ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ।

ਸਥਾਨਕ ਮੁੱਦੇ ਭਾਰੂ: ਵੋਟਰਾਂ ਮੁਤਾਬਕ ਸੜਕਾਂ ਦੀ ਮੁਰੰਮਤ, ਸਾਫ਼-ਸਫ਼ਾਈ, ਪੀਣ ਵਾਲਾ ਪਾਣੀ, ਅਤੇ ਸਟਰੀਟ ਲਾਈਟਾਂ ਵਰਗੇ ਬੁਨਿਆਦੀ ਮੁੱਦੇ ਇਸ ਵਾਰ ਦੀਆਂ ਚੋਣਾਂ ਵਿੱਚ ਮੁੱਖ ਰਹੇ।

# ਪੈਟਰੋਲ ਅਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੂੰ ਲੈ ਕੇ ਗੁਰੂਗ੍ਰਾਮ ਕਾਂਗਰਸ ਨੇ ਕੀਤਾ ਕੇਂਦਰ ਖਿਲਾਫ਼ ਰੋਸ ਪ੍ਰਦਰਸ਼ਨ

ਗੁਰੂਗ੍ਰਾਮ/ਚੰਡੀਗੜ੍ਹ: ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਓ ਨਰਿੰਦਰ ਸਿੰਘ ਦੀ ਅਗਵਾਈ ਵਿੱਚ, ਪੈਟਰੋਲ, ਡੀਜ਼ਲ, ਸੀਐਨਜੀ ਅਤੇ ਰਸੋਈ ਗੈਸ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਵਿਰੁੱਧ ਸ਼ੁੱਕਰਵਾਰ ਨੂੰ ਗੁਰੂਗ੍ਰਾਮ ਵਿੱਚ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਜ਼ਿਲ੍ਹਾ ਕਾਂਗਰਸ ਕਮੇਟੀ ਗੁਰੂਗ੍ਰਾਮ ਦੇ ਪ੍ਰਧਾਨ ਵਰਧਨ ਯਾਦਵ ਦੁਆਰਾ ਆਯੋਜਿਤ ਇਸ ਵਿਰੋਧ ਪ੍ਰਦਰਸ਼ਨ ਵਿੱਚ ਹਜ਼ਾਰਾਂ ਕਾਂਗਰਸੀ ਵਰਕਰਾਂ, ਔਰਤਾਂ, ਨੌਜਵਾਨਾਂ ਅਤੇ ਆਮ ਨਾਗਰਿਕਾਂ ਨੇ ਹਿੱਸਾ ਲਿਆ।



ਪ੍ਰਦਰਸ਼ਨ ਦੌਰਾਨ, ਕਾਂਗਰਸੀ ਵਰਕਰਾਂ ਨੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਵਧਦੀ ਮਹਿੰਗਾਈ ਅਤੇ ਬਾਲਣ ਦੀਆਂ ਕੀਮਤਾਂ ’ਤੇ ਆਪਣਾ ਗੁੱਸਾ ਪ੍ਰਗਟ ਕੀਤਾ। ਵਿਰੋਧ ਪ੍ਰਦਰਸ਼ਨ ਦੀ ਮੁੱਖ ਗੱਲ ਇੱਕ ਬੈਲਗੱਡੀ ਸੀ, ਜਿਸ ’ਤੇ ਰਾਓ ਨਰਿੰਦਰ ਸਿੰਘ ਨੇ ਰੋਸ ਮਾਰਚ ਦੀ ਅਗਵਾਈ ਕੀਤੀ। ਉਨ੍ਹਾਂ ਕਿਹਾ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਨੇ ਦੇਸ਼ ਨੂੰ ਵਿਕਾਸ ਦੇ ਰਾਹ ਤੋਂ ਭਟਕਾਇਆ ਹੈ ਅਤੇ ਪਛੜੇ ਪੜਾਅ ਵਿੱਚ ਧੱਕ ਦਿੱਤਾ ਹੈ।

ਰਾਓ ਨਰਿੰਦਰ ਸਿੰਘ ਨੇ ਕਿਹਾ ਕਿ ਅੱਜ ਆਮ ਲੋਕ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਪੈਟਰੋਲ, ਡੀਜ਼ਲ, ਸੀਐਨਜੀ ਅਤੇ ਐਲਪੀਜੀ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਨੇ ਗਰੀਬਾਂ, ਕਿਸਾਨਾਂ, ਮਜ਼ਦੂਰਾਂ, ਮੱਧ ਵਰਗ, ਛੋਟੇ ਕਾਰੋਬਾਰਾਂ ਅਤੇ ਆਮ ਪਰਿਵਾਰਾਂ ਦੇ ਬਜਟ ਨੂੰ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਾਲਣ ਦੀਆਂ ਕੀਮਤਾਂ ਵਿੱਚ ਵਾਧੇ ਦਾ ਸਿੱਧਾ ਅਸਰ ਆਵਾਜਾਈ, ਖਾਣ-ਪੀਣ ਦੀਆਂ ਵਸਤਾਂ ਅਤੇ ਰੋਜ਼ਾਨਾ ਦੀਆਂ ਜ਼ਰੂਰਤਾਂ ’ਤੇ ਪੈ ਰਿਹਾ ਹੈ, ਜਿਸ ਨਾਲ ਆਮ ਨਾਗਰਿਕ ਦਾ ਜੀਵਨ ਮੁਸ਼ਕਲ ਹੋ ਰਿਹਾ ਹੈ।

ਭਾਜਪਾ ਸਰਕਾਰ ’ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਚੋਣਾਂ ਖਤਮ ਹੁੰਦੇ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾਉਣਾ ਭਾਜਪਾ ਲਈ ਇੱਕ ਪਰੰਪਰਾ ਬਣ ਗਈ ਹੈ। ਇਹ ਰੁਝਾਨ 2014, 2015, 2019, 2022 ਅਤੇ ਹੁਣ 2026 ਵਿੱਚ ਦੁਹਰਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ 12 ਸਾਲਾਂ ਵਿੱਚ ਭਾਜਪਾ ਸਰਕਾਰਾਂ ਨੇ ਜਨਤਾ ਦੀਆਂ ਜੇਬਾਂ ਵਿੱਚੋਂ ਲਗਭਗ 57 ਲੱਖ ਕਰੋੜ ਰੁਪਏ ਦੀ ਲੁੱਟ ਕੀਤੀ ਹੈ।

ਰਾਓ ਨਰਿੰਦਰ ਸਿੰਘ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਪੈਟਰੋਲ ਅਤੇ ਡੀਜ਼ਲ ’ਤੇ ਭਾਰੀ ਵੈਟ ਲਗਾ ਕੇ ਸੂਬੇ ਦੇ ਲੋਕਾਂ ’ਤੇ ਵਾਧੂ ਵਿੱਤੀ ਬੋਝ ਵੀ ਪਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਵਿੱਚ, ਪੈਟਰੋਲ ’ਤੇ 18.20 ਪ੍ਰਤੀਸ਼ਤ ਵੈਟ ਲੱਗਦਾ ਹੈ, ਜੋ ਕਿ ਲਗਭਗ ਰੁ. 18 ਪ੍ਰਤੀ ਲੀਟਰ ਬਣਦਾ ਹੈ, ਜਦੋਂ ਕਿ ਡੀਜ਼ਲ ’ਤੇ 16 ਪ੍ਰਤੀਸ਼ਤ ਵੈਟ ਦੇ ਨਤੀਜੇ ਵਜੋਂ ਲਗਭਗ ਰੁ. 14.50 ਪ੍ਰਤੀ ਲੀਟਰ ਦਾ ਵਾਧੂ ਬੋਝ ਪੈ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਗੁਰੂਗ੍ਰਾਮ ਵਿੱਚ ਸੀਐਨਜੀ ਦੀ ਕੀਮਤ ਰੁ. 86.12 ਪ੍ਰਤੀ ਕਿਲੋਗ੍ਰਾਮ ਤੱਕ ਵੱਧ ਗਈ ਹੈ, ਜਿਸ ਨਾਲ ਆਟੋ-ਟੈਕਸੀ ਡਰਾਈਵਰਾਂ, ਛੋਟੇ ਕਾਰੋਬਾਰਾਂ, ਤਨਖਾਹਦਾਰ ਵਿਅਕਤੀਆਂ ਅਤੇ ਮੱਧ ਵਰਗੀ ਪਰਿਵਾਰਾਂ ਦੀ ਆਰਥਿਕ ਸਥਿਤੀ ’ਤੇ ਗੰਭੀਰ ਪ੍ਰਭਾਵ ਪਿਆ ਹੈ।

ਵਿਰੋਧ ਪ੍ਰਦਰਸ਼ਨ ਤੋਂ ਬਾਅਦ, ਕਾਂਗਰਸ ਦੇ ਵਫ਼ਦ ਨੇ ਗੁਰੂਗ੍ਰਾਮ ਦੇ ਡਿਪਟੀ ਕਮਿਸ਼ਨਰ ਰਾਹੀਂ ਰਾਸ਼ਟਰਪਤੀ ਨੂੰ ਇੱਕ ਮੰਗ ਪੱਤਰ ਸੌਂਪਿਆ। ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਬਾਲਣ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਇੱਕ ਠੋਸ ਨੀਤੀ ਬਣਾਏ ਅਤੇ ਅੰਤਰਰਾਸ਼ਟਰੀ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨੂੰ ਤੁਰੰਤ ਜਨਤਾ ਤੱਕ ਪਹੁੰਚਾਇਆ ਜਾਵੇ।

ਇਸ ਮੌਕੇ ਪ੍ਰਦੇਸ਼ ਕਾਂਗਰਸ ਮੈਂਬਰ ਪੰਕਜ ਭਾਰਦਵਾਜ, ਅਨੁਸੂਚਿਤ ਵਿਭਾਗ ਦੇ ਮੀਤ ਪ੍ਰਧਾਨ ਅਨਿਲ ਧਾਨਕ, ਪ੍ਰਦੇਸ਼ ਕਾਂਗਰਸ ਮੈਂਬਰ ਕੁਲਰਾਜ ਕਟਾਰੀਆ, ਐਡਵੋਕੇਟ ਚੌਧਰੀ ਸੰਤੋਖ ਸਿੰਘ ਅਤੇ ਹਜ਼ਾਰਾਂ ਵਰਕਰ ਹਾਜ਼ਰ ਸਨ।

# ਸ੍ਰੀ ਅਕਾਲ ਤਖਤ ਸਾਹਿਬ ਦੀ ਫ਼ਸੀਲ ਤੋਂ 02 ਦਸੰਬਰ 2024 ਦਾ ਹੁਕਮਨਾਮਾ

ਸ੍ਰੀ ਅਕਾਲ ਤਖਤ ਤਖ਼ਤ ਸਾਹਿਬ ਦੀ ਫ਼ਸੀਲ ਤੋਂ 02 ਦਸੰਬਰ 24 ਨੂੰ ਜਾਰੀ ਹੁਕਮਨਾਮਿਆਂ ਅੰਦਰ ਅਕਾਲੀ ਲੀਡਰਸ਼ਿਪ ਨੂੰ ਸਿਆਸੀ ਅਗਵਾਈ ਕਰਨ ਦੇ ਅਯੋਗ ਕਰਾਰ ਸਿਰਫ ਉਹਨਾਂ ਦੀਆਂ ਸਿੱਖ ਰਹਿਤ ਮਰਿਯਾਦਾ ਦੀਆਂ ਉਲੰਘਣਾਵਾਂ ਕਰਕੇ ਨਹੀਂ ਕਿਹਾ ਸੀ ਸਗੋਂ ਉਹਨਾਂ ਵੱਲੋਂ ਸਰਕਾਰ ਵਿੱਚ ਹੁੰਦਿਆਂ ਅਜਿਰੇ ਬੱਜਰ ਗੁਨਾਹ ਵਾਲੇ ਫੈਸਲੇ ਕਰਨ ਵਾਲੀ ਪਿਛਲੇ ਤਿੰਨ ਦਹਾਕਿਆਂ ਦੌਰਾਨ ਅਪਣਾਈ ਤੇ ਲਾਗੂ ਕੀਤੀ ਗ਼ਲਤ ਸਿਆਸੀ ਤੇ ਜਥੇਬੰਦਕ ਮਾਰਗ ਸੇਧ ਕਰਕੇ ਅਯੋਗ ਹੋਣਾ ਦੱਸਿਆ ਸੀ

ਇਸੇ ਕਰਕੇ "ਫਖਰ ਏ ਕੌਮ" ਦਾ ਖਿਤਾਬ ਵਾਪਿਸ ਲਿਆ ਗਿਆ ਸੀ। ਇਸ ਕਰਕੇ ਉਸ ਦਿਨ ਅਕਾਲ ਤਖ਼ਤ ਸਾਹਿਬ ਵਿਖੇ ਵਾਪਰੇ ਉਸ ਵਰਤਾਰੇ ਤੇ ਜਾਰੀ ਹੁਕਮਨਾਮਿਆਂ ਨੂੰ ਸਮੁੱਚਤਾ ਤੇ ਜੁੜਵੇ ਪ੍ਰਸੰਗ ਵਿੱਚ ਹੀ ਲੈਣਾ ਤੇ ਸਮਝਣਾ ਚਾਹੀਦਾ ਹੈ ਨਾਕਿ ਆਪੋ ਆਪਨੇ ਸਿਆਸੀ ਸੁਆਰਥ ਦੇ ਸੂਤ ਬਹਿੰਦਾ ਇੱਕਾ ਦੁੱਕਾ ਸ਼ਬਦ ਤੇ ਲਾਈਨ ਚੁਕਕੇ ਰੌਲਾ ਪਾਉਣ ਵੱਲ ਉੱਲਰਨਾ ਚਾਹੀਦਾ ਹੈ।

ਮੇਰਾ ਜਾਇਜ਼ਾ ਹੈ ਕਿ ਇਸਨੂੰ ਸਭ ਤੋਂ ਚੰਗੀ ਤਰ੍ਹਾਂ ਸੁਖਬੀਰ ਗੈਂਗ ਸਮਝਿਆ ਹੈ। ਇਸੇ ਕਰਕੇ ਉਸਦੀ ਸੈਨਾ ਨੇ ਸ਼ੁਰੂ ਤੋਂ ਹੀ ਇਸਦੇ ਅਰਥਾਂ ਦੇ ਅਨਰਥ ਕਰਨ ਤੇ ਹੁਣ ਇਸਨੂੰ ਸਿੱਖ ਮਨਾਂ ਵਿੱਚੋਂ ਖਾਰਜ ਕਰਨ/ਮਿਟਾਉਣ ਲਈ ਜ਼ਿੰਦਗੀ ਮੌਤ ਦੀ ਬੇਕਿਰਕ ਲੜਾਈ ਵਿੱਢੀ ਹੋਈ ਹੈ। ਪਰ ਦੂਜੇ ਦੂਜੇ ਕੀ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

S.G.P.C.





ਪਰ ਦੂਜੇ ਵੀ ਬਹੁਤੇ ਇਹਨਾਂ ਹੁਕਮਨਾਮਿਆਂ ਦੀ ਮੂਲ ਭਾਵਨਾ ਨੂੰ ਸਮਝਣ ਤੇ ਆਤਮ ਸਾਤ ਕਰਨ ਲਈ ਸੰਵਾਦ ਰਚਾਉਣ ਦੀ ਥਾਂ ਬੰਦਿਆਂ ਤੇ ਵੋਟਾਂ ਦੀ ਗਿਣਤੀ ਮਿਣਤੀ ਵਿੱਚ ਹੀ ਉਲਝਦੇ ਜਾ ਰਹੇ ਹਨ! ਅਕਾਲ ਤਖ਼ਤ ਸਾਹਿਬ ਵੱਲੋਂ ਅਕਾਲੀ ਲੀਡਰਸ਼ਿਪ ਨੂੰ ਪੰਜਾਬ ਤੇ ਪੰਥ ਵੱਲ ਪਿੱਠ ਕਰਨ ਤੇ ਇੱਕ ਵੀ ਮੁੱਦਾ ਹੱਲ ਨਾ ਕਰਵਾਉਣ ਵਾਲੀ ਸੋਚ ਤੋਂ ਮੁਕਤ ਹੋਣ ਤੇ ਪੰਥ ਵਿੱਚ ਮੁੜ ਪ੍ਰਵਾਨ ਹੋਣ ਲਈ ਰਾਹ ਵੀ ਦਰਸਾਇਆ ਗਿਆ ਸੀ। ਇਹ ਫੈਸਲੇ ਬੰਦਿਆਂ ਖਿਲਾਫ ਨਹੀਂ ਸਗੋਂ ਉਹਨਾਂ ਦੀ ਸੋਚ, ਸਮਝ ਤੇ ਪਹੁੰਚ ਖਿਲਾਫ ਸਨ ਤੇ ਇਹਨਾਂ ਨੂੰ ਰੱਦ ਕਰਨ ਵਾਲੇ ਸਨ। ਪਰ ਸੌ ਟੱਕੇ ਦਾ ਸੁਆਲ ਇਹ ਹੈ ਕੀ ਹੈ?

### ਸੱਚਾ ਅਕਾਲੀ

ਕਮਲ ਕਜੋਂ ਮਾਯਾ ਜਲ ਵਿੱਚ ਹੈ ਅਲੇਪ ਸਦਾ
ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ,
ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ
ਭਾਣੇ ਵਿੱਚ ਵਿਪਦਾ ਨੂੰ ਮੰਨੇ ਖ਼ੁਸ਼ਹਾਲੀ ਹੈ,
ਸੁਾਰਥ ਤੋਂ ਬਿਨਾ ਗੁਰੁਦੁਾਰਿਆਂ ਦਾ ਚੌਕੀਦਾਰ
ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ,
ਪੂਜੇ ਨ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ
ਸਿੱਖ ਦਸ਼ਮੇਸ਼ ਦਾ ਸੋ ਕਹੀਏ 'ਅਕਾਲੀ' ਹੈ

ਸੁਆਲ ਇਹ ਹੈ ਕਿ ਉਪਰੋਕਤ ਸੁਆਲ ਨੂੰ ਸੰਬੋਧਨ ਹੋਣ ਵੱਲ ਸਮੁੱਚੀ ਅਕਾਲੀ ਲੀਡਰਸ਼ਿਪ, ਵਿਦਵਾਨਾਂ ਤੇ ਮੀਡੀਆ ਨੇ ਪਿੱਠ ਕਿਉ ਕੀਤੀ ਹੋਈ ਹੈ? ਸਾਰਾ ਤਾਣ ਬੰਦੇ ਦੇ ਬੰਦੇ ਤੇ ਬੰਦੇ ਦੇ ਵਿਰੋਧੀ ਹਣ ਵਾਲੀ ਮਨਮੁੱਖੀ ਸੋਚ ਤੇ ਸਾਜ਼ਿਸ਼ ਵਾਲੇ ਕੁਤਕੇ ਵੱਲ ਹੀ ਕਿਉ ਲਾ ਰੱਖਿਆ ਹੈ? ਸੋਚੋ ਸਮਝੋ ਤੇ ਬੋਲੋ ਜੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭੁੱਲ ਬਖ਼ਸ਼ਾਉਣ ਦਾ ਮਤਲਬ ਇਹ ਹੀ ਹੁੰਦਾ ਹੈ ਕਿ ਸਬੰਧਿਤ ਗੁਰਸਿੱਖ/ ਖਾਂ ਨੇ ਗੁਰਬਾਣੀ ਦਾ ਸੰਦੇਸ਼ ਭੁੱਲਕੇ ਜਾਂ ਇਸਤੋਂ ਭਟਕ ਕੇ ਜੋ ਭੁੱਲਾਂ ਕੀਤੀਆਂ ਹਨ ਉਹ ਭਵਿੱਖ ਵਿੱਚ ਕਰਨ ਦੀ ਗੱਲ ਤਾਂ ਦੂਰ ਇੰਝ ਕਰਨ ਬਾਰੇ ਸੋਚੇਗਾ ਵੀ ਨਹੀਂ।

ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਵੱਲੋਂ ਸਰਕਾਰ ਵਿੱਚ ਹੁੰਦੇ ਹੋਏ ਕੀਤੇ ਅਜਿਹੇ "ਬੱਜਰ ਗੁਨਾਹਾਂ" ਕਰਕੇ ਤਨਖਾਹੀਆ ਕਰਾਰ ਦਿੱਤਾ ਸੀ ਜਿਨਾਂ ਕਰਕੇ ਪੰਥ ਦੀ ਸ਼ਾਨ ਨੂੰ ਵੱਟਾ ਲੱਗਾ ਤੇ ਪੰਥਕ ਸੰਸਥਾਵਾਂ ਦੇ ਵਕਾਰ ਨੂੰ ਢਾਹ ਲੱਗੀ। ਉਹਨਾਂ ਇਹ ਗੁਨਾਹ ਕਬੂਲੇ ਤੇ ਖਿਮਾ ਯਾਚਨਾ ਦੀ ਮੰਗ ਕੀਤੀ ਅਕਾਲ ਤਖਤ ਸਾਹਿਬ ਵੱਲੋਂ ਇਸ ਸਬੰਧੀ ਪਾਲਣਾ ਕਰਨ ਲਈ ਲੋੜੀਂਦੀਆਂ ਹਦਾਇਤਾਂ ਤੇ ਚਾਰ ਹੁਕਮਨਾਮੇ ਜਾਰੀ ਕਰਕੇ ਦੇ ਦਿੱਤੀ ਗਈ।

ਸਾਡੇ ਇਤਿਹਾਸਕ ਗੁਰਦੁਆਰੇ ਭਾਰਤ ਤੋਂ ਇਲਾਵਾ ਹੋਰ ਮੁਲਕਾਂ 'ਚ ਵੀ ਹਨ। ਜਿਵੇਂ ਕਿ ਈਰਾਨ, ਇਰਾਕ, ਨਿਪਾਲ ਤੇ ਪਾਕਿਸਤਾਨ। ਪਹਿਲਾਂ ਪਾਕਿਸਤਾਨ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਵੀ ਉੱਥੇ ਕੋਈ ਆਪਣੀ ਕਮੇਟੀ ਨਹੀਂ ਸੀ ਤੇ ਐਸ.ਜੀ.ਪੀ.ਸੀ. ਅਜਿਹੀ ਕੋਈ ਕਮੇਟੀ ਬਣਨ ਦਾ ਵਿਰੋਧ ਕਰਦੀ ਸੀ। ਪਰ ਜਦ ਤੋਂ ਪਾਕਿਸਤਾਨ ਗੁਰਦੁਆਰਾ ਕਮੇਟੀ ਹੋਂਦ 'ਚ ਆਈ, ਉੱਥੋਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਕਾਫ਼ੀ ਸੁਧਾਰ ਦੇਖਣ ਨੂੰ ਮਿਲਿਆ ਹੈ। ਦੁਨੀਆ ਭਰ ਤੋਂ ਉਨ੍ਹਾਂ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਸ਼ਰਧਾਲੂ ਆਉਂਦੇ ਹਨ। ਇਸ ਨਾਲ ਜਿੱਥੇ ਸਾਡੇ ਧਰਮ ਦੇ ਪ੍ਰਚਾਰ ਨੂੰ ਹੁਲਾਰਾ ਮਿਲਦਾ ਹੈ, ਉੱਥੇ ਹੀ ਸਾਡੇ ਧਰਮ ਬਾਰੇ ਜਾਣਕਾਰੀ ਦੂਜੇ ਧਰਮਾਂ ਦੇ ਲੋਕਾਂ ਤੱਕ ਤੇ ਦੇਸ਼ਾਂ ਤੱਕ ਪਹੁੰਚਦੀ ਹੈ। ਅਜਿਹੇ ਹੀ ਪ੍ਰਬੰਧ ਹੋਰ ਦੇਸ਼ਾਂ ਵਿਚ ਸਥਿਤ ਗੁਰਦੁਆਰਿਆਂ 'ਚ ਵੀ ਕਰਨ ਦੀ ਲੋੜ ਹੈ, ਪਰ ਇਸ ਪੱਖੋਂ ਸਾਡੇ ਆਗੂਆਂ ਦਾ ਰੁਖ਼ ਅਵੇਸਲਾ ਹੈ। ਮਿਸਾਲ ਦੇ ਤੌਰ 'ਤੇ ਜੇ ਨਿਪਾਲ ਦੀ ਗੱਲ ਕਰੀਏ ਤਾਂ ਨਿਪਾਲ ਵਿਚ ਵੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਹਨ। ਉੱਥੋਂ ਦੇ ਇਕ ਪੰਥ-ਦਰਦੀ ਨੌਜਵਾਨ ਸਿੱਖ ਆਗੂ ਜਸਪਾਲ ਸਿੰਘ (ਨਿਵਾਸੀ ਸ੍ਰੀਪੁਰ, ਬੀਰਗੰਜ) ਨੇ ਆਪਣੇ ਇਕ ਪੱਤਰ ਰਾਹੀਂ ਐਸ.ਜੀ.ਪੀ.ਸੀ. ਨੂੰ ਜਾਣਕਾਰੀ ਭੇਜੀ ਸੀ ਕਿ ਜੇ ਉਨ੍ਹਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਨਿਪਾਲ 'ਚ ਪ੍ਰਾਚੀਨ ਗੁਰਦੁਆਰਾ ਸਾਹਿਬ, ਮੱਠ ਤੇ ਹੋਰ ਵਿਰਾਸਤੀ ਧਰੋਹਰ ਹੌਲੀ-ਹੌਲੀ ਲੁਪਤ ਹੋ ਜਾਵੇਗੀ। ਉਸ ਚਿੱਠੀ ਦੀ ਇਕ ਕਾਪੀ ਜੋ ਮੇਰੇ ਕੋਲ ਮੌਜੂਦ ਹੈ, ਮੈਂ ਉਸ 'ਚੋਂ ਉਸ ਨੌਜਵਾਨ ਸਿੱਖ ਆਗੂ ਦੇ ਸ਼ਬਦਾਂ ਨੂੰ ਇੱਥੇ ਹੂ-ਬਹੂ ਦੇ ਰਿਹਾ ਹਾਂ 'ਮੇਚੀ ਤੋਂ ਮਹਾਕਾਲੀ ਤੱਕ ਫੈਲੀ ਇਹ ਅਮੁੱਲ ਵਿਰਾਸਤ ਜਾਗਰੂਕਤਾ ਦੀ ਘਾਟ, ਸਰਕਾਰੀ ਲਾਪ੍ਰਵਾਹੀ ਤੇ ਅਤੀਕਰਮਣ ਕਾਰਨ ਸੰਕਟ ਵਿਚ ਹੈ। ਇਹ ਸਾਰੀਆਂ ਧਰੋਹਰਾਂ ਨਿਪਾਲ ਸਰਕਾਰ ਦੇ ਗੁਠੀ ਸੰਸਥਾਨ ਦੇ ਅਧੀਨ ਹਨ, ਜੋ ਇਤਿਹਾਸਕ ਅਤੇ ਧਾਰਮਿਕ ਸੰਪਤੀਆਂ ਦੀ ਦੇਖਭਾਲ ਲਈ ਜ਼ਿੰਮੇਵਾਰ ਹੈ, ਪਰੰਤੂ ਉਚਿਤ ਸੰਭਾਲ ਤੇ ਮਰਿਆਦਾ ਅਨੁਸਾਰ ਪ੍ਰਬੰਧ ਨਹੀਂ ਹੋ ਰਿਹਾ। ਖ਼ਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸਿੱਖ ਮਰਿਆਦਾ ਅਨੁਸਾਰ ਨਹੀਂ ਹੋ ਰਹੀ, ਜੋ ਬਹੁਤ ਗੰਭੀਰ ਮਸਲਾ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਪੁਰਾਤਨ ਹੱਥ ਲਿਖਤ ਤੇ ਅਤਿਅੰਤ ਕੀਮਤੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਿਨੋ-ਦਿਨ ਜੀਰਣ ਹੋ ਰਿਹਾ ਹੈ। ਇਸ ਅਮੁੱਲ ਧਰੋਹਰ ਦੀ ਤੁਰੰਤ ਸੰਭਾਲ, ਮੁਰੰਮਤ ਅਤੇ ਸੁਰੱਖਿਆ ਬਹੁਤ ਜ਼ਰੂਰੀ ਹੈ, ਨਹੀਂ ਤਾਂ ਇਹ ਸਦਾ ਲਈ ਨਸ਼ਟ ਹੋ ਸਕਦੀ ਹੈ। ਇਸ ਸੰਬੰਧ ਵਿਚ ਬਹੁਤ ਨਿਮਰਤਾ ਨਾਲ ਬੇਨਤੀ ਹੈ ਕਿ ਨਿਪਾਲ ਸਰਕਾਰ ਦੇ ਸੰਬੰਧਿਤ ਵਿਭਾਗਾਂ ਨਾਲ ਸਹਿਯੋਗ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਨੂੰ ਐਸ.ਜੀ.ਪੀ.ਸੀ. ਦੀ ਦੇਖਰੇਖ ਹੇਠ ਲਿਆ ਕੇ ਸਿੱਖ ਮਰਿਆਦਾ ਅਨੁਸਾਰ ਸੰਭਾਲ ਕੀਤੀ ਜਾਵੇ। ਦਾਸ ਨੇ ਕਈ ਸਾਲਾਂ ਤੋਂ ਇਸ ਮਸਲੇ 'ਤੇ ਕੋਸ਼ਿਸ਼ਾਂ ਕੀਤੀਆਂ ਹਨ। ਸਰਕਾਰੀ ਅਧਿਕਾਰੀਆਂ, ਰਾਜਨੀਤਕ ਨੇਤਾਵਾਂ ਅਤੇ ਮੀਡੀਆ ਨਾਲ ਵਾਰ-ਵਾਰ ਸੰਪਰਕ ਕਰਨ ਦੇ ਬਾਵਜੂਦ ਕੋਈ ਢੰਗ ਦੀ ਕਾਰਵਾਈ ਨਹੀਂ ਹੋਈ। ਅੰਤ ਵਿਚ ਨਿਮਰ ਬੇਨਤੀ ਹੈ ਕਿ ਇਸ ਗੰਭੀਰ ਮਸਲੇ ਨੂੰ ਤਰਜੀਹ ਦੇ ਕੇ ਤੁਰੰਤ ਕਾਰਵਾਈ ਕੀਤੀ ਜਾਵੇ।'

ਇਸ ਪੱਤਰ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਸਾਡੀ ਵਿਰਾਸਤ ਪੁਰਾਤਨ ਹੱਥ ਲਿਖਤ ਬੀੜਾਂ ਦੀ, ਸ਼ਸਤਰਾਂ ਦੀ, ਹੁਕਮਨਾਮਿਆਂ ਦੀ ਅਤੇ ਗੁਰੂਆਂ ਨਾਲ ਸੰਬੰਧਿਤ ਵਸਤਾਂ ਜੋ ਕਈ ਅਸਥਾਨਾਂ 'ਤੇ ਮੌਜੂਦ ਹੈ, ਜ਼ਰੂਰਤ ਹੈ ਉਸ ਦਾ ਪੂਰਾ ਰਿਕਾਰਡ ਰੱਖਣ ਦੀ। ਜਿੱਥੋਂ ਤੱਕ ਪੁਰਾਤਨ ਹੱਥ ਲਿਖਤ ਬੀੜਾਂ ਦਾ ਸੰਬੰਧ ਹੈ, ਉਨ੍ਹਾਂ 'ਚੋਂ ਬਹੁਤ ਸਾਰੀਆਂ ਬੀੜਾਂ ਦੇ ਅੰਗ ਖ਼ਰਾਬ ਹੋ ਰਹੇ ਹਨ ਤੇ ਜਿਲਦਾਂ ਫਟ ਰਹੀਆਂ ਹਨ। ਮੈਨੂੰ ਯਾਦ ਆ ਰਿਹਾ ਹੈ ਜਦ ਮੈਂ ਯੂ.ਪੀ. ਦੇ ਇਕ ਨਗਰ ਨਿਜ਼ਾਮਾਬਾਦ 'ਚ ਇਕ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਗਿਆ ਸੀ। ਇਹ ਗੁਰਦੁਆਰਾ ਸ੍ਰੀ ਚਰਨ ਪਾਦੁਕਾ ਸਾਹਿਬ ਜ਼ਿਲ੍ਹਾ ਮਿਰਜ਼ਾਪੁਰ ਦੇ ਕਸਬੇ ਨਿਜ਼ਾਮਾਬਾਦ ਦੇ ਇਕ ਖੇਤਰ 'ਚ ਸਥਿਤ ਹੈ। ਇੱਥੇ ਗੁਰੂ ਨਾਨਕ ਦੇਵ ਜੀ ਅਯੁੱਧਿਆ ਤੋਂ ਬਨਾਰਸ ਜਾਂਦੇ ਹੋਏ ਆਪਣੀ ਪਹਿਲੀ ਉਦਾਸੀ ਦੌਰਾਨ ਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ 1670 'ਚ ਪਟਨਾ ਤੋਂ ਪੰਜਾਬ ਜਾਂਦੇ ਹੋਏ ਰੁਕੇ ਸਨ। ਇਸ ਗੁਰਦੁਆਰਾ ਸਾਹਿਬ ਵਿਖੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀਆਂ ਲੱਕੜ ਦੀ ਖੜਾਵਾਂ ਤੇ ਗੁਰੂ ਨਾਨਕ ਦੇਵ ਜੀ ਦਾ ਜੋੜਾ ਵੀ ਸੁਸ਼ੋਭਿਤ ਹੈ। ਇਕ ਖੂਹ ਜਿੱਥੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਸ਼ਨਾਨ ਕੀਤਾ ਸੀ ਤੇ ਨਾਮ ਸਿਮਰਨ ਦਾ ਉਪਦੇਸ਼ ਦੇ ਕੇ ਇਕ ਸ਼ਰਧਾਲੂ ਦਾ ਦੁੱਖ ਦੂਰ ਕੀਤਾ ਸੀ, ਉਹ ਵੀ ਇੱਥੇ ਸਥਿਤ ਹੈ। ਇਸ ਅਸਥਾਨ 'ਤੇ ਵੀ ਸਿੱਖਾਂ ਦੇ ਘਰ ਬਹੁਤ ਘੱਟ ਹਨ ਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਵੀ ਇਕ ਪਰਿਵਾਰ ਹੀ ਇਸ ਨੂੰ ਚਲਾ ਰਿਹਾ ਹੈ। ਉਸ ਵੇਲੇ ਗੁਰਦੁਆਰਾ ਸਾਹਿਬ ਦੀ ਹਾਲਤ ਮੈਨੂੰ ਇੰਨੀ ਵਧੀਆ ਨਹੀਂ ਲੱਗੀ। ਜਿਸ ਗੱਲ ਦਾ ਦੁੱਖ ਮੈਨੂੰ ਸਭ ਤੋਂ ਵੱਧ ਹੋਇਆ, ਉਹ ਇਹ ਸੀ ਕਿ ਉਸ ਗੁਰਦੁਆਰਾ ਸਾਹਿਬ 'ਚ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ ਵੀ ਚੰਗੀ ਹਾਲਤ ਵਿਚ ਨਹੀਂ ਸਨ। ਇਨ੍ਹਾਂ ਬੀੜਾਂ ਦਾ ਇਕ ਵਡਮੁੱਲਾ ਖ਼ਜ਼ਾਨਾ ਉੱਥੇ ਸਾਂਭਿਆ ਹੋਇਆ ਸੀ, ਕੁਝ ਬੀੜਾਂ ਦਸਮ ਗ੍ਰੰਥ ਸਾਹਿਬ ਦੀਆਂ ਵੀ ਸਨ। ਮੈਂ ਭਾਈ ਸਾਹਿਬ ਨੂੰ ਪੁੱਛਿਆ ਕਿ ਇਨ੍ਹਾਂ ਨੂੰ ਜਿਲਦ ਕਿਉਂ ਨਹੀਂ ਬਨ੍ਹਾਈ ਜਾਂਦੀ? ਉਨ੍ਹਾਂ ਨੇ ਕਿਹਾ ਅਸੀਂ ਐਸ.ਜੀ.ਪੀ.ਸੀ. ਨੂੰ ਬੇਨਤੀ ਕੀਤੀ ਸੀ ਕਿ ਅੰਮ੍ਰਿਤਸਰ ਤੋਂ ਕੋਈ ਗੁਰਸਿੱਖ ਭੇਜ ਕੇ ਇਨ੍ਹਾਂ ਦੀਆਂ ਜਿਲਦਾਂ ਬਨ੍ਹਵਾਈਆਂ ਜਾਣ ਤਾਂ ਕਿ ਇਨ੍ਹਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ। ਪਰ ਉਨ੍ਹਾਂ ਨੇ ਕਿਹਾ ਤੁਸੀਂ ਬੀੜਾਂ ਨੂੰ ਅੰਮ੍ਰਿਤਸਰ ਲੈ ਕੇ ਆਓ। ਬੀੜਾਂ ਦਾ ਵੱਡਾ ਆਕਾਰ ਤੇ ਵਜ਼ਨ ਦੇਖ ਕੇ ਉਨ੍ਹਾਂ ਨੂੰ ਅੰਮ੍ਰਿਤਸਰ ਲੈ ਕੇ ਜਾਣਾ ਸੰਭਵ ਨਹੀਂ ਸੀ। ਖ਼ੈਰ ਮੈਂ ਉਸ ਵੇਲੇ ਉਸ ਖੇਤਰ ਵਿਚ ਇਕ ਉੱਚ ਅਹੁਦੇ 'ਤੇ ਸੀ, ਸੋ ਮੈਂ ਆਪਣੇ ਵਲੋਂ ਸੇਵਾ ਕਰਦੇ ਹੋਏ ਉੱਥੋਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਗੁਰਦੁਆਰਾ ਸਾਹਿਬ ਦੀਆਂ ਕੰਧਾਂ 'ਤੇ ਸਫ਼ੈਦੀ ਤੇ ਰੋਗਨ ਕਰਾਇਆ ਜਾਵੇ। ਮੈਂ ਅੰਮ੍ਰਿਤਸਰ ਆਪਣੀ ਸੰਸਥਾ ਨਾਲ ਸੰਪਰਕ ਕਰਕੇ ਮੈਸਰਜ਼ ਚਤਰ ਸਿੰਘ ਜੀਵਨ ਸਿੰਘ ਦੀ ਮਦਦ ਨਾਲ ਦੇ

ਜਿਲਦ ਬੰਨ੍ਹਣ ਵਾਲੇ ਗੁਰਸਿੱਖਾਂ ਨੂੰ ਅੰਮ੍ਰਿਤਸਰ ਤੋਂ ਬੁਲਾਇਆ ਤੇ ਬੀੜਾਂ ਦੀਆਂ ਜਿਲਦਾਂ ਦੀ ਸੇਵਾ ਕਰਾਈ। ਬਾਅਦ 'ਚ ਅਮਰੀਕਾ ਤੋਂ ਆਏ ਇਕ ਸਿੱਖ ਵਿਦਵਾਨ ਨੇ ਉਨ੍ਹਾਂ ਬੀੜਾਂ ਦੀ ਡਿਜੀਟਲ ਕਾਪੀ ਵੀ ਬਣਾ ਲਈ। ਕਹਿਣ ਦਾ ਭਾਵ ਇਹ ਹੈ ਕਿ ਜੇ ਪੰਥਕ ਸੰਸਥਾਵਾਂ ਤੇ ਪੰਥ ਦਰਦੀ ਇਨ੍ਹਾਂ ਸਾਰੀਆਂ ਚੀਜ਼ਾਂ ਵੱਲ ਧਿਆਨ ਦੇਣ ਤਾਂ ਅਸੀਂ ਆਪਣਾ ਵਿਰਸਾ ਸੰਭਾਲ ਸਕਦੇ ਹਾਂ, ਨਹੀਂ ਤਾਂ ਇਹ ਗੁੰਮ ਹੋ ਜਾਵੇਗਾ। ਯੂ.ਪੀ.-ਬਿਹਾਰ ਦੀ ਸਰਹੱਦ 'ਤੇ ਹੋਰ ਵੀ ਕਈ ਅਜਿਹੇ ਗੁਰਦੁਆਰੇ ਹਨ, ਜਿੱਥੇ ਸਿੱਖ ਧਰਮ ਨਾਲ ਸੰਬੰਧਿਤ ਅਨਮੋਲ ਵਸਤੂਆਂ ਉਪਲਬਧ ਹਨ, ਪਰ ਜਿੱਥੇ ਘੱਟ ਆਬਾਦੀ ਹੋਣ ਕਰਕੇ ਪ੍ਰਬੰਧਕ ਘੱਟ ਹਨ ਤੇ ਉਚਿਤ ਪ੍ਰਬੰਧਾਂ 'ਚ ਘਾਟ ਰਹਿ ਜਾਂਦੀ ਹੈ। ਜ਼ਰੂਰਤ ਹੈ ਅਜਿਹੇ ਸਾਰੇ ਅਸਥਾਨਾਂ 'ਤੇ ਕੁਝ ਸਿੱਖ ਪਰਿਵਾਰਾਂ ਨੂੰ ਆਬਾਦ ਕਰਨ ਦੀ, ਗ੍ਰੰਥੀਆਂ ਨੂੰ ਇਨ੍ਹਾਂ ਸਾਰਿਆਂ ਗੁਰਦੁਆਰਿਆਂ 'ਚ ਮਰਿਆਦਾ ਦਾ ਪਾਲਣ ਕਰਨ ਲਈ ਭੇਜਣ ਲਈ ਤੇ ਮਾਲੀ ਸਹਾਇਤਾ ਦੇ ਕੇ ਐਸੇ ਧਾਰਮਿਕ ਅਸਥਾਨਾਂ ਦੀ ਦੇਖਭਾਲ ਕਰਨ ਲਈ।

ਉਪਰੋਕਤ ਚਰਚਾ ਮਗਰੋਂ ਮੇਰਾ ਇਹ ਵਿਚਾਰ ਹੈ ਕਿ ਪੰਥ ਨੂੰ ਲੋੜ ਹੈ ਉਨ੍ਹਾਂ ਆਗੂਆਂ ਦੀ, ਜੋ ਦੂਰ-ਅੰਦੇਸ਼ੀ ਹੋਣ, ਜੋ ਭਾਵਨਾ ਨਾਲ ਕੰਮ ਕਰ ਸਕਦੇ ਹੋਣ ਤੇ ਜਿਨ੍ਹਾਂ ਦੀ ਆਪਣੀ ਜ਼ਿੰਦਗੀ ਗੁਰਮਤਿ ਅਨੁਕੂਲ ਹੋਵੇ ਤਾਂ ਕਿ ਲੋਕਾਂ 'ਤੇ ਉਨ੍ਹਾਂ ਦਾ ਪ੍ਰਭਾਵ ਪੈ ਸਕੇ ਤੇ ਲੋਕ ਉਨ੍ਹਾਂ ਨੂੰ ਆਪਣਾ ਪ੍ਰੇਰਨਾ ਸਰੋਤ ਸਮਝਣ। ਅਮਰੀਕਾ 'ਚ ਅੱਜ ਬਹੁਤ ਸਾਰੇ ਲੋਕ ਸਿੱਖ ਬਣ ਗਏ ਹਨ, ਜੋ ਦੂਜੇ ਸਿੱਖਾਂ ਦੇ ਮੁਕਾਬਲੇ ਸਿੱਖ ਧਰਮ ਦੇ ਅਸੂਲਾਂ ਅਨੁਸਾਰ ਬਿਹਤਰ ਢੰਗ ਜੀਵਨ ਜੀਅ ਰਹੇ ਹਨ। ਅਮਰੀਕਾ ਹੀ ਨਹੀਂ, ਹੋਰ ਵੀ ਬਹੁਤ ਸਾਰੇ ਦੇਸ਼ਾਂ 'ਚ ਲੋਕ ਸਿੱਖ ਧਰਮ ਤੋਂ ਪ੍ਰਭਾਵਿਤ ਹੋਏ ਹਨ ਤੇ ਹੋ ਰਹੇ ਹਨ। ਲੋੜ ਹੈ ਐਸੇ ਆਗੂਆਂ ਦੀ, ਜੋ ਅੱਗੇ ਆ ਕੇ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਉਣ ਤੇ ਆਪਣੇ ਜੀਵਨ 'ਚੋਂ ਉਸ ਦੀ ਝਲਕ ਦਿਖਾਉਣ। ਜਿੱਥੇ ਸਿੱਖਾਂ ਦੀ ਗਿਣਤੀ ਘੱਟ ਹੈ, ਉੱਥੇ ਜੇ ਸਾਡੇ ਇਤਿਹਾਸਕ ਗੁਰਦੁਆਰੇ ਹਨ ਤਾਂ ਉੱਥੇ ਚੰਗੇ ਸਿੱਖਾਂ ਨੂੰ ਭੇਜਿਆ ਜਾ ਸਕਦਾ ਹੈ। ਨਿਪਾਲ ਦੀ ਗੱਲ ਮੈਂ ਉੱਪਰ ਕੀਤੀ ਹੈ। ਨਿਪਾਲ ਵਿਚ ਜਿਸ ਨੌਜਵਾਨ ਦਾ ਮੈਂ ਨਾਂਅ ਲਿਆ ਹੈ, ਉਹ ਨਿਪਾਲੀ ਭਾਸ਼ਾ ਵਿਚ ਸਿੱਖ ਗੁਰੂਆਂ ਬਾਰੇ ਕਿਤਾਬਚੇ ਛਾਪ ਕੇ ਉੱਥੋਂ ਦੇ ਲੋਕਾਂ ਨੂੰ ਦੱਸਦੇ ਹਨ। ਉਨ੍ਹਾਂ ਦੇ ਖ਼ਤ ਤੋਂ ਉਨ੍ਹਾਂ ਦੀ ਇਸ ਦਿਲੀ ਤਾਂਘ ਦਾ ਅਹਿਸਾਸ ਹੁੰਦਾ ਹੈ ਕਿ ਉਹ ਉੱਥੋਂ ਦੇ ਇਤਿਹਾਸਕ ਗੁਰਦੁਆਰਿਆਂ 'ਚ ਮਰਿਆਦਾ ਦਾ ਪਾਲਣ ਤੇ ਸੰਗਤ ਦੇ ਵਾਧੇ ਦੇ ਕਿੰਨੇ ਇੱਛੁਕ ਹਨ। ਅਜਿਹੇ ਲੋਕ ਜਿਹੜੇ-ਜਿਹੜੇ ਦੇਸ਼ਾਂ 'ਚ ਵੀ ਹਨ, ਕੀ ਸਾਡਾ ਫ਼ਰਜ਼ ਨਹੀਂ ਬਣਦਾ ਕਿ ਅਸੀਂ ਉਨ੍ਹਾਂ ਦੇ ਹੱਥ ਮਜ਼ਬੂਤ ਕਰੀਏ? ਕੀ ਐਸ.ਜੀ.ਪੀ.ਸੀ. ਤੇ ਹੋਰ ਪ੍ਰਬੰਧਕੀ ਕਮੇਟੀਆਂ ਇਸ ਪੱਖੋਂ ਲੋੜੀਂਦੀ ਕਾਰਵਾਈ ਨਹੀਂ ਕਰ ਸਕਦੀਆਂ?

ਅਸੀਂ ਕਿਉਂ ਨਹੀਂ ਇਕ ਮਜ਼ਬੂਤ ਕੇਂਦਰੀ ਪ੍ਰਬੰਧਕੀ ਢਾਂਚਾ ਬਣਾ ਸਕਦੇ, ਜਿਸ ਦੀ ਅੱਜ ਬਹੁਤ ਲੋੜ ਹੈ। ਅੱਜ ਸਾਰੇ ਪੰਥ ਦਰਦੀਆਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਆਓ ਇਸ ਗੱਲ ਨੂੰ ਸਮਝੀਏ ਕਿ ਗੁਰਦੁਆਰਿਆਂ ਦਾ ਠੀਕ ਢੰਗ ਨਾਲ ਪ੍ਰਬੰਧ ਚਲਾਉਣਾ, ਗੁਰੂਆਂ ਦੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਉਨ੍ਹਾਂ ਦੀ ਵਿੱਦਿਆ, ਸਿਹਤ ਤੇ ਰੁਜ਼ਗਾਰ ਦਾ ਖਿਆਲ ਰੱਖਣਾ ਕੋਈ ਰਾਜਨੀਤੀ ਨਹੀਂ, ਸਗੋਂ ਸੇਵਾ ਹੈ। ਉਸੇ ਤਰ੍ਹਾਂ ਦੀ ਸੇਵਾ ਜਿਸ ਬਾਰੇ ਗੁਰੂ ਸਾਹਿਬ ਦਾ ਫ਼ੁਰਮਾਨ ਹੈ:-

**ਸੇਵਾ ਕਰਤ ਹੋਇ ਨਿਹਕਾਮੀ॥**
**ਤਿਸ ਕਉ ਹੋਤ ਪਰਾਪਤਿ ਸੁਆਮੀ॥**
**(ਗਉੜੀ, ਸੁਖਮਨੀ, ਮ:5, ਅੰਗ:286)**

ਇਸ ਸੇਵਾ ਲਈ ਆਪਸ ਵਿਚ ਏਕਤਾ ਦੀ ਭਾਵਨਾ ਨੂੰ ਵਧਾਈਏ, ਮਿਲ ਕੇ ਬੈਠੀਏ, ਪੰਥ ਦੀ ਚੜ੍ਹਦੀ ਕਲਾ ਲਈ ਵਿਚਾਰ ਕਰੀਏ ਅਤੇ ਗੁਰੂ ਸਾਹਿਬ ਦੇ ਆਦੇਸ਼ ਦਾ ਪਾਲਣ ਕਰੀਏ, ਜਿਸ ਵਿਚ ਉਨ੍ਹਾਂ ਨੇ ਸਾਨੂੰ ਸਮਝਾਇਆ ਹੈ:-

**ਹੋਇ ਇਕਤ੍ਰ ਮਿਲਹੁ ਮੇਰੇ ਭਾਈ**
**ਦੁਬਿਧਾ ਦੂਰਿ ਕਰਹੁ ਲਿਵ ਲਾਇ॥**
**ਹਰਿ ਨਾਮੈ ਕੇ ਹੋਵਹੁ ਜੋੜੀ**
**ਗੁਰਮੁਖਿ ਬੈਸਹੁ ਸਫਾ ਵਿਛਾਇ॥**
**(ਬਸੰਤੁ ਹਿੰਡੋਲ, ਮ:5, ਅੰਗ:1185)**

# ਸਿੱਖਾਂ ਵਿਚ ਧਰਮ ਪਰਿਵਰਤਨ ਨੂੰ ਕਿਵੇਂ ਰੋਕਿਆ ਜਾਵੇ?

**ਡਾ. ਪਰਮਵੀਰ ਸਿੰਘ**

ਸਿੱਖਾਂ ਵਿਚ ਵਧ ਰਿਹਾ ਧਰਮ ਪਰਿਵਰਤਨ ਸਮੂਹ ਸੂਝਵਾਨ ਤੇ ਪੰਥ ਦਰਦੀ ਸਿੱਖਾਂ ਨੂੰ ਸੋਚਣ ਲਈ ਮਜਬੂਰ ਕਰਦਾ ਹੈ ਕਿ ਇਸ ਸਥਿਤੀ 'ਚੋਂ ਬਾਹਰ ਕਿਵੇਂ ਨਿਕਲਿਆ ਜਾਵੇ? ਗੁਰੂ ਸਾਹਿਬਾਨ ਨੇ ਕਿਸੇ ਵੀ ਸਮੱਸਿਆ 'ਚੋਂ ਬਾਹਰ ਨਿਕਲਣ ਲਈ ਸ਼ਬਦ-ਗੁਰੂ ਦਾ ਮਾਰਗ ਦੱਸਿਆ ਹੈ ਜੋ ਕਿ ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ ਵੱਲ ਲਿਜਾਣ ਦਾ ਕਾਰਜ ਕਰਦਾ ਹੈ। ਸਾਰਿਆਂ ਦੇ ਮਨ ਵਿਚ ਇਹ ਸਵਾਲ ਮੌਜੂਦ ਹੈ ਕਿ ਇਸ ਮਾਰਗ 'ਤੇ ਲਿਜਾਣ ਲਈ ਕੌਣ ਸਹਾਇਤਾ ਕਰ ਸਕਦਾ ਹੈ? ਸੂਝਵਾਨ ਮੰਨਦੇ ਹਨ ਕਿ ਸਮਾਜ ਦਾ ਹਰ ਇਕ ਵਰਗ ਦੂਜਿਆਂ ਨੂੰ ਦੋਸ਼ ਦਿੰਦਾ ਹੈ ਕਿ ਉਹ ਸਿੱਖਾਂ ਵਿਚ ਪੈਦਾ ਹੋਈ ਅਜਿਹੀ ਸਥਿਤੀ ਲਈ ਜ਼ਿੰਮੇਵਾਰ ਹੈ ਤੇ ਆਪ ਸੁਰਖ਼ਰੂ ਹੋਣ ਦਾ ਯਤਨ ਕਰਦਾ ਹੈ। ਜੇ ਸਮੁੱਚਾ ਸਿੱਖ ਸਮਾਜ ਰਲ-ਮਿਲ ਕੇ ਸਿੱਖਾਂ ਵਿਚ ਵਧ ਰਹੇ ਧਰਮ ਪਰਿਵਰਤਨ ਦੇ ਰੁਝਾਨ ਨੂੰ ਘੱਟ ਕਰਨ ਦਾ ਯਤਨ ਕਰੇ ਤਾਂ ਕੁਝ ਸਾਰਥਕ ਸਿੱਟੇ ਸਾਹਮਣੇ ਆ ਸਕਦੇ ਹਨ। ਇਸ ਸੰਬੰਧੀ ਇਨ੍ਹਾਂ ਕੁਝ ਨੁਕਤਿਆਂ ਨੂੰ ਧਿਆਨ 'ਚ ਰੱਖਿਆ ਜਾ ਸਕਦਾ ਹੈ:-

ਧਰਮ ਪ੍ਰਚਾਰ ਦੀ ਮਜ਼ਬੂਤੀ- ਸਿੱਖ ਧਰਮ ਦੇ ਪ੍ਰਚਾਰ-ਪਸਾਰ ਲਈ ਜਿਹੜੇ ਯਤਨ ਕੀਤੇ ਜਾ ਰਹੇ ਹਨ, ਉਹ ਪਿਛਲੇ ਸਮੇਂ ਵਿਚ ਮੌਜੂਦ ਨਹੀਂ ਸਨ। ਪਿਛਲੀ ਸਦੀ ਦੇ ਅਖੀਰ ਤੱਕ ਸਿੱਖਾਂ ਦੀ ਇਹ ਵੱਡੀ ਮੰਗ ਰਹੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਆਲ ਇੰਡੀਆ ਰੇਡੀਓ, ਜਲੰਧਰ ਤੇ ਦਿੱਲੀ ਰਾਹੀਂ ਕੀਰਤਨ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇ। ਮੌਜੂਦਾ ਸਮੇਂ 'ਚ ਅਣਗਿਣਤ ਨਿੱਜੀ ਚੈਨਲ ਗੁਰਬਾਣੀ ਦਾ ਪ੍ਰਸਾਰਨ ਕਰ ਰਹੇ ਹਨ। ਪਰ ਫਿਰ ਵੀ ਸਿੱਖਾਂ ਵਿਚ ਸਦਾਚਾਰਕ ਕਦਰਾਂ-ਕੀਮਤਾਂ ਦਾ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ ਤੇ ਸਿੱਖ ਧਰਮ ਪਰਿਵਰਤਨ ਵੱਲ ਰੁਚਿਤ ਹੋ ਰਹੇ ਹਨ। ਜਦੋਂ ਤੱਕ ਉਨ੍ਹਾਂ ਦੇ ਮਨ 'ਚ ਸਿੱਖੀ ਜੀਵਨ ਵਿਹਾਰ ਵਾਲੀ ਚਿਣਗ ਪੈਦਾ ਨਹੀਂ ਹੁੰਦੀ, ਉਦੋਂ ਤੱਕ ਸਮੱਸਿਆ ਬਣੀ ਰਹੇਗੀ। ਇਹ ਗੱਲ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਸਿੰਘ ਸਭਾ ਲਹਿਰ ਨੂੰ ਬੂਰ ਉਸ ਸਮੇਂ ਪਿਆ ਸੀ, ਜਦੋਂ ਸਿੱਖ ਸਮਾਜ ਦਾ ਹਰ ਇਕ ਵਰਗ ਇਸ ਦਿਸ਼ਾ 'ਚ ਚੇਤੰਨ ਹੋਇਆ ਸੀ ਕਿ ਜੇ ਮਿਸ਼ਨ ਸਕੂਲ ਦੇ ਚਾਰ ਸਿੱਖ ਬੱਚੇ ਈਸਾਈ ਧਰਮ 'ਚ ਪ੍ਰਵਰਤਿਤ ਹੋ ਗਏ ਤਾਂ ਇਹ ਬਿਮਾਰੀ ਬਹੁਤ ਛੇਤੀ ਸਮੁੱਚੇ ਸਿੱਖ ਸਮਾਜ ਵਿਚ ਫੈਲ ਜਾਵੇਗੀ। ਇਸ ਬਿਰਤੀ ਨੂੰ ਰੋਕਣ ਲਈ ਕੁਝ ਸੁਹਿਰਦ ਸਿੱਖਾਂ ਨੇ ਯਤਨ ਆਰੰਭ ਕੀਤੇ, ਜਿਨ੍ਹਾਂ ਨੂੰ ਬਹੁਤ ਛੇਤੀ ਬੂਰ ਪੈਣਾ ਸ਼ੁਰੂ ਹੋ ਗਿਆ। ਸਿੱਖ ਸਮਾਜ ਦਾ ਹਰ ਇਕ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝਣ ਲੱਗ ਪਿਆ ਸੀ। ਨਾ ਕੇਵਲ ਸਿੱਖ ਸੰਸਥਾਵਾਂ ਤੇ ਨਾ ਹੀ ਕੇਵਲ ਮਾਪਿਆਂ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਗਿਆ, ਬਲਕਿ ਇਹ ਯਤਨ ਕੀਤਾ ਗਿਆ ਕਿ ਸਿੱਖ ਸਮਾਜ ਦਾ ਹਰ ਇਕ ਵਿਅਕਤੀ ਜਿੱਥੇ ਵੀ ਕਾਰਜ ਕਰ ਰਿਹਾ ਹੈ, ਸਿੱਖ ਬੱਚਿਆਂ ਨੂੰ ਗ਼ਲਤ ਦਿਸ਼ਾ ਵੱਲ ਜਾਣ ਤੋਂ ਰੋਕੇ ਅਤੇ ਉਨ੍ਹਾਂ ਨੂੰ ਗੁਰਮਤਿ ਨਾਲ ਜੋੜਨ ਵਿਚ ਆਪਣੀ ਭੂਮਿਕਾ ਨਿਭਾਵੇ। ਸਮੁੱਚੇ ਸਿੱਖ ਸਮਾਜ ਦੇ ਸੁਹਿਰਦ ਯਤਨਾ ਸਦਕਾ ਇਸ ਦਿਸ਼ਾ ਵੱਲ ਕਾਰਜ ਆਰੰਭ ਕੀਤੇ ਗਏ ਸਨ ਤਾਂ ਹੀ ਉਸ ਸਮੇਂ ਸਿੱਖ ਆਦਰਸ਼ਾਂ ਨੂੰ ਕਾਇਮ ਕਰਨ ਵਿਚ ਸਫ਼ਲਤਾ ਮਿਲ ਸਕੀ ਸੀ। ਉਸ ਸਮੇਂ ਅਖ਼ਬਾਰ ਸੋਸ਼ਲ ਮੀਡੀਆ ਦਾ ਮਹੱਤਵਪੂਰਨ ਸਾਧਨ ਮੰਨਿਆ ਜਾਂਦਾ ਸੀ, ਜਿਸ ਨੇ ਸਿੱਖਾਂ ਵਿਚ ਪੁਨਰ-ਜਾਗ੍ਰਿਤੀ ਦੀ ਲਹਿਰ ਆਰੰਭ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਮੌਜੂਦਾ ਸਮੇਂ ਵਿਚ ਸੋਸ਼ਲ ਮੀਡੀਆ ਦੇ ਰਵਾਇਤੀ ਤੇ ਆਧੁਨਿਕ ਸਾਧਨਾਂ ਦੀ ਵਰਤੋਂ ਕਰ ਕੇ ਸਿੱਖਾਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਲਈ ਹਰ ਇਕ ਵਰਗ ਵਲੋਂ ਸੁਹਿਰਦ ਯਤਨ ਕੀਤੇ ਜਾਣ ਅਤੇ ਜੀਵਨ ਵਿਹਾਰ 'ਚੋਂ ਸਿੱਖੀ ਕਿਰਦਾਰ ਨਜ਼ਰ ਆਵੇ ਤਾਂ ਸਾਰਥਕ ਸਿੱਟੇ ਸਾਹਮਣੇ ਆ ਸਕਦੇ ਹਨ।

ਵਖਰੇਵੇਂ ਦੂਰ ਕਰਨੇ-ਸਿੱਖ ਧਰਮ ਵਿਚ ਜਾਤ-ਪਾਤ ਤੋਂ ਦੂਰ ਰਹਿਣ ਤੇ ਸਰਬ-ਸਾਂਝੀਵਾਲਤਾ ਦੇ ਸੰਦੇਸ਼ ਨੂੰ ਗ੍ਰਹਿਣ ਕਰਨ ਦਾ ਸੰਦੇਸ਼ ਪ੍ਰਮੁੱਖਤਾ ਨਾਲ ਦਿੱਤਾ ਗਿਆ ਹੈ, ਪਰ ਸੰਦੇਸ਼ ਦਾ ਅਮਲ ਦਿਨੋ-ਦਿਨ ਘਟਦਾ ਨਜ਼ਰ ਆ ਰਿਹਾ ਹੈ। ਸਥਾਨਕ ਪੱਧਰ 'ਤੇ ਜਿਸ ਤਰ੍ਹਾਂ ਸਿੱਖਾਂ ਵਿਚ ਜਾਤ-ਪਾਤ ਦੇ ਵਖਰੇਵੇਂ ਵਧਦੇ ਜਾ ਰਹੇ ਹਨ, ਉਹ ਚਿੰਤਾ ਦਾ ਵਿਸ਼ਾ ਹਨ। ਇਕ ਵਰਗ ਦੇ ਮਨ ਵਿਚ ਜਦੋਂ ਇਹ ਵਿਚਾਰ ਵਧੇਰੇ ਪ੍ਰਫੁੱਲਤ ਹੋ ਗਿਆ ਕਿ ਦੂਜਾ ਵਰਗ ਉਨ੍ਹਾਂ ਨਾਲ ਵਿਤਕਰਾ ਕਰਦਾ ਹੈ ਤਾਂ ਉਨ੍ਹਾਂ ਦੇ ਮਨ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਹੋਣ ਲੱਗੀ। ਇਸ ਤੋਂ ਇਲਾਵਾ ਵਿਭਿੰਨ ਭੂਗੋਲਿਕ ਖਿੱਤਿਆਂ 'ਚ ਰਹਿਣ ਵਾਲੇ ਸਿੱਖਾਂ ਵਿਚ ਵੀ ਵਖਰੇਵੇਂ ਪੈਦਾ ਹੋ ਗਏ ਹਨ। ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿੱਖਾਂ ਦੇ ਮਨ 'ਚ ਇਹ ਗੱਲ ਪ੍ਰਫੁੱਲਤ ਹੁੰਦੀ ਜਾ ਰਹੀ ਹੈ ਕਿ ਪੰਜਾਬ ਵਿਚ ਰਹਿਣ ਵਾਲੇ ਸਿੱਖ ਉਨ੍ਹਾਂ ਨੂੰ ਬਰਾਬਰ ਨਹੀਂ ਸਮਝਦੇ। ਦੱਖਣੀ ਸਿੱਖ, ਪੂਰਬੀ ਸਿੱਖ, ਅਸਾਮੀ ਸਿੱਖ ਆਦਿ ਵੱਖੋ-ਵੱਖਰੇ ਇਲਾਕਿਆਂ ਦੇ ਰੂਪ ਵਿਚ ਸਿੱਖਾਂ ਦਾ ਵਰਗੀਕਰਨ ਕੀਤਾ ਜਾ ਰਿਹਾ ਹੈ। ਇੱਥੋਂ ਤੱਕ ਕਿ ਪੰਜਾਬ ਵਿਚ ਮਝੈਲ, ਮਲਵਈ ਤੇ ਦੁਆਬੀਏ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿਤੇ ਨਾ ਕਿਤੇ ਦਵੈਤ ਭਾਵਨਾ ਪ੍ਰਗਟ ਕਰਨ ਦੀ ਸੂਚਕ ਹੈ। ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿੱਖ ਇਹ ਸਮਝਣ ਲੱਗੇ ਹਨ ਕਿ ਉਹ ਪੰਜਾਬ ਦੇ ਸਿੱਖਾਂ ਤੋਂ ਚੰਗੇ ਹਨ ਕਿਉਂਕਿ ਉਨ੍ਹਾਂ ਦੇ ਜੀਵਨ ਵਿਹਾਰ 'ਚ ਉਹ ਕਮਜ਼ੋਰੀਆਂ ਪੈਦਾ ਨਹੀਂ ਹੋਈਆਂ, ਜਿਹੜੀਆਂ ਪੰਜਾਬ ਦੇ ਸਿੱਖਾਂ 'ਚ ਦੇਖਣ ਨੂੰ ਮਿਲਦੀਆਂ ਹਨ। ਉਹ ਕਹਿੰਦੇ ਹਨ ਕਿ ਆਰਥਿਕ ਤੌਰ 'ਤੇ ਭਾਵੇਂ ਅਸੀਂ ਗ਼ਰੀਬ ਹਾਂ ਪਰ ਇਖ਼ਲਾਕ ਵਿਚ ਉੱਚੇ ਹਾਂ। ਸਿੱਖਾਂ ਵਿਚ ਭਾਈਚਾਰਕ ਸਾਂਝ ਤਾਂ ਹੀ ਮਜ਼ਬੂਤ ਹੋ ਸਕਦੀ ਹੈ ਜੇ ਵਖਰੇਵੇਂ ਵਾਲੀ ਕਿਸੇ ਵੀ ਭਾਵਨਾ ਨੂੰ ਦੂਰ ਕਰਨ ਲਈ ਹਰ ਪਾਸੇ ਤੋਂ ਯਤਨ ਕੀਤੇ ਜਾਣ। ਪਾਣੀ ਹਮੇਸ਼ਾਂ ਉੱਪਰ ਤੋਂ ਹੇਠਾਂ ਵੱਲ ਵਗਦਾ ਹੈ, ਇਸ ਲਈ ਯਤਨ ਵੀ ਉਤਲੇ ਪਾਸਿਓਂ ਆਰੰਭ ਹੋਣ ਤਾਂ ਵਧੇਰੇ ਪ੍ਰਭਾਵ ਪਾ ਸਕਦੇ ਹਨ। ਅੰਮ੍ਰਿਤਸਰ ਨੂੰ ਸਮੁੱਚੀ ਸਿੱਖ ਕੌਮ ਆਪਣਾ ਕੇਂਦਰ ਸਮਝਦੀ ਹੈ, ਇਸ ਲਈ ਅੰਮ੍ਰਿਤਸਰ ਤੋਂ ਅਰੁਣਾਚਲ ਪ੍ਰਦੇਸ਼ ਤੇ ਰਾਮੇਸ਼ਵਰਮ ਤੱਕ ਵੱਸ ਰਹੇ ਸਿੱਖਾਂ ਵਿਚ ਬੇਗਾਨਗੀ ਦੀ ਬਜਾਏ ਬਰਾਬਰੀ ਵਾਲੀ ਭਾਵਨਾ ਦਾ ਵਿਕਾਸ ਕਰਨ ਲਈ ਯਤਨ ਕਰਨ ਦੀ ਵਧੇਰੇ ਲੋੜ ਹੈ ਤਾਂ ਕਿ ਸਿੱਖੀ ਭਾਵਨਾ ਮਜ਼ਬੂਤ ਹੋਵੇ ਤੇ ਕਿਸੇ ਹੋਰ ਪਾਸੇ ਤਿਲਕਣ ਦਾ ਖ਼ਤਰਾ ਨਾ ਰਹੇ।

ਲੋੜਵੰਦਾਂ ਦੀ ਸਹਾਇਤਾ-ਗੁਰੂ ਦਾ ਸਿੱਖ ਕਦੇ ਗ਼ਰੀਬ ਨਹੀਂ ਹੁੰਦਾ ਤੇ ਨਾ ਹੀ ਉਹ ਕਿਸੇ ਤੋਂ ਮੰਗਣ ਦੀ ਉਮੀਦ ਰੱਖਦਾ ਹੈ। ਸਾਨੂੰ ਜੀਵਨ ਵਿਚ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਮਾਰਗ ਦੱਸਿਆ ਗਿਆ ਜਿਹੜਾ ਕਿ ਪਰਉਪਕਾਰ ਤੇ ਸਵੈਮਾਣ ਦੀ ਦਿਸ਼ਾ ਵੱਲ ਲਿਜਾਂਦਾ ਹੈ, ਪਰ ਸਾਡੇ ਸਮਾਜਿਕ ਪ੍ਰਬੰਧ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਕਿ ਜਿਹੜੇ ਗ਼ਰੀਬ ਹੋਣ ਦਾ ਵਧੇਰੇ ਰੌਲਾ ਪਾਉਂਦੇ ਹਨ, ਉਹ ਹੀ ਬਹੁਤੇ ਫ਼ਾਇਦੇ ਲੈਣ 'ਚ ਸਫ਼ਲ ਹੋ ਜਾਂਦੇ ਹਨ। ਕਿਰਤੀ, ਇਮਾਨਦਾਰ, ਸਵੈਮਾਨ ਭਰਪੂਰ ਜੀਵਨ ਬਸਰ ਕਰਨ ਵਾਲੇ ਆਰਥਿਕ ਤੰਗੀ ਵਿਚ ਗੁਜ਼ਾਰਾ ਕਰ ਲੈਂਦੇ ਹਨ ਪਰ ਆਪਣੀ ਆਰਥਿਕ ਤੰਗੀ ਦੀ ਨੁਮਾਇਸ਼ ਨਹੀਂ ਕਰ ਸਕਦੇ। ਪੰਜਾਬ ਤੋਂ ਅਜਿਹੇ ਪਰਿਵਾਰ ਹਾਲੇ ਤੱਕ ਮੌਜੂਦ ਹਨ ਜਿਹੜੇ ਸਿੱਖੀ ਨਾਲ ਜੁੜੇ ਹੋਏ ਹਨ, ਸਕੂਲਾਂ 'ਚ ਉਨ੍ਹਾਂ ਦੇ ਬੱਚੇ ਸਥਾਨਕ ਭਾਸ਼ਾ ਦੇ ਨਾਲ-ਨਾਲ ਅੰਗਰੇਜ਼ੀ ਤੇ ਹਿੰਦੀ ਪੜ੍ਹਦੇ ਹਨ। ਗੁਰੂ ਨਾਲ ਜੁੜਨ ਲਈ ਉਹ ਗੁਰਮੁਖੀ ਦਾ ਗਿਆਨ ਵੀ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਗੁਰਦੁਆਰਿਆਂ 'ਚ ਗ੍ਰੰਥੀ ਸਿੰਘ ਬੱਚਿਆਂ ਨੂੰ ਇੰਨੀ ਕੁ ਗੁਰਮੁਖੀ ਪੜ੍ਹਾਉਣ ਵਿਚ ਸਫ਼ਲ ਹੋ ਸਕਦੇ ਹਨ ਕਿ ਉਹ ਨਿਤਨੇਮ ਆਦਿ ਕਰ ਸਕਣ। ਪੰਜਾਬ ਤੇ ਉੱਤਰੀ ਭਾਰਤ ਵਿਚ ਸਿੱਖ ਬੱਚੇ ਦੁਨਿਆਵੀ ਚਮਕ-ਦਮਕ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ ਤੇ ਛੇਤੀ ਹੀ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ। ਪੰਜਾਬ 'ਚ ਵੀ ਬਹੁਤ ਸਾਰੇ ਸਿੱਖ ਪਰਿਵਾਰ ਅਜਿਹੇ ਹਨ, ਜਿਹੜੇ ਆਰਥਿਕ ਤੰਗੀ ਦਾ ਸ਼ਿਕਾਰ ਹਨ, ਉਨ੍ਹਾਂ ਦੇ ਤਿਲਕਣ ਦਾ ਖ਼ਤਰਾ ਵਧੇਰੇ ਹੈ। ਪੰਜਾਬ ਤੇ ਭਾਰਤ ਦੇ ਹੋਰਨਾਂ ਹਿੱਸਿਆਂ 'ਚ ਰਹਿਣ ਵਾਲੇ ਆਰਥਿਕ ਤੌਰ 'ਤੇ ਕਮਜ਼ੋਰ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਯੋਗ ਸਹਾਇਤਾ ਲਈ ਕੀਤਾ ਗਿਆ ਚਿੰਤਨ ਸਿੱਖੀ ਦੀਆਂ ਜੜ੍ਹਾਂ ਮਜ਼ਬੂਤ ਕਰਨ ਦਾ ਕਾਰਜ ਕਰ ਸਕਦਾ ਹੈ। ਭਾਰਤ ਦੇ ਹਰ ਇਕ ਰਾਜ ਵਿਚ ਆਰਥਿਕ ਤੌਰ 'ਤੇ ਮਜ਼ਬੂਤ ਸਿੱਖ ਸੰਗਠਿਤ ਰੂਪ ਵਿਚ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀ ਸਹਾਇਤਾ ਕਰਨ ਤਾਂ ਸਾਰਥਕ ਸਿੱਟੇ ਸਾਹਮਣੇ ਆ ਸਕਦੇ ਹਨ।

ਵਿੱਦਿਅਕ ਵਿਕਾਸ ਲਈ ਯਤਨ-ਸੇਵਾ ਤੇ ਪਰਉਪਕਾਰ ਦੇ ਖੇਤਰ 'ਚ ਸਿੱਖ ਭਾਈਚਾਰੇ ਨੇ ਵਿਸ਼ਵ ਪੱਧਰ 'ਤੇ ਜਿਹੜੀ ਪਛਾਣ ਕਾਇਮ ਕੀਤੀ ਹੈ, ਨਿਸਚਿਤ ਤੌਰ 'ਤੇ ਉਹ ਸ਼ਲਾਘਾਯੋਗ ਹੈ। ਸੰਕਟ-ਗ੍ਰਸਤ ਲੋਕਾਂ ਦੀ ਸੇਵਾ ਕਰਨਾ ਪੁੰਨ ਕਰਮ ਸਮਝਿਆ ਗਿਆ ਹੈ ਪਰ ਇਸ ਦੇ ਨਾਲ-ਨਾਲ ਪੰਜਾਬ ਤੇ ਭਾਰਤ ਦੇ ਹੋਰਨਾਂ ਹਿੱਸਿਆਂ 'ਚ ਵਸਦੇ ਆਰਥਿਕ ਤੌਰ 'ਤੇ ਕਮਜ਼ੋਰ ਸਿੱਖ ਪਰਿਵਾਰਾਂ ਦੇ ਬੱਚਿਆਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਜਿਹੜੀਆਂ ਕੌਮਾਂ ਭਾਵੁਕ ਜਾਂ ਅਗਾਂਹਵਧੂ ਹੁੰਦੀਆਂ ਹਨ, ਉਨ੍ਹਾਂ ਦੇ ਬੱਚੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਕਿਸੇ ਵੀ ਦਿਸ਼ਾ ਜਾਂ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਚੇਰੀ ਵਿੱਦਿਆ ਰਾਹੀਂ ਰੁਜ਼ਗਾਰ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਏ ਪੰਜਾਬ ਦੇ ਨੌਜਵਾਨਾਂ ਨੇ ਜਿਸ ਢੰਗ ਨਾਲ ਬਾਹਰਲੇ ਮੁਲਕਾਂ ਦਾ ਰੁਖ਼ ਕੀਤਾ ਹੈ, ਉਸ ਨੇ ਸਭ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਅਜਿਹੇ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਪੰਜਾਬ ਦੇ ਨੌਜਵਾਨ ਬਾਹਰ ਜਾ ਰਹੇ ਹਨ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਹ ਕੋਈ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ ਤੇ ਆਪਣੇ ਧਾਰਮਿਕ ਚਿਨ੍ਹਾਂ ਤੇ ਅਕੀਦੇ ਨੂੰ ਤਿਲਾਂਜਲੀ ਦੇ ਰਹੇ ਹਨ। ਸਿੱਖਾਂ ਵਿਚ ਕੌਮੀ ਪੱਧਰ 'ਤੇ ਇਹ ਘਾਟ ਦੇਖਣ ਨੂੰ ਮਿਲ ਰਹੀ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਅਜਿਹੀ ਸਿੱਖਿਆ ਪ੍ਰਾਪਤ ਨਹੀਂ ਹੋ ਰਹੀ, ਜਿਹੜੀ ਰੁਜ਼ਗਾਰ ਪ੍ਰਾਪਤੀ ਦੇ ਨਾਲ-ਨਾਲ ਉਨ੍ਹਾਂ ਨੂੰ ਧਾਰਮਿਕ ਅਕੀਦੇ ਨਾਲ ਜੋੜੀ ਰੱਖੇ। ਇਸ ਦਾ ਵੱਡਾ ਕਾਰਨ ਸਿੱਖਿਆ ਦੀ ਦਿਸ਼ਾ ਕੇਵਲ ਧਨ ਕਮਾਉਣ ਤੱਕ ਸੀਮਤ ਹੋ ਗਈ ਹੈ, ਜਿਹੜੀ ਕਿ ਇਕਪਾਸੜ ਤੇ ਮਾਰੂ ਸਾਬਤ ਹੋ ਰਹੀ ਹੈ। ਵਿਸ਼ੇਸ਼ ਗੁਰਪੁਰਬਾਂ ਮੌਕੇ ਅੱਜ ਬੱਚਿਆਂ ਨੂੰ ਛੁੱਟੀ ਹੋ ਜਾਂਦੀ ਹੈ। ਅੱਸੀਵਿਆਂ ਤੱਕ ਸਿੱਖਾਂ ਦੇ ਬਹੁਤ ਸਾਰੇ ਸਕੂਲਾਂ 'ਚ ਇਹ ਵਿਧਾਨ ਦੇਖਣ ਨੂੰ ਮਿਲਦਾ ਰਿਹਾ ਕਿ ਗੁਰਪੁਰਬਾਂ ਮੌਕੇ ਬੱਚਿਆਂ ਨੂੰ ਸਮੇਂ ਤੋਂ ਪਹਿਲਾਂ ਬੁਲਾਇਆ ਜਾਂਦਾ ਤੇ ਉਨ੍ਹਾਂ ਤੋਂ ਛਬੀਲ ਤਿਆਰ ਕਰਨ, ਪ੍ਰਸ਼ਾਦੇ ਪਕਾਉਣ ਤੇ ਵਰਤਾਉਣ, ਦਰੀਆਂ ਝਾੜਨ, ਬਰਤਨ ਸਮੇਟਣ ਆਦਿ ਕੰਮ ਲਿਆ ਜਾਂਦਾ ਸੀ। ਬੱਚਿਆਂ ਦੇ ਮਾਪੇ ਵੀ ਸਕੂਲਾਂ 'ਚ ਹਾਜ਼ਰੀ ਭਰਦੇ ਸਨ। ਇਸ ਤਰ੍ਹਾਂ ਉਹ ਆਪਣੇ ਧਾਰਮਿਕ ਅਕੀਦੇ ਨਾਲ ਜੁੜੇ ਰਹਿੰਦੇ ਸਨ। ਬੱਚਿਆਂ ਨੂੰ ਗੁਰੂ-ਘਰ ਨਾਲ ਜੋੜਨ ਲਈ ਵਿਸ਼ੇਸ਼ ਗੁਰਮਤਿ ਕੈਂਪ ਲਾਉਣ ਤੇ ਗੁਰਪੁਰਬ ਮਨਾਉਣ ਦੇ ਜਿਹੜੇ ਢੰਗ-ਤਰੀਕੇ ਪਹਿਲਾਂ ਮੌਜੂਦ ਸਨ, ਉਨ੍ਹਾਂ ਨੂੰ ਦੁਬਾਰਾ ਸ਼ੁਰੂ ਕਰਨ ਦੀ ਲੋੜ ਹੈ।




ਧਰਮ ਨੂੰ ਸਿਆਸਤ ਤੋਂ ਮੁਕਤੀ ਦੀ ਲੋੜ-ਸਿੱਖ ਧਰਮ ਤੇ ਧਾਰਮਿਕ ਸੰਸਥਾਵਾਂ 'ਚ ਦਿਨੋ-ਦਿਨ ਵਧ ਰਿਹਾ ਸਿਆਸੀ ਦਖ਼ਲ ਸਿੱਖਾਂ ਨੂੰ ਸਿੱਖੀ ਤੋਂ ਦੂਰ ਕਰਨ ਦਾ ਕਾਰਜ ਕਰ ਰਿਹਾ ਹੈ। ਸਿੱਖਾਂ ਦੇ ਮਨ ਵਿਚ ਇਹ ਗੱਲ ਬੈਠ ਗਈ ਹੈ ਕਿ ਧਾਰਮਿਕ ਤੌਰ 'ਤੇ ਕੀਤੇ ਜਾ ਰਹੇ ਫ਼ੈਸਲੇ ਸਿਆਸਤ ਤੋਂ ਪ੍ਰਭਾਵਿਤ ਹੁੰਦੇ ਹਨ। ਪੰਜਾਬ ਦੀ ਰਾਜਨੀਤੀ ਨਾਲ ਜੁੜਿਆ ਹਰ ਰਾਜਸੀ ਆਗੂ ਖ਼ੁਦ ਨੂੰ ਪੰਥਕ ਜਾਂ ਪੰਥ ਦਾ ਹਮਦਰਦ ਦੱਸ ਰਿਹਾ ਹੈ ਪਰ ਜਦੋਂ ਉਸ ਦੇ ਅਜਿਹੇ ਕਾਰਜ ਆਮ ਲੋਕਾਂ ਦੇ ਸਾਹਮਣੇ ਆਉਂਦੇ ਹਨ ਜਿਹੜੇ ਕਿ ਸਿੱਖ ਸਿਧਾਂਤ ਨਾਲ ਮੇਲ ਨਹੀਂ ਖਾਂਦੇ ਤਾਂ ਲੋਕਾਂ ਦੇ ਮਨਾਂ 'ਚ ਆਗੂਆਂ ਪ੍ਰਤੀ ਰੋਸ ਪੈਦਾ ਹੋ ਜਾਂਦਾ ਹੈ ਤੇ ਕਈਆਂ ਦੇ ਮਨਾਂ 'ਚ ਧਰਮ ਪ੍ਰਤੀ ਨਕਾਰਾਤਮਿਕ ਵਿਚਾਰ ਪੈਦਾ ਹੋਣ ਲੱਗ ਪੈਂਦੇ ਹਨ। ਆਗੂਆਂ 'ਚ ਕਿਸੇ ਸਮੇਂ ਸਿੱਖੀ ਸੇਵਾ ਦੀ ਕੋਈ ਕਣੀ ਨਜ਼ਰ ਆਉਂਦੀ ਸੀ, ਪਰ ਹੁਣ ਬਹੁਤ ਮੱਧਮ ਪੈ ਗਈ ਹੈ। ਆਗੂਆਂ ਦੇ ਕਮਜ਼ੋਰ ਪੈਣ ਨਾਲ ਆਮ ਲੋਕ ਖੁੱਲ੍ਹ ਮਹਿਸੂਸ ਕਰਨ ਲੱਗ ਪਏ ਹਨ ਕਿ ਉਹ ਜੋ ਕੁਝ ਮਰਜ਼ੀ ਕਰ ਸਕਦੇ ਹਨ।

ਆਪਣੇ ਮਨ ਨੂੰ ਸਮਝਾਉਣ ਲਈ ਤਾਂ ਅਜਿਹੀਆਂ ਗੱਲਾਂ ਧਰਵਾਸ ਦੇ ਸਕਦੀਆਂ ਹਨ, ਪਰ ਗੁਰੂ ਅੱਗੇ ਬੇਈਮਾਨੀ ਨਹੀਂ ਚੱਲ ਸਕਦੀ। ਗੁਰੂ ਸਾਹਿਬਾਨ ਨੇ ਸ਼ਬਦ ਗੁਰੂ ਦੇ ਮਾਰਗ 'ਤੇ ਚੱਲਣ ਦਾ ਜਿਹੜਾ ਢੰਗ-ਤਰੀਕਾ ਦੱਸਿਆ ਹੈ, ਉਹ ਹੀ ਹੁਣ ਤੱਕ ਢੁਕਵਾਂ ਤੇ ਪ੍ਰਸੰਗਿਕ ਹੈ। ਇਹੀ ਢੰਗ-ਤਰੀਕਾ ਧਰਮ ਪਰਿਵਰਤਨ ਤੋਂ ਬਚਾਅ ਦੇ ਨਾਲ-ਨਾਲ ਇਕ ਸੁਚੱਜੀ ਜੀਵਨ-ਜਾਚ ਧਾਰਨ ਕਰਨ ਲਈ ਮਾਰਗ ਦਰਸ਼ਨ ਕਰ ਸਕਦਾ ਹੈ।

# ਕੀ ਭਾਰਤ ਬਣੇਗਾ ਭੂ-ਸਿਆਸਤ ਦਾ ਕੇਂਦਰ?

**ਜੋਤੀ ਮਲਹੋਤਰਾ**

ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵੱਲੋਂ ਸਤੰਬਰ ਵਿੱਚ ਬ੍ਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਭਾਰਤ ਆਉਣ ਦੀਆਂ ਖ਼ਬਰਾਂ ਸਵਾਗਤਯੋਗ ਹਨ। ਇਹ ਖ਼ਬਰਾਂ ਖ਼ਾਸ ਤੌਰ ’ਤੇ ਅਜਿਹੇ ਸਮੇਂ ਆਈਆਂ ਹਨ ਜਦੋਂ ਅਗਲੇ ਸੋਮਵਾਰ ਨੂੰ ‘ਕੁਆਡ’ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਹੋਣ ਜਾ ਰਹੀ ਹੈ, ਜਿਸ ਵਿੱਚ ਹਿੱਸਾ ਲੈਣ ਲਈ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਸਮੇਤ ਜਾਪਾਨ ਅਤੇ ਆਸਟਰੇਲੀਆ ਦੇ ਵਿਦੇਸ਼ ਮੰਤਰੀ ਰਾਜਧਾਨੀ ਦਿੱਲੀ ਪਹੁੰਚ ਰਹੇ ਹਨ। ਦੂਜੇ ਪਾਸੇ, ਅਗਲੇ ਕੁਝ ਦਿਨਾਂ ਵਿੱਚ ਹੋਣ ਵਾਲਾ ‘ਭਾਰਤ-ਅਫ਼ਰੀਕਾ ਸੰਮੇਲਨ’ ਇਬੋਲਾ ਵਾਇਰਸ ਦੇ ਦੁਬਾਰਾ ਸਿਰ ਚੁੱਕਣ ਕਾਰਨ ਮੁਲਤਵੀ ਕਰਨਾ ਪਿਆ ਹੈ। ਅਖ਼ੀਰ ਲੰਮੇ ਸਮੇਂ ਬਾਅਦ ਭਾਰਤ ਮੁੜ ਆਪਣੀ ਭੂ-ਸਿਆਸੀ ਹੋਂਦ ਵੱਲ ਪਰਤ ਰਿਹਾ ਹੈ। ਡੋਨਲਡ ਟਰੰਪ ਦਾ ਪਾਕਿਸਤਾਨ ਪ੍ਰਤੀ ਅਥਾਹ ਮੋਹ, ਪੱਛਮੀ ਏਸ਼ੀਆ ਦੀ ਜੰਗ ਕਾਰਨ ਆਰਥਿਕ ਮੰਦਹਾਲੀ ਦਾ ਖ਼ਤਰਾ ਅਤੇ ਅਮਰੀਕਾ-ਚੀਨ ਵਿਚਾਲੇ ਵਧਦੀ ਖ਼ਤਰਨਾਕ ਖਹਿਬਾਜ਼ੀ ਜਿਹੇ ਹਾਲਾਤ ਨੇ ਹੀ ਭਾਰਤ ਨੂੰ ਮੁੜ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕੀਤਾ ਹੈ। ਆਖ਼ਰਕਾਰ ਹੁਣ ਇਹ ਸਭ ਸੰਭਵ ਹੋ ਰਿਹਾ ਹੈ, ਭਾਵੇਂ ਭਾਰਤੀ ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਸਿਬੀ ਜੌਰਜ ਨੇ ਨਾਰਵੇ ਦੀ ਇੱਕ ਪੱਤਰਕਾਰ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਉਸ ਨੂੰ ਭਾਰਤ ਦੇ ਪ੍ਰਾਚੀਨ ਸੱਭਿਆਚਾਰ ਅਤੇ ਵਿਰਾਸਤ ਬਾਰੇ ਬੇਲੋੜਾ ਭਾਸ਼ਣ ਦੇ ਦਿੱਤਾ, ਪਰ ਵੱਡੇ ਹਿੱਤਾਂ ਦੇ ਮੱਦੇਨਜ਼ਰ ਇਹ ਇੱਕ ਬਹੁਤ ਛੋਟੀ ਜਿਹੀ ਗੱਲ ਹੈ। ਅਸਲ ਗੱਲ ਇਹ ਹੈ ਕਿ ਹੁਣ ਤੋਂ ਕੁਝ ਮਹੀਨਿਆਂ ਬਾਅਦ ਚੀਨ, ਰੂਸ, ਬ੍ਰਾਜ਼ੀਲ, ਦੱਖਣੀ ਅਫ਼ਰੀਕਾ ਅਤੇ ਭਾਰਤ ਵਰਗੇ ‘ਬ੍ਰਿਕਸ’ ਦੇ ਸੰਸਥਾਪਕ ਦੇਸ਼ਾਂ ਦੇ ਮੁਖੀ ਸ਼ੀ ਜਿਨਪਿੰਗ, ਵਲਾਦੀਮੀਰ ਪੂਤਿਨ, ਲੂਲਾ ਡਾ ਸਿਲਵਾ, ਸਿਰਿਲ ਰਾਮਾਫੋਸਾ ਅਤੇ ਨਰਿੰਦਰ ਮੋਦੀ, ਸਾਰੇ ਇੱਕੋ ਛੱਤ ਹੇਠ ਇਕੱਠੇ ਹੋਣਗੇ। ਇਸ ਦੇ ਨਾਲ ਹੀ ‘ਕੁਆਡ’ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਇਹ ਬੈਠਕ ਇਸ ਗੱਲ ਦਾ ਵੀ ਸੰਕੇਤ ਹੈ ਕਿ ਲੰਮੇ ਸਮੇਂ ਤੋਂ ਉਡੀਕਿਆ ਜਾ ਰਿਹਾ ‘ਕੁਆਡ ਸਿਖਰ ਸੰਮੇਲਨ’ ਵੀ ਜਲਦੀ ਹੀ ਹਕੀਕਤ ਦਾ ਰੂਪ ਲੈ ਸਕਦਾ ਹੈ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਸਮੀਕਰਣ ਕਿਵੇਂ ਬਦਲਦੇ ਹਨ, ਭਾਵੇਂ ਕਿ ਉਹ ਸਿਰਫ਼ ਪਹਿਲਾਂ ਵਰਗੇ ਹੀ ਹੋ ਜਾਣ ਲਈ ਬਦਲੇ ਹੋਣ; ਪ੍ਰਧਾਨ ਮੰਤਰੀ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਪਿਛਲੇ 12 ਸਾਲਾਂ ਵਿੱਚ ਭਾਰਤ ਦੀ ਵਿਦੇਸ਼ ਨੀਤੀ ਦੀ ਇਹੋ ਕਹਾਣੀ ਰਹੀ ਹੈ। ਭਾਰਤ ਨੇ ਅਮਰੀਕਾ (ਜਿਸ ਨਾਲ ਸਬੰਧਾਂ ਵਿੱਚ ਅੱਜਕੱਲ੍ਹ ਥੋੜ੍ਹੇ ਉਤਰਾਅ-ਚੜ੍ਹਾਅ ਆ ਰਹੇ ਹਨ), ਇਜ਼ਰਾਈਲ ਅਤੇ ਸੰਯੁਕਤ ਅਰਬ ਅਮੀਰਾਤ ਨਾਲ ਦੋਸਤੀ ਨੂੰ ਹੋਰ ਮਜ਼ਬੂਤ ਕੀਤਾ ਹੈ। ਗਲਵਾਨ ਦੀਆਂ ਬਰਫ਼ੀਲੀਆਂ ਪਹਾੜੀਆਂ ’ਤੇ ਚੀਨ ਨਾਲ ਸਿੱਧਾ ਟਾਕਰਾ ਕੀਤਾ ਹੈ ਅਤੇ ਪਾਕਿਸਤਾਨ ਵੱਲ ਦੋਸਤੀ ਦਾ ਹੱਥ ਵਧਾਉਣ ਤੋਂ ਬਾਅਦ ਉਸ ਨੂੰ ਸਰਹੱਦ ਪਾਰੋਂ ਲਗਾਤਾਰ ਹੋ ਰਹੀਆਂ ਅਤਿਵਾਦੀ ਸਰਗਰਮੀਆਂ ਲਈ ਸਜ਼ਾ ਵੀ ਦਿੱਤੀ ਹੈ। ਇਸ ਦੇ ਨਾਲ ਹੀ ਆਪਣੇ ਗੁਆਂਢ ਦੇ ਹੋਰਨਾਂ ਹਿੱਸਿਆਂ (ਜਿਵੇਂ ਬੰਗਲਾਦੇਸ਼ ਅਤੇ ਸ੍ਰੀਲੰਕਾ) ਨਾਲ ਸਬੰਧਾਂ ਨੂੰ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ ਅਤੇ ਨੀਦਰਲੈਂਡਜ਼ ਨਾਲ ਵੀ ਸਾਂਝੇਦਾਰੀ ਵਧਾਈ ਹੈ। ਰਹੀ ਗੱਲ Norway ਦੀ ਤਾਂ ਹੁਣ ਤੱਕ ਅਸੀਂ ਜਾਣ ਚੁੱਕੇ ਹਾਂ ਕਿ ਇਹ ‘Wordle’ ਖੇਡ ਦਾ ਅਜਿਹਾ ਛੇ ਅੱਖਰਾਂ ਦਾ ਸ਼ਬਦ ਹੈ ਜਿਸ ਨੂੰ ਅੰਗਰੇਜ਼ੀ ਵਰਣਮਾਲਾ ਦੇ 18ਵੇਂ ਅੱਖਰ (ਆਰ) ਨੂੰ ਹਟਾ ਕੇ ਦੁਬਾਰਾ ਵਧੀਆ ਤਰੀਕੇ ਨਾਲ ਜੋੜਿਆ ਜਾ ਸਕਦਾ ਹੈ, ਯਾਨੀ ਉੱਥੇ ਸਾਡੇ ਲਈ ‘NO WAY’ ਹੈ।

ਅਜਿਹਾ ਵੀ ਨਹੀਂ ਹੈ ਕਿ ਸਿਰਫ਼ ਭਾਰਤ ਵੱਲੋਂ ਬ੍ਰਿਕਸ ਸੰਮੇਲਨ ਦੀ ਮੇਜ਼ਬਾਨੀ ਕਰਨ ਨਾਲ ਕੋਈ ਨਵੇਂ ਕੌਮਾਂਤਰੀ ਸਮੀਕਰਣ ਬਣਨ ਜਾ ਰਹੇ ਹਨ। ਪਿਛਲੇ ਹਫ਼ਤੇ ਡੋਨਲਡ ਟਰੰਪ ਦੇ ਪੇਈਚਿੰਗ ਦੌਰੇ ਤੋਂ ਇਹ ਸਾਫ਼ ਹੋ ਗਿਆ ਹੈ ਕਿ ਚੀਨ ਅਮਰੀਕਾ ਨਾਲ ਸਿੱਧੇ ਟਕਰਾਅ ਤੋਂ ਬਚਦਾ ਰਹੇਗਾ ਕਿਉਂਕਿ ਅਮਰੀਕਾ ਅਜੇ ਵੀ ਉਸ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਦੂਜੇ ਪਾਸੇ, ਇਸੇ ਹਫ਼ਤੇ ਵਲਾਦੀਮੀਰ ਪੂਤਿਨ ਦੇ ਪੇਈਚਿੰਗ ਦੌਰੇ ਤੋਂ ਪਤਾ ਲੱਗਦਾ ਹੈ ਕਿ ਯੂਕਰੇਨ ਨਾਲ ਚਾਰ ਸਾਲਾਂ ਤੋਂ ਰੁਕ ਰੁਕ ਕੇ ਚੱਲ ਰਹੀ ਜੰਗ ਅਤੇ ਪੱਛਮੀ ਦੇਸ਼ਾਂ ਦੀਆਂ ਕਮਜ਼ੋਰ ਪਾਬੰਦੀਆਂ ਦੇ ਦਰਮਿਆਨ ਚੀਨ ਅਤੇ ਭਾਰਤ ਵਰਗੇ ਪ੍ਰਮੁੱਖ ਦੇਸ਼ਾਂ ਨਾਲ ਰੂਸ ਆਪਣੇ ਸਬੰਧਾਂ ਨੂੰ ਸਥਿਰ ਰੱਖਣ ਦੀ ਕੋਸ਼ਿਸ਼ ਜਾਰੀ ਰੱਖੇਗਾ। ਰੂਸ ਇਹ ਗੱਲ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਭਾਵੇਂ ਚੀਨ ਉਸ ਦਾ ਕਿੰਨਾ ਵੀ ਵੱਡਾ ਦੋਸਤ ਬਣ ਜਾਵੇ ਅਤੇ ਭਾਵੇਂ ਦੋਵੇਂ ਦੇਸ਼ (ਰੂਸ-ਚੀਨ) ਅਮਰੀਕਾ ਦੇ ਖਿਲਾਫ਼ ਕਈ ਗੱਲਾਂ ’ਤੇ ਇਕਮਤ ਹੋਣ, ਪਰ ਫਿਰ ਵੀ ਚੀਨ ਕਦੇ ਵੀ ਰੂਸ ਲਈ ਅਮਰੀਕਾ ਨਾਲ ਆਪਣੇ ਸਬੰਧ ਪੂਰੀ ਤਰ੍ਹਾਂ ਖਰਾਬ ਨਹੀਂ ਕਰੇਗਾ।

ਅਜੋਕੇ ਦੌਰ ਨੂੰ ‘ਨਵੇਂ ਦੋਸਤ ਬਣਾਉਣ ਅਤੇ ਦੁਨੀਆ ’ਤੇ ਪ੍ਰਭਾਵ ਪਾਉਣ ਦਾ ਯੁੱਗ’ ਕਹਿ ਸਕਦੇ ਹਾਂ। ਅਜੋਕੇ ਸਮੇਂ ਵਿੱਚ ਸਭ ਦੇਸ਼ਾਂ ਨਾਲ ਇੱਕੋ ਵੇਲੇ ਸਾਂਝ ਰੱਖਣ ਦੀ ਇਸ ਨੀਤੀ ਨੂੰ ਉਹ ਵੱਡੇ-ਵੱਡੇ ਅਮੀਰ ਅਤੇ ਰਸੂਖ਼ਵਾਨ ਲੋਕ ਵੀ ਚੰਗੀ ਤਰ੍ਹਾਂ ਸਮਝਦੇ ਹਨ, ਜੋ ਆਰਾਮ ਦੀ ਜ਼ਿੰਦਗੀ ਜਿਊਂਦੇ ਹਨ ਅਤੇ ਸਰਕਾਰਾਂ ਚਲਾਉਣ ਦੇ ਫ਼ੈਸਲੇ ਲੈਂਦੇ ਹਨ। ਇਹ ਦੁਨੀਆ ਤੋਂ ਪਾਸਾ ਵੱਟਣਾ ਨਹੀਂ ਹੈ, ਜਿਵੇਂ ਪੁਰਾਣੀ ਗੁੱਟ-ਨਿਰਲੇਪਤਾ ਦੀ ਨੀਤੀ ਵੇਲੇ ਹੁੰਦਾ ਸੀ ਸਗੋਂ ਇਹ ਤਾਂ ਦੁਨੀਆ ਦੇ ਮਾਮਲਿਆਂ ਵਿੱਚ ਹੋਰ ਵਧ-ਚੜ੍ਹ ਕੇ ਹਿੱਸਾ ਲੈਣ ਵਰਗਾ ਹੈ। ਆਪਣੀ ਆਜ਼ਾਦੀ ਦੇ 80ਵੇਂ ਸਾਲ ਵਿੱਚ ਪੈਰ ਧਰਦਿਆਂ ਭਾਰਤ ਇਹ ਗੱਲ ਚੰਗੀ ਤਰ੍ਹਾਂ ਸਿੱਖ ਚੁੱਕਾ ਹੈ ਕਿ ਇੱਕ ਖੇਤਰੀ ਤਾਕਤ ਹੋਣ ਦੇ ਨਾਤੇ ਜੇ ਉਸ ਨੇ ਆਪਣੇ ਹਾਲਾਤ ਦਾ ਪੂਰਾ ਫ਼ਾਇਦਾ ਉਠਾਉਣਾ ਹੈ ਤਾਂ ਉਸ ਲਈ ਇੱਕੋ ਸਮੇਂ ਕਈ ਦੇਸ਼ਾਂ ਨਾਲ ਦੋਸਤੀ ਨਿਭਾਉਣਾ ਹੀ ਸਭ ਤੋਂ ਵਧੀਆ ਰਸਤਾ ਹੈ। ਅਜਿਹਾ ਵੀ ਨਹੀਂ ਹੈ ਕਿ ਭਾਰਤ ਨੇ ਪਹਿਲਾਂ ਕਦੇ ਕਿਸੇ ਦੇ ਸਾਹਮਣੇ ਆਪਣੇ ਮਨ ਦੀ ਗੱਲ ਖੁੱਲ੍ਹ ਕੇ ਨਾ ਕਹੀ ਹੋਵੇ। ਉਦੋਂ ਵੀ ਜਦੋਂ ਸਾਬਕਾ ਸੋਵੀਅਤ ਸੰਘ (ਰੂਸ) ਨਾਲ ਸਾਡੀ ਦੋਸਤੀ ਇੱਕ ਪੱਕੇ ਗੱਠਜੋੜ ਵਰਗੀ ਲੱਗਦੀ ਸੀ, ਭਾਰਤ ਆਪਣੀ ਗੱਲ ਕਹਿਣੋਂ ਪਿੱਛੇ ਨਹੀਂ ਸੀ ਹਟਿਆ। ਜਦੋਂ 1958 ਵਿੱਚ ਰੂਸੀ ਲੇਖਕ ਬੋਰਿਸ ਪਾਸਤਰਨਾਕ ਨੂੰ ਉਨ੍ਹਾਂ ਦੇ ਨਾਵਲ ‘ਡਾਕਟਰ ਜ਼ਿਵਾਗੋ’ ਲਈ ਸਾਹਿਤ ਦਾ ਨੋਬੇਲ ਪੁਰਸਕਾਰ ਮਿਲਿਆ ਤਾਂ ਸ੍ਰੀ ਜਵਾਹਰਲਾਲ ਨਹਿਰੂ ਨੇ ਹੀ ਸਭ ਤੋਂ ਮੂਹਰੇ ਹੋ ਕੇ ਰੂਸ ਨੂੰ ਅਪੀਲ ਕੀਤੀ ਸੀ ਕਿ ਲੇਖਕ ਨੂੰ ਮੈਡਲ ਲੈਣ ਲਈ ਸਵੀਡਨ ਜਾਣ ਦਿੱਤਾ ਜਾਵੇ (ਉਹ ਵੱਖਰੀ ਗੱਲ ਹੈ ਕਿ ਉਦੋਂ ਰੂਸੀਆਂ ਨੇ ਸ੍ਰੀ ਨਹਿਰੂ ਦੀ ਗੱਲ ਨਹੀਂ ਸੀ ਮੰਨੀ)।

ਇਸ ਤਰ੍ਹਾਂ ਦੀਆਂ ਕਈ ਹੋਰ ਉਦਾਹਰਣਾਂ ਮਿਲ ਜਾਣਗੀਆਂ। ਇੱਕ ਵਾਰ ਜਦੋਂ ਇੱਕ ਅਮਰੀਕੀ ਪੱਤਰਕਾਰ ਨੇ ਇੰਦਰਾ ਗਾਂਧੀ ਨੂੰ ਪੁੱਛਿਆ ਕਿ ਭਾਰਤ ‘ਖੱਬੇ ਪਾਸੇ ਝੁਕਿਆ ਹੋਇਆ ਹੈ ਜਾਂ ਸੱਜੇ ਪਾਸੇ ?’ ਤਾਂ ਉਨ੍ਹਾਂ ਨੇ ਮੁਸਕਰਾਉਂਦੇ ਹੋਏ ਕਰਾਰਾ ਜਵਾਬ ਦਿੱਤਾ ਸੀ ‘ਅਸੀਂ ਬਿਲਕੁਲ ਸਿੱਧੇ ਖੜ੍ਹੇ ਹਾਂ’। ਇਸੇ ਤਰ੍ਹਾਂ ਸਾਲ 2000 ਵਿੱਚ ਅਟਲ ਬਿਹਾਰੀ ਵਾਜਪਾਈ ਨੇ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਨੂੰ ਭਾਰਤ ਆਉਣ ਦਾ ਸੱਦਾ ਦੇ ਦਿੱਤਾ। ਇਹ ਉਹ ਸਮਾਂ ਸੀ ਜਦੋਂ ਭਾਰਤ ਵੱਲੋਂ ਕੀਤੇ ਪਰਮਾਣੂ ਧਮਾਕਿਆਂ ਕਾਰਨ ਅਮਰੀਕਾ ਨੂੰ ਸਾਡੇ ’ਤੇ ਪਾਬੰਦੀਆਂ ਲਗਾਇਆਂ ਹਾਲੇ ਮਹਿਜ਼ ਦੋ ਸਾਲ ਹੀ ਹੋਏ ਸਨ। ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਨੇ ਭਾਰਤ ਵਿੱਚ ਪੰਜ ਸ਼ਾਨਦਾਰ ਦਿਨ ਬਿਤਾਏ ਅਤੇ ਹਰ ਜਗ ?ਹਾ ਉਨ੍ਹਾਂ ਦਾ ਸ਼ਾਹੀ ਸਵਾਗਤ ਹੋਇਆ (ਦੂਜੇ ਪਾਸੇ, ਉਹ ਪਾਕਿਸਤਾਨ ਵਿੱਚ ਡਰ ਦੇ ਮਾਰੇ ਸੁਰੱਖਿਆ ਦੇ ਸਖ਼ਤ ਘੇਰੇ ਵਿੱਚ ਸਿਰਫ਼ ਪੰਜ ਘੰਟੇ ਲਈ ਹੀ ਰੁਕੇ)। ਕਲਿੰਟਨ ਨੇ ਭਾਰਤ ਦੌਰੇ ਦਾ ਇੰਨਾ ਆਨੰਦ ਮਾਣਿਆ ਕਿ ਬਾਅਦ ਵਿੱਚ ਇਹ ਗੱਲ ਕੋਈ ਮਾਅਨੇ ਨਹੀਂ ਸੀ ਰੱਖਦੀ ਕਿ ਕਿਸ ਨੇ ਕਿਸ ਨੂੰ ਸਜ਼ਾ ਦਿੱਤੀ ਸੀ ਅਤੇ ਕਿਸ ਨੇ ਕਿਸ ਨੂੰ ਮੁਆਫ਼ ਕੀਤਾ ਸੀ। ਇਹੀ ਕਾਰਨ ਹੈ ਕਿ ‘ਪਿਛਲੱਗੂ ਕੂਟਨੀਤੀ’ ਦਾ ਮਤਲਬ ਹੈ ਕਿ ਕਿਸੇ ਵੱਡੀ ਮਹਾਂਸ਼ਕਤੀ ਦੇ ਪੱਲੇ ਨਾਲ ਬੱਝ ਜਾਓ ਤਾਂ ਜੋ ਉਸ ਦੀ ਛਤਰ-ਛਾਇਆ ਹੇਠ ਮਿਲਣ ਵਾਲੇ ਫ਼ਾਇਦਿਆਂ ਦਾ ਲਾਹਾ ਲਿਆ ਜਾ ਸਕੇ, ਜਿਵੇਂ ਪਿਛਲੇ ਕਈ ਦਹਾਕਿਆਂ ਤੋਂ ਜਾਪਾਨ ਅਤੇ ਆਸੀਆਨ (ਦੱਖਣ-ਪੂਰਬੀ ਏਸ਼ਿਆਈ ਰਾਸ਼ਟਰਾਂ ਦੀ ਐਸੋਸੀਏਸ਼ਨ) ਦੇਸ਼ਾਂ ਨੇ ਕੀਤਾ ਹੈ। ਉਹ ਨੀਤੀ ਭਾਰਤ ਦੇ ਮਾਮਲੇ ਵਿੱਚ ਕਦੇ ਕਾਮਯਾਬ ਨਹੀਂ ਹੋ ਸਕਦੀ। ਸਾਡਾ ਦੇਸ਼ ਇੰਨਾ ਵੱਡਾ, ਇੰਨਾ ਵੱਖਰਾ, ਇੰਨੀਆਂ ਵੰਨ-ਸੁਵੰਨਤਾਵਾਂ ਨਾਲ ਭਰਿਆ ਅਤੇ ਇੰਨਾ ਉਲਝਿਆ ਹੋਇਆ ਹੈ ਕਿ ਇਸ ਨੂੰ ਕਿਸੇ ਇੱਕ ਢਾਂਚੇ ਵਿੱਚ ਫਿੱਟ ਨਹੀਂ ਕੀਤਾ ਜਾ ਸਕਦਾ। ਇਹੀ ਕਾਰਨ ਹੈ ਕਿ ਉੱਤਰ ਪ੍ਰਦੇਸ਼ ਸਰਕਾਰ ਦੀ ‘ਇੱਕ ਜ਼ਿਲ੍ਹਾ, ਇੱਕ ਪਕਵਾਨ’ ਵਾਲੀ ਨੀਤੀ (ਜਿਸ ਵਿੱਚ ਕੋਈ ਵੀ ਮਾਸਾਹਾਰੀ ਖਾਣਾ ਸ਼ਾਮਿਲ ਨਹੀਂ ਹੈ) ਦਾ ਫੇਲ੍ਹ ਹੋਣਾ ਤੈਅ ਹੈ। ਜੇਕਰ ਖਾਣ-ਪੀਣ ਦੀ ਇਸੇ ਉਦਾਹਰਣ ਨੂੰ ਥੋੜ੍ਹਾ ਹੋਰ ਅੱਗੇ ਵਧਾ ਕੇ ਦੇਖੀਏ ਤਾਂ ਭਾਜਪਾ ਇਹ ਗੱਲ ਚੰਗੀ ਤਰ੍ਹਾਂ ਸਮਝ ਚੁੱਕੀ ਹੈ ਕਿ ਉੱਤਰੀ ਭਾਰਤ ਦੇ ਜਿਨ੍ਹਾਂ ਸੂਬਿਆਂ ਵਿੱਚ ਉਸ ਦੀ ਸਰਕਾਰ ਹੈ, ਉੱਥੇ ਲਗਾਈ ਗਈ ਬੀਫ (ਗਊ ਮਾਸ) ਦੀ ਪਾਬੰਦੀ ਉਹ ਉੱਤਰ-ਪੂਰਬੀ ਭਾਰਤ ’ਤੇ ਨਹੀਂ ਥੋਪ ਸਕਦੀ। ਇਹੀ ਵਜ ?ਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਵਿਦੇਸ਼ ਨੀਤੀ ਦਾ ਦੁਬਾਰਾ ਆਪਣੇ ਅਸਲੀ ਭੂ-ਸਿਆਸੀ ਕੇਂਦਰ ਵੱਲ ਪਰਤਣਾ ਸ਼ਲਾਘਾਯੋਗ ਹੈ। ਸਾਡੇ ਸਾਹਮਣੇ ਚੁਣੌਤੀਆਂ ਬਹੁਤ ਵੱਡੀਆਂ ਹਨ ਕਿਉਂਕਿ ਅਸਲ ਰਾਹ ਤੋਂ ਥੋੜ੍ਹਾ ਭਟਕਣ ਕਾਰਨ ਕੁਝ ਆਪਸੀ ਮੱਤਭੇਦ ਵਧ ਗਏ ਹਨ, ਕੁਝ ਰਿਸ਼ਤਿਆਂ ਵਿੱਚ ਤਣਾਅ ਆ ਗਿਆ ਹੈ ਅਤੇ ਕੁਝ ਬਿਲਕੁਲ ਟੁੱਟ ਚੁੱਕੇ ਹਨ। ਪਰ ਇਹ ਵੀ ਓਨਾ ਹੀ ਸੱਚ ਹੈ ਕਿ ਇਸ ਨੇ ਸਾਨੂੰ ਇੱਕ ਬਹੁਤ ਕੀਮਤੀ ਸਬਕ ਸਿਖਾਇਆ ਹੈ ਕਿ ‘ਭਰੋਸਾ ਜ਼ਰੂਰ ਕਰੋ, ਪਰ ਨਜ਼ਰ ਵੀ ਰੱਖੋ’। ਆਰ ਐੱਸ ਐੱਸ ਆਗੂ ਦੱਤਾਤ੍ਰੇਅ ਹੋਸਾਬਲੇ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਪਾਕਿਸਤਾਨ ਨਾਲ ਸਬੰਧ ਸੁਧਾਰਨ ਦੀ ਦਿੱਤੀ ਗਈ ਸਲਾਹ (ਜਿਸ ਵਿੱਚ ਉਹ ਕਹਿ ਰਹੇ ਹਨ ਕਿ ਆਪਣੀਆਂ ਸਰਹੱਦਾਂ ਨੂੰ ਸਥਿਰ ਰੱਖੋ ਅਤੇ ਚੌਕਸ ਰਹੋ) ਅਸਲ ਵਿੱਚ ‘ਭਰੋਸਾ ਕਰੋ ਪਰ ਨਜ਼ਰ ਵੀ ਰੱਖੋ’ ਦੇ ਉਸੇ ਸਿਧਾਂਤ ਦਾ ਅਹਿਮ ਹਿੱਸਾ ਹੈ, ਜਿਸ ਦਾ ਪ੍ਰਚਾਰ ‘ਚਾਣਕਿਆ’ ਨੇ ਸਭ ਤੋਂ ਪਹਿਲਾਂ ਕੀਤਾ ਸੀ। (ਵਾਜਪਾਈ ਅਤੇ ਮਨਮੋਹਨ ਸਿੰਘ ਵਾਂਗ 1980 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਚੀਨੀ ਆਗੂ ਡੇਂਗ ਸ਼ਿਆਓਪਿੰਗ ਦੀ ਵਿਦੇਸ਼ ਨੀਤੀ ਦੀ ਪਹਿਲੀ ਕਸੌਟੀ ਵੀ ਆਪਣੀਆਂ ਸਰਹੱਦਾਂ ਨੂੰ ਸ਼ਾਂਤ ਰੱਖਣਾ ਹੀ ਸੀ; ਇਹ ਮਹਾਨ ਸ਼ਖ਼ਸੀਅਤਾਂ ਇਹ ਗੱਲ ਚੰਗੀ ਤਰ੍ਹਾਂ ਸਮਝਦੀਆਂ ਸਨ ਕਿ ਜੇਕਰ ਸਰਹੱਦਾਂ ’ਤੇ ਅਮਨ-ਚੈਨ ਹੋਵੇਗਾ ਤਾਂ ਹੀ ਦੇਸ਼ ਦੇ ਅੰਦਰ ਸ਼ਾਂਤੀ ਅਤੇ ਤਰੱਕੀ ਦਾ ਰਾਹ ਖੁੱਲ੍ਹੇਗਾ।)

ਬ੍ਰਿਕਸ ਅਤੇ ਕੁਆਡ ਦੋਵਾਂ ਸੰਗਠਨਾਂ ਦਾ ਮੁੜ ਸਰਗਰਮ ਹੋਣਾ ਇੱਕ ਚੰਗਾ ਸੰਕੇਤ ਹੈ ਕਿਉਂਕਿ ਇਹ ਦੋਵੇਂ ਹੀ ਕੌਮਾਂਤਰੀ ਪੱਧਰ ’ਤੇ ਸਥਿਰਤਾ ਦੇ ਵੱਡੇ ਕੇਂਦਰ ਹਨ। ਬੰਗਲਾਦੇਸ਼ ਵਿੱਚ ਕਿਸੇ ਸਿਆਸੀ ਮਾਹਿਰ ਨੂੰ ਭੇਜਣਾ ਇਸੇ ਸੋਚ ਦਾ ਵਿਸਥਾਰ ਹੈ। ਸੋਨੀਆ ਗਾਂਧੀ ਦੇ ਜੱਦੀ ਦੇਸ਼ ਇਟਲੀ ਨਾਲ ਸਬੰਧਾਂ ਵਿੱਚ ਮਿਠਾਸ ਘੋਲਣੀ ਬਹੁਤ ਹੀ ਚਲਾਕੀ ਅਤੇ ਹੁਸ਼ਿਆਰੀ ਭਰੀ ਸਿਆਸੀ ਚਾਲ ਸੀ। ਖ਼ੈਰ! ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਦੇ ਅੰਦਰੂਨੀ ਹਾਲਾਤ ਨੂੰ ਸੁਧਾਰਨ ਦੇ ਔਖੇ ਕੰਮ ਦੀ ਦੁਬਾਰਾ ਸ਼ੁਰੂਆਤ ਕੀਤੀ ਜਾਵੇ। ਇਸ ਦੀ ਇੱਕ ਵਧੀਆ ਸ਼ੁਰੂਆਤ ਇਹ ਹੋ ਸਕਦੀ ਹੈ ਕਿ (ਸੀਨੀਅਰ ਕੂਟਨੀਤਕ) ਸਿਬੀ ਜੌਰਜ ਨੂੰ ਸਰਕਾਰੀ ਖਰਚੇ ’ਤੇ ਉਨ੍ਹਾਂ ਦੇ ਗ੍ਰਹਿ ਰਾਜ ਕੇਰਲਮ ਭੇਜਿਆ ਜਾਵੇ ਤਾਂ ਜੋ ਉਹ ਇਸ ਗੱਲ ਦਾ ਨਵੇਂ ਸਿਰਿਓਂ ਜਾਇਜ਼ਾ ਲੈ ਸਕਣ ਕਿ ਉੱਥੋਂ ਦੇ ਵੱਖ-ਵੱਖ ਭਾਈਚਾਰੇ ਜਿਵੇਂ ਕਿ ਸੀਰੀਅਨ ਇਸਾਈ, ਮੋਪਲਾ ਮੁਸਲਮਾਨ ਅਤੇ ਮਾਲਾਬਾਰ ਦੇ ਹਿੰਦੂ ਨਾਇਰ ਇੱਕੋ ਬਿਰਤਾਂਤ (ਦੇਸ਼ ਦੇ ਹਾਲਾਤ) ਨੂੰ ਕਿਸ ਨਜ਼ਰੀਏ ਨਾਲ ਦੇਖਦੇ ਹਨ।



# ਰੁਪਏ ਦੀ ਗਿਰਾਵਟ

ਹਾਲ ਹੀ ਦੇ ਮਹੀਨਿਆਂ ਵਿੱਚ ਰੁਪਏ ’ਚ ਤੇਜ਼ੀ ਨਾਲ ਆਈ ਗਿਰਾਵਟ ਭਾਰਤ ਦੇ ਦਰਾਮਦ ਖੇਤਰ ਦੀਆਂ ਕਮਜ਼ੋਰੀਆਂ ਨੂੰ ਦਰਸਾਉਂਦੀ ਹੈ। ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਇਰਾਨ ਜੰਗ ਸ਼ੁਰੂ ਹੋਣ ਤੋਂ ਬਾਅਦ ਰੁਪਏ ਦੀ ਕੀਮਤ ਵਿੱਚ ਲਗਭਗ 6 ਫ਼ੀਸਦੀ ਗਿਰਾਵਟ ਆਈ ਹੈ। ਹਾਲਾਂਕਿ ਮੁਦਰਾ ਸੰਕਟ ਉੱਭਰ ਰਹੇ ਅਰਥਚਾਰਿਆਂ ਲਈ ਕੋਈ ਨਿਵੇਕਲੀ ਗੱਲ ਨਹੀਂ ਹੈ, ਪਰ ਇਸ ਵਾਰ ਭੂ-ਸਿਆਸੀ ਅਸਥਿਰਤਾ, ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ, ਨਿਰੰਤਰ ਮੁਦਰਾ ਸਫ਼ੀਤੀ ਅਤੇ ਹੌਲੀ ਹੌਲੀ ਵਿਸ਼ਵ ਵਿਕਾਸ ਦੀ ਘਟ ਰਹੀ ਰਫ਼ਤਾਰ ਦੇ ਵੇਲਿਆਂ ਵਿੱਚ ਆਈ ਮੌਜੂਦਾ ਗਿਰਾਵਟ ਕਿਤੇ ਜ਼ਿਆਦਾ ਫ਼ ?ਕਰਮੰਦੀ ਵਾਲੀ ਗੱਲ ਜਾਪਦੀ ਹੈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਪਏ ਦਬਾਅ ਨੇ ਮਾਹੌਲ ਨੂੰ ਕਾਫ਼ੀ ਤੌਖ਼ਲਿਆਂ ਨਾਲ ਭਰ ਦਿੱਤਾ ਹੈ, ਜਿਸ ਵਿੱਚ ਰੁਪਏ ਦੀ ਕਮਜ਼ੋਰੀ ਵਿਆਪਕ ਆਰਥਿਕ ਰੁਕਾਵਟਾਂ ਖੜ੍ਹੀਆਂ ਕਰ ਸਕਦੀ ਹੈ।

ਜ਼ਰੂਰੀ ਵਸਤਾਂ ਜਿਵੇਂ ਕਿ ਖਾਣਾ ਪਕਾਉਣ ਲਈ ਵਰਤੇ ਜਾਣ ਵਾਲੇ ਤੇਲਾਂ ਅਤੇ ਖਾਦਾਂ ਦੇ ਨਾਲ ਨਾਲ ਭਾਰਤ ਆਪਣੀਆਂ ਕੱਚੇ ਤੇਲ ਦੀਆਂ ਲੋੜਾਂ ਦਾ 88 ਫ਼ੀਸਦੀ ਤੋਂ ਵੱਧ ਹਿੱਸਾ ਦਰਾਮਦ ਕਰਦਾ ਹੈ। ਜਿਉਂ-ਜਿਉਂ ਡਾਲਰ ਦੇ ਮੁਕਾਬਲੇ ਰੁਪਏ ਵਿੱਚ ਗਿਰਾਵਟ ਆ ਰਹੀ ਹੈ, ਤਿਉਂ-ਤਿਉਂ ਇਹ ਸਾਰਾ ਸਾਮਾਨ ਮਹਿੰਗਾ ਹੋ ਗਿਆ ਹੈ। ਈਂਧਣ ਦੀਆਂ ਵਧਦੀਆਂ ਕੀਮਤਾਂ, ਖ਼ਾਸ ਤੌਰ ’ਤੇ ਆਵਾਜਾਈ, ਭੋਜਨ ਅਤੇ ਘਰੇਲੂ ਖਰਚਿਆਂ ’ਤੇ ਵੱਡਾ ਅਸਰ ਪਾ ਰਹੀਆਂ ਹਨ। ਰੁਪਏ ਵਿੱਚ ਆਈ ਗਿਰਾਵਟ ਨੇ ਕਾਰਪੋਰੇਟਾਂ ਅਤੇ ਨੀਤੀਘਾੜਿਆਂ ਦੇ ਸਾਹ ਵੀ ਸੂਤੇ ਪਏ ਹਨ। ਵਿਦੇਸ਼ੀ ਮੁਦਰਾ ਉਧਾਰ ਲੈਣ ਵਾਲੀਆਂ ਭਾਰਤੀ ਕੰਪਨੀਆਂ ਨੂੰ ਦੇਣਦਾਰੀਆਂ ਲਈ ਉੱਚ ਅਦਾਇਗੀ ਕਰਨੀ ਪੈ ਰਹੀ ਹੈ ਜਦੋਂਕਿ ਵਪਾਰ ਘਾਟੇ ਦਾ ਵਧਣਾ ਚਾਲੂ ਖਾਤੇ ਦੇ ਘਾਟੇ ’ਤੇ ਵਾਧੂ ਦਬਾਅ ਪਾ ਰਿਹਾ ਹੈ। ਆਲਮੀ ਨਿਵੇਸ਼ਕ ਅਨਿਸ਼ਚਿਤਤਾ ਦੇ ਇਸ ਦੌਰ ਵਿੱਚ ਫੰਡਾਂ ਦਾ ਨਿਵੇਸ਼ ਭਾਰਤ ਵਿੱਚੋਂ ਕੱਢ ਕੇ ਸੁਰੱਖਿਅਤ ਅਮਰੀਕੀ ਸੰਪਤੀਆਂ ਵਿੱਚ ਕਰਨ ਲੱਗੇ ਹਨ। ਇਸ ਲਈ ਭਾਰਤ ਵਿੱਚੋਂ ਵਿਦੇਸ਼ੀ ਨਿਵੇਸ਼ ਲਗਾਤਾਰ ਬਾਹਰ ਜਾਣ ਨੇ ਸਥਿਤੀ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਹਾਲਾਂਕਿ, ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਅਸਥਿਰਤਾ ਨੂੰ ਰੋਕਣ ਲਈ ਵਿਦੇਸ਼ੀ ਮੁਦਰਾ ਭੰਡਾਰਾਂ ਰਾਹੀਂ ਦਖ਼ਲ ਦਿੱਤਾ ਹੈ, ਪਰ ਅਜਿਹੇ ਉਪਾਅ ਰੁਪਏ ਵਿੱਚ ਆ ਰਹੀ ਗਿਰਾਵਟ ਦੀ ਰਫ਼ਤਾਰ ਨੂੰ ਘਟਾ ਤਾਂ ਸਕਦੇ ਹਨ, ਪਰ ਮੁਕੰਮਲ ਤੌਰ ’ਤੇ ਰੋਕ ਨਹੀਂ ਸਕਦੇ।

16ਵੇਂ ਵਿੱਤ ਕਮਿਸ਼ਨ ਦੇ ਚੇਅਰਮੈਨ ਅਰਵਿੰਦ ਪਨਗੜ੍ਹੀਆ ਨੇ ਦਲੀਲ ਦਿੱਤੀ ਹੈ ਕਿ ਰੁਪਏ ਦੀ ਕੀਮਤ ਕੁਦਰਤੀ ਤੌਰ ’ਤੇ ਘਟਦੀ ਰਹਿਣ ਦੀ ਇਜਾਜ਼ਤ ਦੇ ਕੇ ਸਮੇਂ ਦੇ ਨਾਲ ਵਪਾਰ ਅਸੰਤੁਲਨ ਨੂੰ ਠੀਕ ਕਰਨ ਵਿੱਚ ਮਦਦ ਮਿਲ ਸਕਦੀ ਹੈ। ਉਨ੍ਹਾਂ ਨੇ ਆਰ ਬੀ ਆਈ ਨੂੰ ਅਪੀਲ ਕੀਤੀ ਹੈ ਕਿ ਉਹ ਵਿਸ਼ਵਵਿਆਪੀ ਸਪਲਾਈ ਰੋਕਾਂ ਕਾਰਨ ਹੋਣ ਵਾਲੇ ਮੁਦਰਾ ਉਤਰਾਅ-ਚੜ੍ਹਾਅ ਦੇ ਮੱਦੇਨਜ਼ਰ ਰੁਪਏ ਦੀ ਡਿੱਗਦੀ ਸਾਖ਼ ’ਤੇ ਧਿਆਨ ਦੇਵੇ। ਅਜਿਹਾ ਨਾ ਕਰਨਾ ਗੰਭੀਰ ਜੋਖ਼ਮ ਉਠਾਉਣ ਵਾਲਾ ਹੋਵੇਗਾ, ਖ਼ਾਸ ਕਰਕੇ ਉਸ ਦੌਰ ਵਿੱਚ, ਜਦੋਂ ਪੂੰਜੀ ਦੇ ਨਿਕਾਸ ਬਾਰੇ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹੋਣ। ਨੀਤੀਘਾੜਿਆਂ ਨੂੰ ਮੰਡੀ ਮੁਤਾਬਿਕ ਸਮਝੌਤਿਆਂ ਦੀ ਇਜਾਜ਼ਤ ਦੇਣ ਅਤੇ ਬਹੁਤ ਜ਼ਿਆਦਾ ਅਸਥਿਰਤਾ ਨੂੰ ਰੋਕਣ ਵਿਚਾਲੇ ਧਿਆਨ ਨਾਲ ਸੰਤੁਲਨ ਬਣਾਉਣਾ ਚਾਹੀਦਾ ਹੈ। ਮਹਿੰਗਾਈ ਨਾਲ ਸਿੱਝਣਾ ਅਤੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਬਣਾਈ ਰੱਖਣਾ ਭਾਰਤ ਦੀ ਆਰਥਿਕ ਸਥਿਰਤਾ ਯਕੀਨੀ ਬਣਾਉਣ ਲਈ ਅਹਿਮ ਹੋਵੇਗਾ।



# ਪੰਜਾਬ ਦੀ ਸਿਆਸਤ ਟਕਰਾਅ ਦੇ ਰਾਹ ’ਤੇ

ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ‘ਗੁਰਾਂ ਦੇ ਨਾਂ ’ਤੇ ਵੱਸਦੇ’ ਪੰਜਾਬ ਦੀ ਸਿਆਸਤ ਟਕਰਾਅ ਦੇ ਰਾਹ ਪੈ ਗਈ ਹੈ। ਇਹ ਟਕਰਾਅ ਦੋ-ਪੱਧਰੀ ਹੈ: ਇੱਕ ਪਾਸੇ ਸੂਬਾਈ ਸਿਆਸਤ ਦਾ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਅਤੇ ਦੂਜੇ ਪਾਸੇ ਸਿੱਖ ਕੌਮ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਇਹ ਸੰਸਥਾ ਸਿੱਖ ਪ੍ਰਭੂਸੱਤਾ ਦੀ ਆਲਮੀ ਪਛਾਣ ਹੈ। ਦਿਲਚਸਪ ਪਹਿਲੂ ਇਹ ਹੈ ਕਿ ਇਸ ਖਿੱਚੋਤਾਣ ਦਾ ਸਿਆਸੀ ਲਾਹਾ ਆਮ ਆਦਮੀ ਪਾਰਟੀ (ਆਪ) ਅਤੇ ਸੂਬੇ ਵਿੱਚ ਚੌਥੇ ਨੰਬਰ ਦੀ ਧਿਰ ਮੰਨੀ ਜਾਂਦੀ ਭਾਜਪਾ, ਦੋਵਾਂ ਨੂੰ ਮਿਲਣ ਦੀ ਸੰਭਾਵਨਾ ਹੈ। ਭਾਜਪਾ ਨਾਲ ‘ਆਪ’ ਦਾ ਟਕਰਾਅ ਬਹੁ-ਪਰਤੀ ਹੈ। ਦਿੱਲੀ ਵਿੱਚ ‘ਆਪ’ ਅਤੇ ਭਾਜਪਾ ਦੀ ਸਿਆਸੀ ਜੰਗ ਪੁਰਾਣੀ ਹੈ, ਪਰ ਪੰਜਾਬ ਵਿੱਚ ਇਹ ਲੜਾਈ ਉਦੋਂ ਹੋਰ ਤਿੱਖੀ ਹੋ ਗਈ ਜਦੋਂ ‘ਆਪ’ ਦੇ ਸੱਤ ਰਾਜ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਵਿੱਚੋਂ ਛੇ ਮੈਂਬਰ ਪੰਜਾਬ ਨਾਲ ਸਬੰਧਿਤ ਹਨ, ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲਈ ਇੱਕ ਵੱਡਾ ਸਿਆਸੀ ਝਟਕਾ ਹੈ।

ਇਸੇ ਦੌਰਾਨ ਸੂਬੇ ਵਿੱਚ ਵਾਪਰੀ ਇੱਕ ਘਟਨਾ ਨੇ ਮਾਹੌਲ ਨੂੰ ਹੋਰ ਗੰਭੀਰ ਬਣਾ ਦਿੱਤਾ। ਛੇ ਮਈ ਦੀ ਰਾਤ ਨੂੰ ਤਿੰਨ ਘੰਟੇ ਦੇ ਵਕਫ਼ੇ ਵਿੱਚ ਦੋ ਬੰਬ ਧਮਾਕੇ ਹੋਏ, ਪਹਿਲਾ ਜਲੰਧਰ ਵਿਖੇ ਬੀ ਐੱਸ ਐੱਫ ਕੈਂਪ ਦੇ ਗੇਟ ’ਤੇ ਅਤੇ ਦੂਜਾ ਅੰਮ੍ਰਿਤਸਰ ਜ਼ਿਲ੍ਹੇ ਦੇ ਖਾਸਾ ਵਿਖੇ ਫ਼ੌਜੀ ਕੈਂਪ ਦੇ ਨੇੜੇ। ਖਾਸਾ, ਅਟਾਰੀ-ਵਾਹਗਾ ਸਰਹੱਦ ਦੇ ਬਿਲਕੁਲ ਨੇੜੇ ਹੈ। ਖ਼ੁਸ਼ਕਿਸਮਤੀ ਰਹੀ ਕਿ ਇਨ੍ਹਾਂ ਧਮਾਕਿਆਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਨ੍ਹਾਂ ਧਮਾਕਿਆਂ ਬਾਰੇ ਮੁੱਖ ਮੰਤਰੀ ਦਾ ਬਿਆਨ ਵੀ ਕਿਸੇ ‘ਧਮਾਕੇ’ ਤੋਂ ਘੱਟ ਨਹੀਂ ਸੀ, ਜਿਸ ਦੀ ਗੂੰਜ ਨੂੰ ਸ਼ਾਇਦ ਦਬਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਪੰਜਾਬ ਲਈ ਅਜਿਹੇ ਧਮਾਕੇ ਕੋਈ ਨਵੀਂ ਗੱਲ ਨਹੀਂ ਕਿਉਂਕਿ 1980ਵਿਆਂ ਤੋਂ ਹੀ ਸੂਬਾ ਅਜਿਹੇ ਦੌਰ ਵਿੱਚੋਂ ਲੰਘਦਾ ਰਿਹਾ ਹੈ। ਉਂਜ, ਪਿਛਲੇ ਕੁਝ ਸਮੇਂ ਤੋਂ ਹੋ ਰਹੇ ਧਮਾਕਿਆਂ ਦਾ ਸੁਭਾਅ ਕੁਝ ਵੱਖਰਾ ਜਾਪਦਾ ਹੈ ਕਿਉਂਕਿ ਇਨ੍ਹਾਂ ਵਿੱਚ ਜਾਨੀ ਨੁਕਸਾਨ ਕਰਨ ਦੀ ਬਜਾਏ ਸ਼ਾਇਦ ‘ਸੰਕੇਤ’ ਦੇਣ ਦੀ ਕੋਸ਼ਿਸ਼ ਵਧੇਰੇ ਨਜ਼ਰ ਆ ਰਹੀ ਹੈ।

ਪੰਜਾਬ ਦੀ ਸਿਆਸਤ ਵਿੱਚ ਅਜਿਹਾ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਸੂਬੇ ਵਿੱਚ ਹੋਏ ਧਮਾਕਿਆਂ ਲਈ ਸਿੱਧੇ ਤੌਰ ’ਤੇ ਕੇਂਦਰ ਦੀ ਸੱਤਾਧਾਰੀ ਧਿਰ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੋਵੇ ਅਤੇ ਉਹ ਵੀ ਸੂਬੇ ਦੇ ਮੁੱਖ ਮੰਤਰੀ ਨੇ। ਕੇਂਦਰ ਦੀ ਸੱਤਾਧਾਰੀ ਪਾਰਟੀ ’ਤੇ ਅਜਿਹਾ ਗੰਭੀਰ ਇਲਜ਼ਾਮ ਲਗਾਉਣਾ ਬੇਹੱਦ ਅਸਾਧਾਰਨ ਹੈ। ਫਿਰ ਵੀ ਮੀਡੀਆ ਨੇ ਇਸ ਬਿਆਨ ਨੂੰ ਬਣਦੀ ਤਵੱਜੋ ਨਹੀਂ ਦਿੱਤੀ। ਮੁੱਖ ਮੰਤਰੀ ਲਗਾਤਾਰ ਇਹ ਦਾਅਵਾ ਕਰ ਰਹੇ ਹਨ ਕਿ ਚੋਣਾਂ ਤੋਂ ਪਹਿਲਾਂ ਭਾਜਪਾ ਅਜਿਹੇ ਹੱਥਕੰਡਿਆਂ ਰਾਹੀਂ ਨਾ ਸਿਰਫ਼ ਬਦਅਮਨੀ ਫੈਲਾਉਣਾ ਚਾਹੁੰਦੀ ਹੈ ਸਗੋਂ ਲੋਕਾਂ ਵਿੱਚ ਫ਼ਿਰਕਾਪ੍ਰਸਤੀ ਦੀ ਅੱਗ ਲਾਉਣ ਦੀ ਕੋਸ਼ਿਸ਼ ਵਿੱਚ ਹੈ, ਜਿਸ ਨੂੰ ‘ਆਪ’ ਸਫ਼ਲ ਨਹੀਂ ਹੋਣ ਦੇਵੇਗੀ। ਇਸ ਸਬੰਧੀ ਪੱਛਮੀ ਬੰਗਾਲ ਦੀ ਮਿਸਾਲ ਵੀ ਦਿੱਤੀ ਜਾ ਰਹੀ ਹੈ, ਪਰ ਮੀਡੀਆ ਵਿੱਚ ਮੁੱਖ ਮੰਤਰੀ ਦੇ ਬਿਆਨ ਨਾਲੋਂ ਪੁਲੀਸ ਮੁਖੀ ਗੌਰਵ ਯਾਦਵ ਦੇ ਬਿਆਨ ਨੂੰ ਵਧੇਰੇ ਸਥਾਨ ਮਿਲਿਆ, ਜਿਸ ਵਿੱਚ ਉਨ੍ਹਾਂ ਨੇ ਇਨ੍ਹਾਂ ਧਮਾਕਿਆਂ ਪਿੱਛੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਦਾ ਹੱਥ ਦੱਸਿਆ। ਉਂਜ, ਪੰਜਾਬ ਪੁਲੀਸ ਪਿਛਲੇ ਕਈ ਦਹਾਕਿਆਂ ਤੋਂ ਅਜਿਹੀਆਂ ਘਟਨਾਵਾਂ ਬਾਰੇ ਇਹੀ ‘ਮੁਹਾਰਨੀ’ ਦੁਹਰਾਉਂਦੀ ਆ ਰਹੀ ਹੈ।

ਹੈਰਾਨੀਜਨਕ ਪੱਖ ਇਹ ਹੈ ਕਿ ਡੀ ਜੀ ਪੀ ਯਾਦਵ ਦਾ ਬਿਆਨ ਮੁੱਖ ਮੰਤਰੀ ਦੇ ਦਾਅਵੇ ਨੂੰ ਇੱਕ ਤਰ੍ਹਾਂ ਨਾਲ ਰੱਦ ਕਰਦਾ ਪ੍ਰਤੀਤ ਹੁੰਦਾ ਹੈ। ਸ੍ਰੀ ਗੌਰਵ ਯਾਦਵ ਪਿਛਲੇ ਲਗਪਗ ਚਾਰ ਸਾਲਾਂ ਤੋਂ ਕਾਰਜਕਾਰੀ ਪੁਲੀਸ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਭਰੋਸੇਮੰਦ ਅਧਿਕਾਰੀ ਮੰਨਿਆ ਜਾਂਦਾ ਹੈ। ਸ੍ਰੀ ਮਾਨ ਆਪਣੇ ਬਿਰਤਾਂਤ ਨੂੰ ਰੋਜ਼ਾਨਾ ਦੁਹਰਾ ਰਹੇ ਹਨ, ਪਰ ਭਾਜਪਾ ਨੇ ਇਸ ਮੁੱਦੇ ’ਤੇ ਪ੍ਰਤੀਕਿਰਿਆ ਦੇਣੀ ਬੰਦ ਕਰ ਦਿੱਤੀ ਹੈ। ਪੰਜਾਬ

**ਜਗਤਾਰ ਸਿੰਘ**

ਵਿੱਚ ਕੇਂਦਰ ਵਿਰੁੱਧ ਇਹ ਬਿਰਤਾਂਤ ਦਿਨੋ-ਦਿਨ ਤਿੱਖਾ ਹੋ ਰਿਹਾ ਹੈ। ਸਚਾਈ ਇਹ ਵੀ ਹੈ ਕਿ ਪੰਜਾਬ ਦਾ ਸੁਰੱਖਿਆ ਤੰਤਰ ਮੁਲਕ ਦੀ ਸੁਰੱਖਿਆ ਦੇ ਮਾਮਲੇ ਵਿੱਚ ਕੇਂਦਰ ਦੇ ਉਲਟ ਨਹੀਂ ਜਾ ਸਕਦਾ। ਪੰਜਾਬ ਇੱਕ ਸੰਵੇਦਨਸ਼ੀਲ ਸਰਹੱਦੀ ਸੂਬਾ ਹੈ ਅਤੇ ਇੱਥੋਂ ਦੀ ਆਬੋ-ਹਵਾ ਹਮੇਸ਼ਾ ਨਾਬਰੀ ਦੀ ਸਿਆਸਤ ਲਈ ਜ਼ਰਖ਼ੇਜ਼ ਰਹੀ ਹੈ। 1980ਵਿਆਂ ਤੋਂ ਸ਼ੁਰੂ ਹੋ ਕੇ ਲਗਪਗ ਡੇਢ ਦਹਾਕਾ ਇਹ ਧਰਤੀ ਲਹੂ ਨਾਲ ਭਿੱਜੀ ਰਹੀ ਹੈ। ਅਜਿਹੇ ਨਾਜ਼ੁਕ ਮੋੜ ’ਤੇ ਪੰਜਾਬ ਹੁਣ ਕਿਸੇ ਹੋਰ ਨੁਕਸਾਨ ਦਾ ਬੋਝ ਝੱਲਣ ਦੇ ਸਮਰੱਥ ਨਹੀਂ ਹੈ।

ਗੱਲ ਟਕਰਾਅ ਦੀ ਸਿਆਸਤ ਦੀ ਹੋ ਰਹੀ ਹੈ। ਜਦੋਂ ਕੇਂਦਰੀ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ 9 ਮਈ ਦੀ ਸਵੇਰ ਕੈਬਨਿਟ ਮੰਤਰੀ ਅਤੇ ‘ਆਪ’ ਦੇ ਆਗੂ ਸੰਜੀਵ ਅਰੋੜਾ (ਸਨਅਤ ਮੰਤਰੀ) ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਇਹ ਖਿੱਚੋਤਾਣ ਤਿਖੇਰੀ ਹੋ ਗਈ। ਵੱਡੇ ਸਨਅਤਕਾਰ ਸ੍ਰੀ ਅਰੋੜਾ ’ਤੇ ਕਾਰੋਬਾਰੀ ਹੇਰਾਫੇਰੀਆਂ ਦੇ ਦੋਸ਼ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਏਜੰਸੀਆਂ ਦੀ ਵਰਤੋਂ ਕੋਈ ਨਵੀਂ ਗੱਲ ਨਹੀਂ, ਪਰ ਭਾਜਪਾ ਸਰਕਾਰ ਨੇ ਤਾਂ ਇਸ ਨੂੰ ਸਿਆਸੀ ਹਥਿਆਰ ਬਣਾ ਲਿਆ ਜਾਪਦਾ ਹੈ। ਇਸ ਦੇ ਵਿਰੋਧ ਵਿੱਚ 10 ਮਈ ਨੂੰ ‘ਆਪ’ ਵਰਕਰਾਂ ਨੇ ਭਾਜਪਾ ਦਫ਼ਤਰਾਂ ਨੂੰ ਘੇਰਿਆ। ਇਸ ਵੇਲੇ ਸੂਬੇ ਵਿੱਚ ਸਭ ਤੋਂ ਤਿੱਖੀ ਬਿਆਨਬਾਜ਼ੀ ‘ਆਪ’ ਅਤੇ ਭਾਜਪਾ ਦਰਮਿਆਨ ਚੱਲ ਰਹੀ ਹੈ। ਉਂਜ, ਇਨ੍ਹਾਂ ਮਾਮਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਵੀ ਪਿੱਛੇ ਨਹੀਂ ਹਨ।

ਇਸ ਸਾਰੇ ਵਰਤਾਰੇ ਵਿੱਚ ਅਕਾਲੀ ਧਿਰਾਂ ਅਤੇ ਕਾਂਗਰਸ ਕਿਧਰੇ ਗੁਆਚੇ ਹੋਏ ਪ੍ਰਤੀਤ ਹੁੰਦੇ ਹਨ। ਭਾਜਪਾ ਇਹ ਲੜਾਈ ਚੌਥੇ ਸਥਾਨ ਤੋਂ ਲੜ ਰਹੀ ਹੈ ਅਤੇ ਇਸ ਟਕਰਾਅ ਵਿੱਚ ਦੋਵਾਂ ਧਿਰਾਂ (‘ਆਪ’ ਤੇ ਭਾਜਪਾ) ਦਾ ਸਿਆਸੀ ਫ਼ਾਇਦਾ ਨਜ਼ਰ ਆ ਰਿਹਾ ਹੈ। ਜਾਪਦਾ ਹੈ ਕਿ ਭਾਜਪਾ ਦਾ ਨਿਸ਼ਾਨਾ ਮਹਿਜ਼ 2027 ਦੀਆਂ ਚੋਣਾਂ ਨਹੀਂ, ਸਗੋਂ ਇਸ ਦੀ ਰਣਨੀਤੀ ਦੂਰਗਾਮੀ ਹੈ। ਪੰਜਾਬ ਦੀ ਸਿੱਖ ਸਿਆਸਤ ਹੁਣ ਸਿਰਫ਼ ਖੇਤਰੀ ਨਹੀਂ ਰਹੀ, ਇਸ ਦਾ ਸਰੂਪ ਆਲਮੀ ਹੋ ਚੁੱਕਾ ਹੈ। ਯਾਦ ਰਹੇ ਕਿ ਸ਼ਾਂਤੀ ਦਾ ਅਰਥ ਸਿਰਫ਼ ਹਿੰਸਾ ਦਾ ਖ਼ਾਤਮਾ ਹੋਣਾ ਨਹੀਂ ਹੁੰਦਾ। ਮਾਨ ਸਰਕਾਰ ਇਸ ਵੇਲੇ ਸਿੱਖ ਭਾਵਨਾਵਾਂ ਨੂੰ ਸ਼ਾਂਤ ਕਰਨ ਦੇ ਚੱਕਰ ਵਿੱਚ ਇੱਕ ਹੋਰ ਵੱਡੇ ਟਕਰਾਅ ਦਾ ਸਾਹਮਣਾ ਕਰ ਰਹੀ ਹੈ। ਸਥਿਤੀ ਕਾਫ਼ੀ ਪੇਚੀਦਾ ਹੈ ਕਿਉਂਕਿ ਸਰਕਾਰ ਦੇ ਇੱਕ ਫ਼ੈਸਲੇ ਨੇ ਸਿੱਖਾਂ ਦੇ ਇੱਕ ਹਿੱਸੇ ਨੂੰ ਸੰਤੁਸ਼ਟ ਜਦੋਂਕਿ ਦੂਜੇ ਹਿੱਸੇ ਵਿੱਚ ਰੋਸ ਪੈਦਾ ਕੀਤਾ ਹੈ। ਸਰਕਾਰ ਲਈ ਇਹ ‘ਅੱਗੇ ਖੂਹ, ਪਿੱਛੇ ਖਾਤਾ’ ਵਾਲੀ ਸਥਿਤੀ ਹੈ। ਦਰਅਸਲ, ਇਹ ਮਸਲਾ ਸਿੱਖਾਂ ਦੀਆਂ ਇਨ੍ਹਾਂ ਦੋਵਾਂ ਧਿਰਾਂ ਨੂੰ ਆਪਸ ਵਿੱਚ ਬੈਠ ਕੇ ਸੁਲਝਾਉਣਾ ਚਾਹੀਦਾ ਹੈ। ਇਹ ਗੰਭੀਰ ਮਸਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦਾ।

2015 ਦੇ ਬਰਗਾੜੀ ਕਾਂਡ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਨੇ ਪੰਜਾਬ ਦੀ ਸਿਆਸਤ ਨੂੰ ਲਗਾਤਾਰ ਹਿਲਾ ਕੇ ਰੱਖਿਆ ਹੋਇਆ ਹੈ। ਅਕਸਰ ਕਿਹਾ ਜਾਂਦਾ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਬਰਗਾੜੀ ਦਾ ਮੁੱਦਾ ਓਨੀ ਪ੍ਰਮੁੱਖਤਾ ਨਾਲ ਉੱਭਰ ਕੇ ਨਹੀਂ ਆਉਂਦਾ, ਪਰ ਅਸਲ ਵਿੱਚ ਸਿਆਸਤ ਲਗਾਤਾਰ ਇਸੇ ਦੁਆਲੇ ਘੁੰਮ ਰਹੀ ਹੈ। ਪੰਜਾਬ ਦੀ ਰਾਜਨੀਤੀ ਦੀ ਬਾਤ ਪਾਉਂਦਿਆਂ ਇਹ ਤੱਥ ਵਿਸਾਰਨਾ ਨਹੀਂ ਚਾਹੀਦਾ ਕਿ ਇਹ ਸਿੱਖ ਬਹੁਗਿਣਤੀ ਵਾਲਾ ਖਿੱਤਾ ਹੈ ਅਤੇ ਸਿੱਖ ਸਿਆਸਤ ਦੀ ਅੰਦਰੂਨੀ ਸੁਰ ਹੀ ਇਸ ਦੀ ਮੁੱਖ ਸਿਆਸੀ ਧਾਰਾ ਨੂੰ ਨਿਰਧਾਰਿਤ ਕਰਦੀ ਹੈ। ਇਹ ਖ਼ਾਸਾ ਕਿਸੇ ਸਰਵੇਖਣ ਦੀ ਪਕੜ ਵਿੱਚ ਨਹੀਂ ਆਉਂਦਾ। ਇਸ ਸੰਵੇਦਨਸ਼ੀਲ ਮੁੱਦੇ ਨੂੰ ਅੱਖੋਂ-ਪਰੋਖੇ ਕਰਨ ਦਾ ਖ਼ਮਿਆਜ਼ਾ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਭੁਗਤਦਾ ਆ ਰਿਹਾ ਹੈ।

ਇਸੇ ਸਿਲਸਿਲੇ ਵਿੱਚ ਮਾਨ ਸਰਕਾਰ ਨੇ 13 ਅਪਰੈਲ ਨੂੰ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਧ) ਬਿੱਲ 2026’ ਸਰਬਸੰਮਤੀ ਨਾਲ ਪਾਸ ਕਰਵਾ ਲਿਆ ਅਤੇ ਰਾਜਪਾਲ ਦੇ ਦਸਤਖ਼ਤ ਹੋਣ ਮਗਰੋਂ ਇਹ ਕਾਨੂੰਨ ਲਾਗੂ ਹੋ ਗਿਆ। ਇਸ ਦੌਰਾਨ ਸਮਾਣਾ ਸ਼ਹਿਰ ਵਿੱਚ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ ਨੂੰ ਲੈ ਕੇ ਅੰਦੋਲਨ ਚੱਲ ਰਿਹਾ ਸੀ, ਜੋ ‘ਟਾਵਰ ਮੋਰਚੇ’ ਦੇ ਨਾਂ ਨਾਲ ਮਸ਼ਹੂਰ ਹੋਇਆ। ਗੁਰਜੀਤ ਸਿੰਘ ਨਾਂ ਦੇ ਵਿਅਕਤੀ ਨੇ ਮੋਬਾਈਲ ਟਾਵਰ ਉੱਤੇ ਚੜ੍ਹ ਕੇ ਮੋਰਚਾ ਲਾ ਲਿਆ ਅਤੇ ਐਲਾਨ ਕਰ ਦਿੱਤਾ ਕਿ ਜਦੋਂ ਤੱਕ ਸਖ਼ਤ ਕਾਨੂੰਨ ਨਹੀਂ ਬਣਦਾ, ਉਹ ਹੇਠਾਂ ਨਹੀਂ ਉਤਰੇਗਾ। ਹੌਲੀ-ਹੌਲੀ ਉੱਥੇ ਸੈਂਕੜੇ ਲੋਕ ਜੁੜਨ ਲੱਗੇ ਅਤੇ ਮੋਰਚਾ ਪੂਰੀ ਤਰ੍ਹਾਂ ਭਖ ਗਿਆ।



ਇਸ ਮੋਰਚੇ ਨੂੰ ਸਿਆਸਤਦਾਨਾਂ ਦੀ ਹਮਾਇਤ ਵੀ ਮਿਲੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਉੱਥੇ ਹਾਜ਼ਰੀ ਭਰੀ। ਸਿਧਾਂਤਕ ਤੌਰ ’ਤੇ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਇਸ ਮੰਗ ਦਾ ਵਿਰੋਧ ਨਹੀਂ ਕੀਤਾ। ਹਾਲਾਂਕਿ, ਸਿੱਖਾਂ ਦੇ ਇੱਕ ਸੁਚੇਤ ਹਿੱਸੇ ਨੇ ਇਸ ਕਾਨੂੰਨ ਦੀਆਂ ਬਾਰੀਕੀਆਂ ਨੂੰ ਲੈ ਕੇ ਵਿਰੋਧ ਜ਼ਰੂਰ ਕੀਤਾ, ਪਰ ਇਹ ਆਵਾਜ਼ਾਂ ਦਬ ਕੇ ਰਹਿ ਗਈਆਂ ਅਤੇ ਕਾਨੂੰਨ ਪਾਸ ਹੋ ਗਿਆ। ਐੱਸ ਜੀ ਪੀ ਸੀ ਪ੍ਰਧਾਨ ਨੇ ਤਾਂ ਤੁਰੰਤ ਇਸ ਦਾ ਸਵਾਗਤ ਵੀ ਕਰ ਦਿੱਤਾ। ਇੱਥੋਂ ਹੀ ਨਵੀਂ ਕਹਾਣੀ ਸ਼ੁਰੂ ਹੁੰਦੀ ਹੈ ਅਤੇ ਸਥਿਤੀ ਇੱਕ ਵਾਰ ਫਿਰ ਟਕਰਾਅ ਵਾਲੇ ਪਾਸੇ ਮੋੜ ਕੱਟ ਲੈਂਦੀ ਹੈ।

ਮਾਨ ਸਰਕਾਰ ਨੇ ਦਰਅਸਲ 2008 ਦੇ ਸਤਿਕਾਰ ਕਾਨੂੰਨ ਵਿੱਚ ਸੋਧ ਕਰਕੇ ਹੀ ਸਖ਼ਤ ਸਜ਼ਾ ਦੀ ਧਾਰਾ ਜੋੜੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸ਼ਾਇਦ ਬਾਅਦ ਵਿੱਚ ਅਹਿਸਾਸ ਹੋਇਆ ਕਿ ਇਸ ਪੰਥਕ ਮੁੱਦੇ ਦਾ ਸਿਆਸੀ ਲਾਹਾ ‘ਆਮ ਆਦਮੀ ਪਾਰਟੀ’ ਲੈ ਸਕਦੀ ਹੈ। ਇਸੇ ਕਾਰਨ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਸਰਕਾਰ ਨੂੰ ਸੋਧ ਲਈ 15 ਦਿਨਾਂ ਦਾ ਸਮਾਂ ਦਿੱਤਾ ਹੈ ਜਦੋਂਕਿ ਮੁੱਖ ਮੰਤਰੀ ਫਿਲਹਾਲ ਕਿਸੇ ਵੀ ਬਦਲਾਅ ਤੋਂ ਇਨਕਾਰੀ ਹਨ। ਜ਼ਿਕਰਯੋਗ ਹੈ ਕਿ ਇਹ ਬਿੱਲ ਲਿਆਉਣ ਤੋਂ ਪਹਿਲਾਂ ਸਰਕਾਰ ਨੇ ਸਖ਼ਤ ਕਾਨੂੰਨ ਦੀ ਮੰਗ ਕਰ ਰਹੀਆਂ ਸਾਰੀਆਂ ਧਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਸੀ। ਬਿੱਲ ਪਾਸ ਹੋਣ ਸਮੇਂ ਵਿਧਾਨ ਸਭਾ ਦੀ ਗੈਲਰੀ ਵਿੱਚ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ ਵਰਗੀਆਂ ਧਾਰਮਿਕ ਹਸਤੀਆਂ ਦੀ ਮੌਜੂਦਗੀ ਇਸ ਦੀ ਅਹਿਮੀਅਤ ਨੂੰ ਦਰਸਾਉਂਦੀ ਹੈ। ਇਸ ਪੂਰੇ ਘਟਨਾਕ੍ਰਮ ਦਾ ਦਿਲਚਸਪ ਪਹਿਲੂ ਇਹ ਹੈ ਕਿ ਮਾਨ ਸਰਕਾਰ ਨੇ ਉਸ ‘ਪੰਥਕ ਪਿੜ’ ਵਿੱਚ ਆਪਣੀ ਮਜ਼ਬੂਤ ਹਾਜ਼ਰੀ ਲੁਆ ਲਈ ਹੈ, ਜਿਸ ’ਤੇ ਕਦੇ ਅਕਾਲੀ ਦਲ ਦੀ ਅਜਾਰੇਦਾਰੀ ਹੁੰਦੀ ਸੀ। ਮੌਜੂਦਾ ਟਕਰਾਅ ਦਾ ਕਾਰਨ ਵੀ ਸ਼ਾਇਦ ਇਹੋ ਹੈ।

ਪੰਥਕ ਸੰਸਥਾਵਾਂ ਨੇ ਸਮੇਂ ਸਿਰ ਫ਼ੈਸਲੇ ਲਏ ਹੁੰਦੇ ਤਾਂ ਸ਼ਾਇਦ ਅਜਿਹੀ ਨੌਬਤ ਨਾ ਆਉਂਦੀ। ਹੁਣ ਵੀ ਇਸ ਨਾਜ਼ੁਕ ਮਸਲੇ ਨੂੰ ‘ਵੱਕਾਰ’ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਦੁਨਿਆਵੀ ਕਾਨੂੰਨ ਦੇ ਮੋਹਤਾਜ ਨਹੀਂ, ਪਰ ਜੇਕਰ ਕਾਨੂੰਨ ਬਣ ਹੀ ਗਿਆ ਹੈ ਤਾਂ ਉਸ ਵਿੱਚ ਲੋੜੀਂਦੀਆਂ ਸੋਧਾਂ ਕਰ ਲੈਣੀਆਂ ਚਾਹੀਦੀਆਂ ਹਨ। ਅਸਲ ਮੁੱਦਾ ਬਰਗਾੜੀ ਕਾਂਡ ਦੇ ਇਨਸਾਫ਼ ਦਾ ਹੈ; ਇਹ ਸਿਰਫ਼ ਬੇਅਦਬੀ ਨਹੀਂ ਸਗੋਂ ਸਿੱਖ ਸਿਧਾਂਤਾਂ ’ਤੇ ਸੋਚਿਆ-ਸਮਝਿਆ ਹਮਲਾ ਸੀ। ਪੰਜਾਬ ਦੀ ਸਿਆਸਤ ਵਿੱਚ ਇਹ ਟਕਰਾਅ ‘ਆਪ’ ਦੇ ਹੱਕ ਵਿਚ ਭੁਗਤਦਾ ਲਗਦਾ ਹੈ, ਪਰ ਸਵਾਲ ਇਹ ਹੈ ਕਿ ਕੀ ਅਜਿਹਾ ਟਕਰਾਅ ਪੰਜਾਬ ਦੇ ਭਵਿੱਖ ਲਈ ਹਿਤਕਾਰੀ ਹੈ?

# ਮਾਪਿਆਂ ਦਾ ਸਨਮਾਨ

ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਉਹ ਫ਼ੈਸਲਾ, ਜਿਸ ਵਿੱਚ ਇੱਕ ਪੁੱਤਰ ਨੂੰ ਆਪਣੀ ਬਜ਼ੁਰਗ ਮਾਂ ਲਈ ਪਰਿਵਾਰਕ ਘਰ ਵਿੱਚ ਇੱਕ ਕਮਰਾ, ਵੱਖਰਾ ਬਾਥਰੂਮ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦਾ ਹੁਕਮ ਦਿੱਤਾ ਗਿਆ ਹੈ, ਮਹਿਜ਼ ਇੱਕ ਕਾਨੂੰਨੀ ਆਦੇਸ਼ ਨਾਲੋਂ ਕਿਤੇ ਵੱਧ ਹੈ। ਇਹ ਫ਼ੈਸਲਾ ਇੱਕ ਅਜਿਹੇ ਸਮਾਜ ਦੀ ਭਿਆਨਕ ਤਸਵੀਰ ਪੇਸ਼ ਕਰਦਾ ਹੈ, ਜੋ ਬਿਰਧ ਮਾਤਾ-ਪਿਤਾ ਦੀ ਦੇਖਭਾਲ ਕਰਨ ਵਿੱਚ ਲਗਾਤਾਰ ਨਾਕਾਮ ਸਾਬਿਤ ਹੋ ਰਿਹਾ ਹੈ। ਚਰਚਿਤ ਸਿਧਾਂਤ ‘ਮਾਤ੍ਰ ਦੇਵੋ ਭਵ’ ਦਾ ਹਵਾਲਾ ਦਿੰਦੇ ਹੋਏ ਅਦਾਲਤ ਨੇ ਦੇਸ਼ ਵਾਸੀਆਂ ਨੂੰ ਇਹ ਯਾਦ ਦਿਵਾਇਆ ਹੈ ਕਿ ਮਾਤਾ-ਪਿਤਾ ਪ੍ਰਤੀ ਫ਼ਰਜ਼ ਨਿਭਾਉਣਾ ਸਿਰਫ਼ ਸੱਭਿਆਚਾਰਕ ਦਿਖਾਵਾ ਨਹੀਂ, ਸਗੋਂ ਕਾਨੂੰਨੀ ਅਤੇ ਨੈਤਿਕ ਜ਼ਿੰਮੇਵਾਰੀ ਵੀ ਹੈ। ਇਸ ਮਾਮਲੇ ਦੇ ਤੱਥ ਬਹੁਤ ਬੇਚੈਨ ਕਰਨ ਵਾਲੇ ਹਨ। ਇੱਕ ਬਿਰਧ ਔਰਤ ਨੂੰ ਆਪਣੇ ਪਤੀ ਦੀ ਮੌਤ ਮਗਰੋਂ ਉਸ ਵੱਲੋਂ ਬਣਾਏ ਘਰ ਵਿੱਚ ਰਹਿਣ ਦੀ ਥਾਂ ਹਾਸਲ ਕਰਨ ਲਈ ਨਿਆਂਇਕ ਦਖ਼ਲ ਦਾ ਸਹਾਰਾ ਲੈਣਾ ਪਿਆ ਹੈ। ਮਾਂ ਨੂੰ ਪਨਾਹ ਅਤੇ ਸਨਮਾਨ ਲਈ ਆਪਣੇ ਹੀ ਬੱਚਿਆਂ ਖ਼ਿਲਾਫ਼ ਲੜਨ ਦੀ ਲੋੜ ਪੈਣ ਦਾ ਇਹ ਮਾਮਲਾ ਸਾਂਝੇ ਪਰਿਵਾਰ ਦੀ ਭਾਵਨਾ ਦੇ ਪਤਨ ਨੂੰ ਦਰਸਾਉਂਦਾ ਹੈ, ਜਿਸ ਨੂੰ ਕਦੇ ਭਾਰਤੀ ਸਮਾਜ ਦੀ ਪਰਿਭਾਸ਼ਾ ਸਮਝਿਆ ਜਾਂਦਾ ਸੀ। ਹਾਈ ਕੋਰਟ ਵੱਲੋਂ ਪੁੱਤਰ ਦੀ ਪਟੀਸ਼ਨ ਨੂੰ ਰੱਦ ਕਰਨਾ ਅਤੇ ਉਸ ਨੂੰ ਖਰਚਾ ਚੁੱਕਣ ਦਾ ਹੁਕਮ ਦੇਣਾ ਸਹੀ ਸੀ। ਇਸ ਵੇਲੇ ਦੇਸ਼ ਭਰ ਦੀਆਂ ਅਦਾਲਤਾਂ ਵਿੱਚ ਬੱਚਿਆਂ ਵੱਲੋਂ ਬੇਸਹਾਰਾ ਛੱਡ ਦਿੱਤੇ ਗਏ ਜਾਂ ਪ੍ਰੇਸ਼ਾਨ ਕੀਤੇ ਜਾ ਰਹੇ ਮਾਪਿਆਂ ਨਾਲ



ਸਬੰਧਿਤ ਮਾਮਲਿਆਂ ਦੀ ਭਰਮਾਰ ਹੈ। ਕਈ ਫ਼ੈਸਲਿਆਂ ਵਿੱਚ ਟ੍ਰਿਬਿਊਨਲਾਂ ਅਤੇ ਉੱਚ ਅਦਾਲਤਾਂ ਨੇ ਗ਼ਲਤ ਵਿਹਾਰ ਕਰਨ ਵਾਲੇ ਬੱਚਿਆਂ ਨੂੰ ਮਾਪਿਆਂ ਦੇ ਘਰਾਂ ’ਚੋਂ ਬੇਦਖ਼ਲੀ ਦੇ ਹੁਕਮ ਸੁਣਾਏ, ਖ਼ੁਦ ਬਣਾਈ ਜਾਇਦਾਦ ’ਤੇ ਮਾਪਿਆਂ ਦੇ ਹੱਕ ਨੂੰ ਬਰਕਰਾਰ ਰੱਖਿਆ ਅਤੇ ਮਾਪਿਆਂ ਤੇ ਸੀਨੀਅਰ ਸਿਟੀਜ਼ਨਾਂ ਦੀ ਦੇਖਭਾਲ ਤੇ ਭਲਾਈ ਸਬੰਧੀ ਕਾਨੂੰਨ, 2007 ਨੂੰ ਮਜ਼ਬੂਤੀ ਨਾਲ ਲਾਗੂ ਕਰਵਾਇਆ ਹੈ। ਇਸ ਦੇ ਨਾਲ ਹੀ ਨਿਆਂਪਾਲਿਕਾ ਨੇ ਇਸ ਗੱਲ ਦੇ ਮੱਦੇਨਜ਼ਰ ਕਿ ਪਰਿਵਾਰਕ ਝਗੜਿਆਂ ਵਿੱਚ ਕਾਨੂੰਨ ਦੀ ਦੁਰਵਰਤੋਂ ਨਾ ਹੋਵੇ, ਭਲਾਈ ਸਬੰਧੀ ਚਿੰਤਾਵਾਂ ਅਤੇ ਜਾਇਦਾਦ ਦੇ ਹੱਕਾਂ ਵਿਚਾਲੇ ਬਹੁਤ ਹੀ ਸਾਵਧਾਨੀ ਨਾਲ ਤਵਾਜ਼ਨ ਕਾਇਮ ਕੀਤਾ ਹੈ।

ਫ਼ਿਕਰਮੰਦੀ ਵਾਲੇ ਇਸ ਵੱਡੇ ਮਸਲੇ ਨੂੰ ਸਿਰਫ਼ ਅਦਾਲਤਾਂ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ। ਭਾਰਤ ਵਿੱਚ ਤੇਜ਼ੀ ਨਾਲ ਵਧ ਰਹੀ ਬਜ਼ੁਰਗਾਂ ਦੀ ਗਿਣਤੀ, ਸ਼ਹਿਰੀ ਪਰਵਾਸ ਅਤੇ ਛੋਟੇ ਹੋ ਰਹੇ ਪਰਿਵਾਰ ਅਜਿਹੇ ਹਾਲਾਤ ਪੈਦਾ ਕਰ ਰਹੇ ਹਨ, ਜਿੱਥੇ ਵੱਡੀ ਗਿਣਤੀ ਬਜ਼ੁਰਗਾਂ ਨੂੰ ਇਕੱਲਤਾ, ਅਸੁਰੱਖਿਆ ਅਤੇ ਬੱਚਿਆਂ ’ਤੇ ਆਰਥਿਕ ਨਿਰਭਰਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਨੂੰਨੀ ਸੁਰੱਖਿਆ ਦੇ ਉਪਾਅ ਜ਼ਰੂਰੀ ਹਨ, ਪਰ ਸਮਾਜਿਕ ਰਵੱਈਆ ਹੋਰ ਵੀ ਮਹੱਤਵਪੂਰਨ ਹੈ। ਇੱਕ ਅਜਿਹੀ ਸੱਭਿਅਤਾ ਜਿੱਥੇ ਸ਼ਾਸਤਰਾਂ ਵਿੱਚ ਮਾਂ ਨੂੰ ਸਰਬੋਤਮ ਰੁਤਬਾ ਹਾਸਲ ਹੈ, ਉੱਥੇ ਮਾਵਾਂ ਨੂੰ ਇੰਜ ਕਿਵੇਂ ਛੱਡਿਆ ਜਾ ਸਕਦਾ ਹੈ? ਬਜ਼ੁਰਗ ਮਾਪਿਆਂ ਨੂੰ ਸਤਿਕਾਰ, ਦੇਖਭਾਲ ਅਤੇ ਸੁਰੱਖਿਆ ਮੁਹੱਈਆ ਕਰਵਾਉਣ ਲਈ ਨਿਆਂਇਕ ਦਖ਼ਲਅੰਦਾਜ਼ੀ ਦੀ ਲੋੜ ਨਹੀਂ ਪੈਣੀ ਚਾਹੀਦੀ। ਉੱਚ ਅਦਾਲਤ ਦਾ ਫ਼ੈਸਲਾ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਵਿਰਾਸਤ ’ਚ ਮਿਲਣ ਵਾਲੀ ਜ਼ਮੀਨ ਜਾਇਦਾਦ ਦੇ ਮਾਮਲੇ ’ਚ ਸਮਝੌਤਾ ਕੀਤਾ ਜਾ ਸਕਦਾ ਹੈ, ਪਰ ਮਨੁੱਖੀ ਕਦਰਾਂ-ਕੀਮਤਾਂ ਦੇ ਉਲਟ ਵਿਹਾਰ ਲਈ ਕਿਸੇ ਨੂੰ ਕੋਈ ਛੋਟ ਨਹੀਂ ਦਿੱਤੀ ਜਾ ਸਕਦੀ।

# ਖੇਤਾਂ ਦੇ ਪੁੱਤਾਂ ਦੀ ਬੇਕਦਰੀ ਤੇ ਸਰਕਾਰਾਂ

ਰਘਵੀਰ ਸਿੰਘ ਚੰਗਾਲ



ਦੇਸ਼ ਦਾ ਕਿਸਾਨ ਨਿਰਾਸ਼ਾ ਦੇ ਆਲਮ 'ਚੋਂ ਵਿਚਰਦਾ ਖੁਦਕੁਸ਼ੀਆਂ ਦੇ ਰਾਹ ਪੈ ਤੁਰਿਆ ਹੈ। ਪੰਜਾਬ ਦੇ ਬਹੁਗਿਣਤੀ ਲੋਕ ਜਿੱਥੇ ਖੇਤੀਬਾੜੀ ਦੇ ਕਿੱਤੇ 'ਤੇ ਨਿਰਭਰ ਹਨ, ਉਹ ਇਸ ਵਰਤਾਰੇ ਦੀ ਲਪੇਟ ਵਿੱਚ ਵਧੇਰੇ ਆਏ ਹੋਏ ਹਨ। ਦੇਸ਼ ਦੇ ਕਿਸਾਨ ਦੀ ਆਰਥਿਕਤਾ ਡਾਵਾਂਡੋਲ ਹੋ ਜਾਣ ਕਾਰਨ ਸਿਰ ਚੜ੍ਹੇ ਕਰਜ਼ੇ ਦੀ ਬੋਝਲ ਪੰਡ ਨੂੰ ਸਿਰੋਂ ਨਾ ਲਹਿਣ ਦੇ ਡਰੋਂ ਉਹ ਖੁਦਕੁਸ਼ੀਆਂ ਕਰ ਰਿਹਾ ਹੈ। ਤਾਜ਼ਾ ਰਿਪੋਰਟਾਂ ਅਨੁਸਾਰ ਪਿਛਲੇ ਸਾਲ ਨਾਲੋਂ ਇਸ ਸਾਲ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਵਿੱਚ 40 ਫੀਸਦੀ ਵਾਧਾ ਹੋਇਆ ਹੈ।

ਦੇਸ਼ ਭਰ ਵਿੱਚ ਸਾਲ 1987 ਤੋਂ ਸ਼ੁਰੂ ਹੋਇਆ ਇਹ ਵਰਤਾਰਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ ਤੇ ਨਾ ਹੀ ਹਾਲੇ ਤੀਕ ਸਰਕਾਰਾਂ ਨੇ ਹੀ ਇਸ ਵਰਤਾਰੇ ਨੂੰ ਗੰਭੀਰਤਾ ਨਾਲ ਲਿਆ ਹੈ। ਦੇਸ਼ ਦੇ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੀ ਹੁਣ ਤੀਕ ਕੁੱਲ ਗਿਣਤੀ ਸਰਕਾਰੀ ਫਾਈਲਾਂ ਵਿੱਚ 3,01,116 ਦਰਜ ਹੈ, ਜਦੋਂਕਿ ਅਸਲ ਵਿੱਚ ਇਹ ਗਿਣਤੀ ਇਸ ਤੋਂ ਕਈ ਗੁਣਾ ਜ਼ਿਆਦਾ ਹੈ। ਇੱਕ ਤਾਂ ਇਸ ਸੂਚੀ ਵਿੱਚ ਜ਼ਮੀਨ ਮਾਲਕ ਕਿਸਾਨਾਂ ਨੂੰ ਹੀ ਸ਼ਾਮਿਲ ਕੀਤਾ ਜਾਂਦਾ ਹੈ, ਜਦੋਂਕਿ ਇਸ ਵਰਤਾਰੇ ਦੀ ਲਪੇਟ ਵਿੱਚ ਘੱਟ ਜ਼ਮੀਨੇ ਕਿਸਾਨ ਤੇ ਖੇਤ ਮਜ਼ਦੂਰ ਆ ਜਾਂਦੇ ਹਨ, ਉਨ੍ਹਾਂ ਨੂੰ ਇਸ ਸੂਚੀ ਵਿੱਚ ਸ਼ਾਮਿਲ ਹੀ ਨਹੀਂ ਕੀਤਾ ਜਾਂਦਾ। ਜਿਹੜੇ ਵੀ ਅੰਕੜੇ ਇਸ ਵਰਤਾਰੇ ਅਧੀਨ ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਹਨ, ਉਹ ਬਹੁਤ ਘਟਾ ਕੇ ਜਾਰੀ ਕੀਤੇ ਜਾਂਦੇ ਹਨ। ਸਰਕਾਰ ਵੱਲੋਂ ਪਿਛਲੇ ਸਾਲ ਪੰਜਾਬ ਵਿੱਚ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੀ ਗਿਣਤੀ ਸਿਰਫ਼ 57 ਦਰਜ ਕੀਤੀ ਗਈ ਹੈ, ਜਦੋਂਕਿ ਅਸਲੀਅਤ ਇਹ ਹੈ ਕਿ ਅਸੀਂ ਰੋਜ਼ਾਨਾ ਪੜ੍ਹਦੇ ਹਾਂ ਕਿ ਸੂਬੇ ਵਿੱਚ 1 ਤੋਂ 3 ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਕਿਸਾਨਾਂ ਦੇ ਪਰਿਵਾਰਾਂ ਵੱਲੋਂ ਵੀ ਕਈ ਵਾਰ ਸਮਾਜਿਕ ਤੇ ਸਰਕਾਰੀ ਉਲਝਣਾਂ ਤੋਂ ਬਚਣ ਲਈ ਖੁਦਕੁਸ਼ੀ ਦਾ ਕੇਸ ਛੁਪਾ ਕੇ ਕਿਸਾਨ ਦੀ ਮੌਤ ਹਾਦਸੇ ਜਾਂ ਕਿਸੇ ਹੋਰ ਕਾਰਨ ਨਾਲ ਹੋਈ ਦਰਸਾਈ ਜਾਂਦੀ ਹੈ। ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਦੋ ਤੋਂ ਵੱਧ ਪ੍ਰਤੀ ਦਿਨ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਸਰਕਾਰੀ ਅੰਕੜਿਆਂ ਮੁਤਾਬਿਕ ਪੰਜਾਬ 'ਚ ਸਾਲ 2013 ਤੇ 2014 ਵਿੱਚ ਕੁੱਲ 147 ਕਿਸਾਨਾਂ ਦੀ ਖੁਦਕੁਸ਼ੀ ਦਰਜ ਕੀਤੀ ਗਈ ਹੈ। ਪੰਜਾਬ ਵਿੱਚ 1995 ਤੋਂ ਲੈ ਕੇ 2014 ਤੱਕ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਦੀ ਗਿਣਤੀ 968 ਦਰਜ ਕੀਤੀ ਗਈ ਹੈ।

ਹੋਰਾਂ ਖਿੱਤਿਆਂ ਵਿੱਚ ਖੁਦਕੁਸ਼ੀਆਂ ਦੇ ਕਾਰਨ ਕੁਝ ਵੀ ਹੋ ਸਕਦੇ ਹਨ, ਪਰ ਕਿਸਾਨ ਖੁਦਕੁਸ਼ੀਆਂ ਦੇ ਪ੍ਰਮੁੱਖ ਕਾਰਨ ਆਰਥਿਕ, ਸਮਾਜਿਕ ਤੇ ਰਾਜਸੀ ਹਨ। ਆਜ਼ਾਦੀ ਪ੍ਰਾਪਤੀ ਤੋਂ ਤੁਰੰਤ ਬਾਅਦ ਦੇਸ਼ ਅਨਾਜ ਦੀ ਥੁੜ੍ਹ ਨਾਲ ਜੂਝ ਰਿਹਾ ਸੀ। ਸਰਕਾਰਾਂ ਵੱਲੋਂ ਖੇਤੀ ਉਪਜਾਂ ਵਧਾਉਣ ਲਈ ਕੀਤੇ ਉਪਰਾਲਿਆਂ ਕਾਰਨ ਤੇ ਕਿਸਾਨ ਦੀ ਹੱਡ ਭੰਨਵੀਂ ਮਿਹਨਤ ਸਦਕਾ ਹੌਲੀ ਹੌਲੀ ਅਨਾਜ ਦੀ ਸਮੱਸਿਆ 'ਤੇ ਕਾਬੂ ਪਾ ਲਿਆ ਗਿਆ। ਦੇਸ਼ ਵਿੱਚ ਸੋਕੇ ਦੀ ਸਥਿਤੀ ਕਾਰਨ ਇੱਕ ਵਾਰ ਫਿਰ ਅਨਾਜ ਲਈ ਅਮਰੀਕਾ ਅੱਗੇ ਹੱਥ ਅੱਡਣੇ ਪਏ ਤੇ ਪੀ.ਐੱਲ. 480 ਅਧੀਨ ਅਨਾਜ ਮੰਗਵਾਉਣਾ ਪਿਆ। ਇਸ ਦੇ ਬਦਲੇ ਦੇਸ਼ ਨੂੰ ਵੱਡੀ ਕੀਮਤ ਤਾਰਨੀ ਪਈ ਸੀ। ਇਸ ਸਮੱਸਿਆ ਦੇ ਹੱਲ ਲਈ ਸਰਕਾਰੀ ਤੌਰ 'ਤੇ ਵਿਸ਼ੇਸ਼ ਉਪਰਾਲੇ ਕੀਤੇ ਗਏ। ਪੰਜਾਬ ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਖੋਜ ਕਾਰਜਾਂ ਸਦਕਾ ਨਵੇਂ ਹਾਈਬ੍ਰਿਡ ਬੀਜ ਈਜਾਦ ਕੀਤੇ ਗਏ ਤੇ ਕਣਕ ਤੇ ਝੋਨੇ ਦੀਆਂ ਪ੍ਰਮੁੱਖ ਫਸਲਾਂ ਲਈ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਗਿਆ। ਭਾਵੇਂ ਇਸ ਦਿਸ਼ਾ ਵਿੱਚ ਕੀਤੇ ਸਾਰਥਿਕ ਉਪਰਾਲਿਆਂ ਸਦਕਾ ਇੱਕ ਵਾਰ ਪੰਜਾਬ ਖੁਸ਼ਹਾਲ ਦਿਸਣ ਲੱਗ ਪਿਆ ਤੇ ਪੰਜਾਬ ਦੇ ਕਿਸਾਨ ਨੇ ਦੇਸ਼ ਦੇ ਅੰਨ ਭੰਡਾਰ ਨੱਕੋ ਨੱਕ ਭਰ ਦਿੱਤੇ। ਹੌਲੀ ਹੌਲੀ ਇਹ ਖੁਸ਼ਹਾਲੀ ਕਿਸਾਨਾਂ ਦੀ ਪਿਲੱਤਣ ਵਿੱਚ ਬਦਲਵੀਂ ਸ਼ੁਰੂ ਹੋ ਗਈ। ਇਸ ਦਾ ਮੁੱਖ ਕਾਰਨ ਖੇਤੀ ਲਾਗਤਾਂ ਤੇ ਜਿਨਸਾਂ ਦੇ ਭਾਅ ਵਿੱਚ ਵੱਡਾ ਅੰਤਰ ਦੇਖਣ ਨੂੰ ਸਾਹਮਣੇ ਆਇਆ। ਕਿਸਾਨਾਂ ਦੀਆਂ ਫਸਲਾਂ ਦੇ ਭਾਅ ਬੜੀ ਹੌਲੀ ਗਤੀ ਨਾਲ ਵਧਣੇ ਸ਼ੁਰੂ ਹੋਏ, ਜਦੋਂਕਿ ਖੇਤੀ ਲਾਗਤਾਂ ਛੜੱਪੇ ਮਾਰ ਮਾਰ ਅੱਗੇ ਹੀ ਅੱਗੇ ਵਧਦੀਆਂ ਗਈਆਂ। ਹਰੇ ਇਨਕਲਾਬ ਦੀ ਹਨੇਰੀ ਨੇ ਆਜ਼ਾਦੀ ਪ੍ਰਾਪਤੀ ਵੇਲੇ ਦੇ ਉਤਪਾਦਨ ਤੇ ਵਰਤਮਾਨ ਸਮੇਂ ਦੇ ਉਤਪਾਦਨ ਵਿੱਚ ਪੰਜ ਗੁਣਾ ਵਾਧਾ ਕਰ ਦਿੱਤਾ ਸੀ। ਦੇਸ਼ ਦੇ ਅੰਨਦਾਤੇ ਨੇ ਸਰਕਾਰਾਂ ਦਾ ਬਾਹਰਲੇ ਦੇਸ਼ਾਂ ਮੂਹਰੇ ਹੱਥ ਅੱਡਣ ਵਰਗੀ ਨੌਬਤ ਤੋਂ ਖਹਿੜਾ ਛੁਡਾ ਦਿੱਤਾ, ਪਰ ਖੇਤੀ ਵਿੱਚ ਅਪਣਾਈਆਂ ਨੀਤੀਆਂ ਨੇ ਅੰਨਦਾਤੇ ਨੂੰ ਕੰਗਾਲੀ ਦੇ ਰਾਹ ਤੋਰ ਦਿੱਤਾ।

ਪੰਜਾਬ ਵਿੱਚ ਖੁਦਕੁਸ਼ੀਆਂ ਦੇ ਇਸ ਵਰਤਾਰੇ ਦੀ ਸ਼ੁਰੂਆਤ 1987-88 ਵਿੱਚ ਜ਼ਿਲ੍ਹਾ ਸੰਗਰੂਰ ਦੇ ਪਿੰਡ ਸਕਰੌਦੀ ਦੇ ਸਰਪੰਚ ਕੁਲਜੀਤ ਸਿੰਘ ਦੇ ਪਰਿਵਾਰ ਸਮੇਤ ਖੁਦਕੁਸ਼ੀ ਕਰਨ ਤੋਂ ਹੋਈ। ਖੁਦਕੁਸ਼ੀ ਦਾ ਇੱਕੋ ਇੱਕ ਕਾਰਨ ਉਹ ਹਰ ਤਰ੍ਹਾਂ ਦੇ ਹੀਲੇ ਵਸੀਲੇ ਅਪਣਾਉਣ ਉਪਰੰਤ ਕਰਜ਼ੇ ਦੀ ਭਾਰੀ ਪੰਡ ਤੋਂ ਮੁਕਤੀ ਨਹੀਂ ਸੀ ਪਾ ਸਕਿਆ। ਉਸ ਸਮੇਂ ਤੋਂ ਲੈ ਕੇ ਹੁਣ ਤੀਕ ਇਸ ਵਰਤਾਰੇ ਦਾ ਪਾਸਾਰ ਵਧਦਾ ਹੀ ਗਿਆ, ਪਰ ਸਰਕਾਰਾਂ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਹ ਵਕਤ ਦੇਸ਼ ਵਿੱਚ ਕਿਸਾਨ ਸੰਗਠਨਾਂ ਦੀ ਚੜ੍ਹਤ ਦਾ ਸਮਾਂ ਸੀ, ਪਰ ਕਿਸੇ ਵੀ ਜਥੇਬੰਦੀ ਜਾਂ ਕਿਸਾਨ ਯੂਨੀਅਨ ਨੇ ਕਿਸਾਨ ਨੂੰ ਇਸ ਵਰਤਾਰੇ ਪ੍ਰਤੀ ਸੰਜੀਦਗੀ ਨਾਲ ਬਚਾਉਣ ਦਾ ਉਪਰਾਲਾ ਨਹੀਂ ਕੀਤਾ।

ਕਿਸਾਨਾਂ ਦੀ ਮਿਹਨਤ ਮੁਸ਼ੱਕਤ ਦੇ ਸਰਕਾਰੀ ਉਪਰਾਲਿਆਂ ਦੀ ਨਿਸਬਤ ਪੰਜਾਬ ਵਿੱਚ ਖੇਤੀ ਉਤਪਾਦਨ ਵਿੱਚ ਅਥਾਹ ਵਾਧਾ ਹੋਇਆ ਹੈ ਜਿਹੜਾ 1965-66 ਤੋਂ ਸ਼ੁਰੂ ਹੋਇਆ ਤੇ ਅੱਜ ਵੀ ਜਿਉਂ ਦੀ ਤਿਉਂ ਬਰਕਰਾਰ ਹੈ, ਪਰ ਇੱਥੋਂ ਹੀ ਕਿਸਾਨ ਦੀ ਹੋਣੀ ਦੀ ਸ਼ੁਰੂਆਤ ਹੁੰਦੀ ਹੈ। ਖੇਤੀ ਜਿਨਸਾਂ ਦੇ ਭਾਅ ਤੇ ਖੇਤੀ ਲਾਗਤਾਂ ਦੇ ਭਾਅ ਵਿੱਚ ਅਨੁਪਾਤੀ ਪਾੜਾ ਵਧਦਾ ਹੀ ਜਾ ਰਿਹਾ ਹੈ। ਦੇਸ਼ ਦੇ ਅੰਨ ਭੰਡਾਰ ਹਰ ਸਾਲ ਅਥਾਹ ਵਾਧੇ ਨਾਲ ਭਰੇ ਜਾ ਰਹੇ ਹਨ, ਪਰ ਕਿਸਾਨ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੁੰਦੀ ਜਾ ਰਹੀ ਹੈ। ਹਰੇ ਇਨਕਲਾਬ ਜਾਂ ਹਰੀ ਕ੍ਰਾਂਤੀ ਦੇ ਆਗਾਜ਼ ਨਾਲ ਸ਼ੁਰੂ ਹੋਈਆਂ ਸਰਕਾਰੀ ਖੇਤੀ ਨੀਤੀਆਂ ਨਾਲ ਦੇਸ਼ ਦਾ ਅੰਨਦਾਤਾ ਚਲਾਕ ਦਿਮਾਗ਼ਾਂ ਦੀ ਕਾਢ ਦਾ ਸ਼ਿਕਾਰ ਹੁੰਦਾ ਚਲਿਆ ਆ ਰਿਹਾ ਹੈ। ਖੇਤੀ ਨੀਤੀਆਂ ਵਿੱਚ ਕੀਤੀਆਂ ਬੁਨਿਆਦੀ ਤਬਦੀਲੀਆਂ ਦੀ ਨਿਸਬਤ 1950-51 ਦੇ ਮੁਕਾਬਲੇ ਮੌਜੂਦਾ ਸਮੇਂ ਤੀਕ ਖੇਤੀ ਉਤਪਾਦਨ ਵਿੱਚ ਪੰਜ ਗੁਣਾ ਵਾਧਾ ਹੋਇਆ ਹੈ, ਪਰ ਖੇਤੀ ਜਿਨਸਾਂ ਦੇ ਭਾਵਾਂ ਵਿੱਚ ਨਿਗੂਣਾ ਵਾਧਾ ਹੀ ਕਿਸਾਨ ਖੁਦਕੁਸ਼ੀਆਂ ਦਾ ਵੱਡਾ ਕਾਰਨ ਬਣਿਆ ਹੋਇਆ ਹੈ।

ਆਬਾਦੀ ਦੇ ਵਧਣ ਕਾਰਨ ਕਿਸਾਨਾਂ ਦੇ ਖੇਤਾਂ ਦਾ ਆਕਾਰ ਵੀ ਸੁੰਗੜਦਾ ਜਾ ਰਿਹਾ ਹੈ। ਹਰੇ ਇਨਕਲਾਬ ਦੇ ਸਮਿਆਂ ਦੌਰਾਨ ਵਧੇਰੇ ਕਰਕੇ 80 ਫੀਸਦੀ ਕਿਸਾਨਾਂ ਕੋਲ 10 ਏਕੜ ਜ਼ਮੀਨ ਦੀ ਮਾਲਕੀ ਹੁੰਦੀ ਸੀ ਜਿਹੜੀ ਘੱਟ ਕੇ ਅੱਜ ਪੰਜ ਜਾਂ ਤਿੰਨ ਏਕੜ ਰਹਿ ਗਈ ਹੈ। ਛੋਟੀ ਕਿਸਾਨੀ ਵਧੇਰੇ ਕਰਕੇ ਪੰਜ ਏਕੜ ਤੋਂ ਘੱਟ ਵਾਲੇ ਕਿਸਾਨਾਂ ਦੀ ਰਹਿ ਗਈ ਹੈ ਜਿਸ ਉੱਪਰ ਖੇਤੀ ਕਰਨ ਲਈ ਟਰੈਕਟਰ ਤੇ ਡੂੰਘੇ ਬੋਰ ਅਤਿ ਜ਼ਰੂਰੀ ਹੋ ਗਏ ਹਨ। ਮਸ਼ੀਨਰੀ ਦੇ ਖ਼ਰਚੇ ਨੇ ਕਿਸਾਨ ਨੂੰ ਕਰਜ਼ੇ ਦੀ ਸਭ ਤੋਂ ਪਹਿਲੀ ਮਾਰ ਹੇਠ ਲਿਆਉਣ ਲਈ ਮਜਬੂਰ ਕਰ ਕੇ ਰੱਖ ਦਿੱਤਾ ਹੈ। ਅੱਜ ਪੰਜਾਬ ਵਿੱਚ 75 ਫੀਸਦੀ ਛੋਟੇ ਕਿਸਾਨ ਹਨ ਜਿਨ੍ਹਾਂ ਕੋਲ 5 ਏਕੜ ਜਾਂ ਇਸ ਤੋਂ ਘੱਟ ਜ਼ਮੀਨ ਦੀ ਮਾਲਕੀ ਹੈ। ਇਨ੍ਹਾਂ ਖੇਤਾਂ ਵਿੱਚ ਕੰਮ ਕਰਨ ਲਈ ਕਿਸਾਨ ਨੂੰ ਖੇਤੀ ਮਸ਼ੀਨਰੀ ਜਿਵੇਂ ਟਰੈਕਟਰ, ਲੇਜ਼ਰ ਲੈਂਡ ਲੈਵਲਰ, ਹੈਪੀ ਸੀਡਰ, ਸੀਡ ਡਰਿੱਲ ਤੇ ਹਾਰਵੈਸਟਰ ਕੰਬਾਈਨ ਦੀ ਜ਼ਰੂਰਤ ਪੈਂਦੀ ਹੈ। ਇਸ ਮਸ਼ੀਨਰੀ ਦੇ ਖ਼ਰਚੇ ਬਹੁਤ ਭਾਰੀ ਪੈਣ ਕਰਕੇ ਇਨ੍ਹਾਂ ਨੇ ਕਿਸਾਨ ਦਾ ਲੱਕ ਹੀ ਤੋੜ ਦਿੱਤਾ ਹੈ। ਇਸ ਤੋਂ ਇਲਾਵਾ ਕੀਟਨਾਸ਼ਕ ਦਵਾਈਆਂ, ਸੋਧੇ ਬੀਜ ਤੇ ਰਸਾਇਣਕ ਖਾਦਾਂ ਦੇ ਖ਼ਰਚਿਆਂ ਕਾਰਨ ਖੇਤੀ ਕਿਸੇ ਪੱਖੋਂ ਲਾਹੇ ਦਾ ਧੰਦਾ ਨਹੀਂ ਰਹੀ। ਪਾਣੀ ਦੇ ਨਿਤ ਦਿਨ ਨੀਵੇਂ ਹੁੰਦੇ ਜਾ ਰਹੇ ਪੱਧਰ ਨੇ ਚਿੰਤਾਵਾਂ ਵਿੱਚ ਹੋਰ ਵਾਧਾ ਕਰ ਦਿੱਤਾ ਹੈ।

ਖੇਤੀ ਨਾਲ ਸਬੰਧਿਤ ਲੋਕਾਂ ਦੇ ਸਮਾਜਿਕ ਸਰੋਕਾਰਾਂ ਵਿੱਚ ਵੀ ਵੱਡੀ ਤਬਦੀਲੀ ਆ ਗਈ ਹੈ। ਵੀੜ੍ਹੀ, ਆਵਤ, ਵਰਗੀਆਂ ਰਵਾਇਤਾਂ ਲਗਭਗ ਖ਼ਤਮ ਹੋ ਕੇ ਰਹਿ ਗਈਆਂ ਹਨ। ਪਿੰਡਾਂ ਵਿੱਚ ਪੱਕੀ ਫਸਲ ਵੇਲੇ ਕਿਸੇ ਕਿਸਾਨ 'ਤੇ ਆਈ ਸਮਾਜਿਕ ਆਫਤ ਮੌਕੇ ਲੋਕ ਆਵਤ ਪਾ ਕੇ (ਇਕੱਤਰ ਹੋ ਕੇ) ਉਸ ਕਿਸਾਨ ਦੀ ਮਦਦ ਕਰਦੇ ਸਨ। ਕਈ ਵਾਰ ਕਿਸੇ ਕਿਸਾਨ ਨਾਲ ਕੋਈ ਹਾਦਸਾ ਵਾਪਰ ਜਾਂਦਾ ਜਾਂ ਧੀ ਦਾ ਵਿਆਹ ਸਿਰ 'ਤੇ ਹੁੰਦਾ ਜਾਂ ਕਿਸੇ ਬਿਮਾਰੀ ਜਾਂ ਹਾਦਸੇ ਕਾਰਨ ਆਪਣੀ ਜਿਨਸ ਸੰਭਾਲਣ ਤੋਂ ਅਸਮਰੱਥ ਹੁੰਦਾ ਤਾਂ ਲੋਕ ਥੰਮ ?ਹ ਬਣ ਕੇ ਉਸ ਦੀ ਮਦਦ ਕਰਦੇ ਜਿਹੜਾ ਕਿ ਅੱਜਕੱਲ੍ਹ ਖੇਤੀ ਦੇ ਵਪਾਰੀਕਰਨ ਨੇ ਨਿਗਲ ਲਿਆ ਹੈ। ਛੋਟੇ ਕਿਸਾਨਾਂ ਦੇ ਘਰਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ। ਜ਼ਮੀਨ ਦੇ ਸੀਮਾਂਤਕ ਟੁਕੜੇ ਹੁੰਦੇ ਵੇਖ ਦੋ ਭਰਾਵਾਂ 'ਚੋਂ ਇੱਕ ਇਹੀ ਸੋਚਦਾ ਹੈ ਕਿ ਖੇਤੀ ਨਾਲੋਂ ਵਿਦੇਸ਼ ਜਾ ਕੇ ਜ਼ਿੰਦਗੀ ਸੰਵਾਰ ਲਈ ਜਾਵੇ। ਵਿਦੇਸ਼ ਜਾਣ ਦੇ ਰੁਝਾਨ ਨੇ ਵੀ ਕਿਸਾਨ ਨੂੰ ਕਰਜ਼ੇ ਦੀ ਦਲਦਲ ਵਿੱਚ ਧਕੇਲ ਦਿੱਤਾ ਹੈ।

ਦੇਸ਼ ਵਿੱਚ ਕਿਸਾਨ ਸੰਗਠਨਾਂ ਦੇ ਸੰਘਰਸ਼ਾਂ ਦੀ ਰੂਪ ਰੇਖਾ ਕੇਂਦਰ ਤੋਂ ਜਿਨਸਾਂ ਦੇ ਲਾਹੇਵੰਦ ਭਾਅ ਪ੍ਰਾਪਤ ਕਰਨ ਵੱਲ ਸੇਧਿਤ ਹੋਣੀ ਚਾਹੀਦੀ ਹੈ। ਖੁਦਕੁਸ਼ੀਆਂ ਅਸਲ ਮਸਲੇ ਦਾ ਹੱਲ ਨਾ ਪਹਿਲਾਂ ਸੀ, ਨਾ ਹੁਣ ਹੋ ਸਕਦਾ ਹੈ ਤੇ ਨਾ ਹੀ ਭਵਿੱਖ ਵਿੱਚ ਹੋਵੇਗਾ। ਇਸ ਰੁਝਾਨ ਨੂੰ ਰੋਕਣ ਲਈ ਕਿਸਾਨ ਜਥੇਬੰਦੀਆਂ ਨੂੰ ਕਿਸਾਨਾਂ ਵਿੱਚ ਚੇਤਨਤਾ ਦੀ ਚਿਣਗ ਜਗਾਉਣ ਦੀ ਲੋੜ ਹੈ। ਜਥੇਬੰਦੀਆਂ ਨੂੰ ਸੰਘਰਸ਼ਾਂ ਦੇ ਅਸਰਦਾਇਕ ਨਤੀਜੇ ਤਾਂ ਹੀ ਪ੍ਰਾਪਤ ਹੋ ਸਕਦੇ ਹਨ ਜੇਕਰ ਇਨ੍ਹਾਂ ਜਥੇਬੰਦੀਆਂ ਦੀ ਅਗਵਾਈ ਕਿਸੇ ਇਕੱਲੇ ਇਕਹਿਰੇ ਆਗੂ ਦੀ ਬਜਾਏ ਸਮੂਹਿਕ ਤੌਰ 'ਤੇ ਕਿਸੇ ਕਮੇਟੀ ਦੇ ਹੱਥਾਂ ਵਿੱਚ ਹੋਵੇ ਜਿੱਥੇ ਕਿਸੇ ਵਿਅਕਤੀ ਵਿਸ਼ੇਸ਼ ਵੱਲੋਂ ਜਥੇਬੰਦੀ ਦੇ ਹੱਕਾਂ ਨੂੰ ਹਾਕਮ ਜਮਾਤਾਂ ਦੇ ਹੱਥਾਂ ਵਿੱਚ ਵੇਚਣ ਦੀ ਗੁੰਜਾਇਸ਼ ਹੀ ਖ਼ਤਮ ਹੋ ਜਾਵੇ। ਜਥੇਬੰਦੀਆਂ ਵੱਲੋਂ ਲਾਹੇਵੰਦ ਭਾਅ ਲੈਣ ਲਈ ਸੰਘਰਸ਼ਾਂ ਦਾ ਏਜੰਡਾ ਤਰਕ ਦੇ ਆਧਾਰ 'ਤੇ ਵੱਧ ਤੋਂ ਵੱਧ ਖੇਤੀ ਜਿਨਸਾਂ ਦੀਆਂ ਕੀਮਤਾਂ ਨਿਰਧਾਰਤ ਕਰਨ ਵਾਲਾ ਹੋਣਾ ਚਾਹੀਦਾ ਹੈ। ਖੇਤੀ ਲਾਗਤਾਂ 'ਤੇ ਕੇਂਦਰ ਸਰਕਾਰ ਵੱਲੋਂ ਵੱਧ ਤੋਂ ਵੱਧ ਸਬਸਿਡੀਆਂ ਮੁਹੱਈਆ ਕਰਵਾਉਣ ਲਈ ਆਪਣਾ ਦਬਾਅ ਬਣਾ ਕੇ ਰੱਖਣ ਦੀ ਲੋੜ ਹੈ। ਖੁਦਕੁਸ਼ੀਆਂ ਨੂੰ ਰੋਕਣ ਲਈ ਕਿਸਾਨ ਵਰਗ ਵਿੱਚ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਹਾਕਮ ਜਮਾਤਾਂ ਤੇ ਸਰਕਾਰਾਂ ਨੂੰ ਕਿਸਾਨਾਂ ਵਿੱਚ ਵਧ ਰਹੇ ਇਸ ਵਰਤਾਰੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਨਿਰਾਸ਼ਾ ਦੇ ਆਲਮ 'ਚ ਗੁਜ਼ਰਦੇ ਕਿਸਾਨ ਦੇ ਜਜ਼ਬਾਤਾਂ ਨੂੰ ਨਿਰਾ ਪੁਰਾ ਅਜਮਾਇਸ਼ੀ ਤੌਰ 'ਤੇ ਵੇਖੀ ਜਾਣਾ ਵੀ ਕੋਈ ਵੱਡੀ ਸਮਝਦਾਰੀ ਨਹੀਂ। ਇਹ ਕਦੇ ਵੀ ਵਿਸਫੋਟਕ ਰੂਪ ਅਖ਼ਤਿਆਰ ਕਰ ਸਕਦਾ ਹੈ। ਸ਼ਾਂਤਮਈ ਸੰਘਰਸ਼ ਕਦੋਂ ਹਥਿਆਰਬੰਦ ਲੜਾਈ 'ਚ ਤਬਦੀਲ ਹੋ ਜਾਣ ਇਹ ਕਿਸਾਨ ਸੰਗਠਨਾਂ ਦੀ ਚੇਤਨਤਾ 'ਤੇ ਨਿਰਭਰ ਕਰਦਾ ਹੈ।

ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਹਿੱਤਾਂ ਨੂੰ ਦੇਖਦਿਆਂ ਖੇਤੀਬਾੜੀ ਯੂਨੀਵਰਸਿਟੀਆਂ, ਖੇਤੀ ਖੋਜ ਕੰਪਨੀਆਂ ਨੂੰ ਹਰੀ ਕ੍ਰਾਂਤੀ ਵੇਲੇ ਦੇ ਕੰਮ ਕਾਜ ਨਾਲ ਮੇਲ ਕੇ ਉਤਸ਼ਾਹਿਤ ਕਰਨਾ ਚਾਹੀਦਾ ਹੈ। ਕਿਸਾਨਾਂ ਨੂੰ ਖੇਤੀ ਲਾਗਤਾਂ ਘੱਟ ਖਰਚੇ 'ਤੇ ਮੁਹੱਈਆ ਕਰਵਾਉਣ ਦੇ ਵਸੀਲੇ ਪੈਦਾ ਕਰਨ ਦੇ ਨਾਲ ਨਾਲ ਖੇਤੀ ਜਿਨਸਾਂ ਦੇ ਲਾਹੇਵੰਦ ਭਾਅ ਕਿਸਾਨਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ। ਆਪਣੇ ਹੱਕਾਂ ਦੀ ਪ੍ਰਾਪਤੀ ਲਈ ਕਿਸਾਨ ਸੜਕਾਂ 'ਤੇ ਉਤਰ ਆਏ ਹਨ। ਕਿਸਾਨ ਜਥੇਬੰਦੀਆਂ ਦੀ ਪੂਰਨ ਸਫਲਤਾ 'ਚ ਲੀਡਰਸ਼ਿਪ ਦੀ ਗੈਰ ਭਰੋਸੇਯੋਗਤਾ ਅੜਿਕਾ ਬਣੀ ਹੋਈ ਹੈ ਜਿਸ ਲਈ ਕਿਸਾਨ ਜਥੇਬੰਦੀਆਂ ਨੂੰ ਏਕਤਾ ਦੇ ਝੰਡੇ ਥੱਲੇ ਸਮੁੱਚੀ ਅਗਵਾਈ ਬਹੁਗਿਣਤੀ ਲੋਕਾਂ ਦੀ ਕਮੇਟੀ ਬਣਾ ਕੇ ਪੜ੍ਹੇ ਲਿਖੇ ਲੋਕਾਂ ਦੇ ਹੱਥਾਂ ਵਿੱਚ ਦੇ ਕੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਦੇਸ਼ ਦੇ ਅੰਨਦਾਤੇ ਨੂੰ ਖੁਦਕੁਸ਼ੀਆਂ ਵਰਗੇ ਵਰਤਾਰੇ 'ਚੋਂ ਬਾਹਰ ਕੱਢਣ ਲਈ ਉਨ੍ਹਾਂ ਦੇ ਕਰਜ਼ਿਆਂ 'ਤੇ ਮੁਕੰਮਲ ਲੀਕ ਮਾਰੀ ਜਾਵੇ ਤੇ ਭਵਿੱਖ ਵਿੱਚ ਖੇਤੀ ਜਿਨਸਾਂ ਦਾ ਲਾਹੇਵੰਦ ਭਾਅ ਨਿਰਧਾਰਿਤ ਕਰਕੇ ਖੇਤੀ ਉਤਪਾਦਨ ਦੇ ਸਾਧਨਾਂ, ਜਿਵੇਂ ਮਸ਼ੀਨਰੀ (ਟਰੈਕਟਰ, ਟਰਾਲੀ, ਸੀਡ ਡਰਿੱਲ, ਬੋਰ), ਕੀਟਨਾਸ਼ਕ ਦਵਾਈਆਂ ਤੇ ਰਸਾਇਣਕ ਖਾਦਾਂ 'ਤੇ ਸਬਸਿਡੀ ਵਗੈਰਾ ਦੇ ਕੇ ਘੱਟ ਖਰਚੇ 'ਤੇ ਕਿਸਾਨਾਂ ਨੂੰ ਮੁਹੱਈਆ ਕਰਵਾਏ ਜਾਣ ਤਾਂ ਕਿ ਨਿਰਾਸ਼ਾ ਦੇ ਆਲਮ 'ਚੋਂ ਕਿਸਾਨੀ ਨੂੰ ਬਾਹਰ ਕੱਢਿਆ ਜਾ ਸਕੇ ਤੇ ਉਸ ਨੂੰ ਜ਼ਿੰਦਗੀ ਜਿਊਣ ਜੋਗਰੀ ਆਰਥਿਕ ਵਿਵਸਥਾ ਮੁਹੱਈਆ ਹੋ ਸਕੇ। ਕੇਂਦਰ ਸਰਕਾਰ ਨੂੰ ਖੇਤੀ ਨੀਤੀਆਂ ਵਿੱਚ ਤਬਦੀਲੀ ਲਿਆਉਣੀ ਚਾਹੀਦੀ ਹੈ।

ਕਿਸਾਨ ਮੇਲਿਆਂ ਵਿੱਚ ਮਸ਼ੀਨਰੀ ਦੀ ਇਸ਼ਤਿਹਾਰਬਾਜ਼ੀ 'ਤੇ ਰੋਕ ਲਗਾ ਕੇ ਕਿਸਾਨਾਂ ਨੂੰ ਫਸਲੀ ਚੱਕਰ ਅਪਣਾਉਣ ਦੀ ਜਾਣਕਾਰੀ ਦੇਣੀ ਚਾਹੀਦੀ ਹੈ। ਪਾਣੀ ਦੇ ਪੱਧਰ ਨੂੰ ਬਚਾਉਣ ਲਈ ਵੀ ਖੇਤੀ ਮਾਹਿਰਾਂ ਦੀ ਰਾਏਸ਼ੁਮਾਰੀ ਕਰਕੇ ਇਸ ਦੇ ਸਾਰਥਿਕ ਸਿੱਟੇ ਲਿਆਉਣ ਦੇ ਯਤਨ ਜੁਟਾਉਣੇ ਸਰਕਾਰਾਂ ਦਾ ਫਰਜ਼ ਬਣਦਾ ਹੈ। ਕਿਸਾਨ ਦੀ ਜੀਵਨ ਜਾਚ ਨਾਲ ਸਬੰਧਤ ਹਰ ਤਰ੍ਹਾਂ ਦੇ ਸਮਾਗਮਾਂ ਦੀ ਫਜ਼ੂਲ ਖ਼ਰਚੀ 'ਤੇ ਕਾਬੂ ਪਾਉਣ ਲਈ ਬੁੱਧੀਜੀਵੀ ਵਰਗ ਨੂੰ ਕਿਸਾਨਾਂ ਵਿੱਚ ਚੇਤਨਤਾ ਪੈਦਾ ਕਰਨ 'ਤੇ ਜ਼ੋਰ ਦੇਣਾ ਸਮੇਂ ਦੀ ਲੋੜ ਹੈ। ਖੁਦਕੁਸ਼ੀਆਂ ਦੇ ਰਾਹ ਪੈ ਤੁਰੇ ਕਿਸਾਨ ਨੂੰ ਵੀ ਆਪਣੀ ਜੀਵਨ ਜਾਚ ਵਿੱਚ ਜਾਗਰੂਕਤਾ ਲਿਆਉਣੀ ਚਾਹੀਦੀ ਹੈ ਕਿ ਆਤਮ ਹੱਤਿਆ ਜਾਂ ਖੁਦਕੁਸ਼ੀ ਮਸਲੇ ਦਾ ਇੱਕੋ ਇੱਕ ਹੱਲ ਨਹੀਂ, ਸੰਘਰਸ਼ਾਂ ਨਾਲ ਵੀ ਜ਼ਿੰਦਗੀ ਸੰਵਾਰੀ ਜਾ ਸਕਦੀ ਹੈ।

# ਸ਼ਾਇਦ ਬੰਗਾਲ ਦੇ ਰਾਹ ਨਾ ਤੁਰੇ ਪੰਜਾਬ

**ਨਿਰਮਲ ਸੰਧੂ**

ਪੱਛਮੀ ਬੰਗਾਲ ਦੀਆਂ ਚੋਣਾਂ ਜਿੱਤਣ ਤੋਂ ਬਾਅਦ 5 ਮਈ ਨੂੰ ਚੰਡੀਗੜ੍ਹ ਦੇ ਭਾਜਪਾ ਦਫ਼ਤਰ ਵਿੱਚ ਜਸ਼ਨ ਮਨਾਉਣ ਲਈ ਭੀੜ ਇਕੱਠੀ ਹੋਈ ਸੀ। ਇਸ ਮੌਕੇ ਇੱਕ ਨਾਅਰਾ ਗੂੰਜਿਆ, ਜੋ ਦਿੱਲੀ ਦੇ ਭਾਜਪਾ ਗਲਿਆਰਿਆਂ ਵਿੱਚ ਵੀ ਸੁਣਾਈ ਦਿੱਤਾ: 'ਬੰਗਾਲ ਕੀ ਜੀਤ ਹਮਾਰੀ ਹੈ, ਅਬ ਪੰਜਾਬ ਕੀ ਬਾਰੀ ਹੈ'। ਖ਼ੁਸ਼ੀ ਵਿੱਚ ਨਗਾਰੇ ਵਜਾਉਣਾ ਜਾਇਜ਼ ਵੀ ਸੀ ਕਿਉਂਕਿ ਇਹ ਜਿੱਤ ਵਿਵਾਦਾਂ ਨਾਲ ਘਿਰੀ ਹੋਣ ਦੇ ਬਾਵਜੂਦ ਭਾਜਪਾ ਨੇ ਇੱਕ ਇਤਿਹਾਸਕ ਬਹੁਮਤ ਹਾਸਲ ਕੀਤਾ। ਹੁਣ ਜਦੋਂ ਚੋਣਾਂ ਦਾ ਜੋਸ਼ ਠੰਢਾ ਪੈ ਚੁੱਕਾ ਹੈ ਤਾਂ ਪਾਰਟੀ ਦੇ ਸੂਝਵਾਨ ਆਗੂਆਂ ਲਈ ਇਹ ਬਿਲਕੁਲ ਸਹੀ ਸਮਾਂ ਹੈ ਕਿ ਉਹ ਪੱਛਮੀ ਬੰਗਾਲ ਵਿੱਚ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਦੀ ਸਰਪ੍ਰਸਤੀ ਹੇਠ ਖੇਡੀ ਗਈ ਗੰਧਲੀ ਸਿਆਸਤ ਦਾ ਸੰਜੀਦਗੀ ਨਾਲ ਲੇਖਾ-ਜੋਖਾ ਕਰਨ। ਕੀ ਉਹ ਸੱਚਮੁੱਚ ਇਹ ਮੰਨਦੇ ਹਨ ਕਿ ਪਾਰਟੀ ਪੰਜਾਬ ਵਿੱਚ ਵੀ ਨਫ਼ਰਤ ਅਤੇ ਹਿੰਸਾ ਦਾ ਅਜਿਹਾ ਮਾਹੌਲ ਪੈਦਾ ਕਰ ਸਕਦੀ ਹੈ ਅਤੇ ਕੀ ਪੰਜਾਬੀ ਉਨ੍ਹਾਂ ਨੂੰ ਅਜਿਹਾ ਕਰਨ ਦੇਣਗੇ?

ਕੀ ਉਹ ਸੱਚਮੁੱਚ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਾਲੇ ਬੰਗਾਲ ਵਰਗੇ ਹਾਲਾਤ ਪੰਜਾਬ ਵਿੱਚ ਬਣਾਉਣਾ ਚਾਹੁੰਦੇ ਹਨ? ਕੀ ਪੰਜਾਬ ਦੇ ਭਾਜਪਾ ਆਗੂ ਸੱਤਾ ਹਾਸਲ ਕਰਨ ਲਈ ਇੰਨੇ ਨੀਵੇਂ ਪੱਧਰ 'ਤੇ ਡਿੱਗਣਗੇ? ਚੰਗੀ ਭਾਗੀਂ ਪੰਜਾਬ ਦੇ ਆਗੂਆਂ ਦਾ ਕਿਰਦਾਰ ਸੁਵੇਂਦੂ ਅਧਿਕਾਰੀ ਵਰਗਾ ਦਾਗ਼ੀ ਜਾਂ ਸ਼ੱਕੀ ਨਹੀਂ ਹੈ। ਉਨ੍ਹਾਂ ਵਿੱਚੋਂ ਕੋਈ ਵੀ ਕੱਟੜ ਮੁਸਲਿਮ-ਵਿਰੋਧੀ ਨਹੀਂ ਹੈ। ਸੱਤਾ ਦੀ ਚਾਹ ਰੱਖਣਾ ਕੋਈ ਗ਼ਲਤ ਗੱਲ ਨਹੀਂ, ਪਰ ਕੀ ਇਸ ਨੂੰ ਕਿਸੇ ਵੀ ਹੱਦ ਤੱਕ ਜਾ ਕੇ ਹਾਸਲ ਕੀਤਾ ਜਾਣਾ ਚਾਹੀਦਾ ਹੈ? ਸਰਹੱਦੀ ਸੂਬੇ ਹੋਣ ਕਰਕੇ ਪੰਜਾਬ ਅਤੇ ਬੰਗਾਲ ਦੋਵਾਂ ਨੂੰ ਬਹੁਤ ਸੂਝ-ਬੂਝ ਨਾਲ ਸੰਭਾਲਣ ਦੀ ਲੋੜ ਹੈ। ਇੱਥੇ ਭੜਕੀ ਇੱਕ ਛੋਟੀ ਜਿਹੀ ਚੰਗਿਆੜੀ ਵੀ ਵੱਡੀ ਅੱਗ ਦਾ ਰੂਪ ਧਾਰਨ ਕਰ ਸਕਦੀ ਹੈ। ਪੱਛਮੀ ਬੰਗਾਲ ਅਤੇ ਪੰਜਾਬ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਬੰਗਾਲੀ ਅਤੇ ਪੰਜਾਬੀ ਦੋਵੇਂ ਹੀ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਮੋਹਰੀ ਰਹੇ ਹਨ, ਜਿਨ੍ਹਾਂ ਨੇ ਬੇਮਿਸਾਲ ਦਲੇਰੀ ਦਿਖਾਉਂਦਿਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ। ਦੇਸ਼ ਦੀ ਵੰਡ ਵੇਲੇ ਵੀ ਦੋਵਾਂ ਸੂਬਿਆਂ ਨੇ ਭਾਰੀ ਕੀਮਤ ਚੁਕਾਈ। ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਦੋਵਾਂ ਨੇ ਆਪਣੇ ਪੈਰਾਂ 'ਤੇ ਖਲੋ ਕੇ ਤਰੱਕੀ ਕੀਤੀ। ਇਸ ਤੋਂ ਇਲਾਵਾ, ਦੋਵੇਂ ਸੂਬੇ ਨਵੇਂ ਸਿਆਸੀ ਤਜਰਬੇ ਕਰਨ ਤੋਂ ਕਦੇ ਪਿੱਛੇ ਨਹੀਂ ਹਟਦੇ। ਬਿਹਾਰ ਅਤੇ ਪੱਛਮੀ ਬੰਗਾਲ ਤੋਂ ਬਾਅਦ ਪੰਜਾਬ ਵਿੱਚ ਵੋਟਰ ਸੂਚੀਆਂ ਦੀ ਸੁਧਾਈ (ਐੱਸ ਆਈ ਆਰ) ਸ਼ੁਰੂ ਹੋਣ ਨਾਲ ਚਿੰਤਾਵਾਂ ਵਧ ਗਈਆਂ ਹਨ। ਮੁੱਖ ਚੋਣ ਅਧਿਕਾਰੀ ਵੱਲੋਂ ਸੱਦੀ ਗਈ ਸਰਬ-ਪਾਰਟੀ ਮੀਟਿੰਗ ਵਿੱਚ ਦੋਹਰੀਆਂ ਵੋਟਾਂ ਅਤੇ ਵੋਟਾਂ ਕੱਟੇ ਜਾਣ ਵਰਗੇ ਅਹਿਮ ਮੁੱਦੇ ਉੱਠੇ। ਭਾਜਪਾ ਦੇ ਸਿਆਸੀ ਵਿਰੋਧੀ ਹੁਣ ਬਾਜ਼ ਅੱਖ ਨਾਲ ਨਜ਼ਰ ਰੱਖ ਰਹੇ ਹਨ ਤਾਂ ਜੋ ਚੋਣਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਹੇਰਾਫੇਰੀ ਜਾਂ ਪੰਜਾਬ ਵਿੱਚ 'ਬੰਗਾਲ ਮਾਡਲ' ਨੂੰ ਦੁਹਰਾਉਣ ਦੀ ਕੋਸ਼ਿਸ਼ ਨੂੰ ਰੋਕਿਆ ਜਾ ਸਕੇ। ਭਾਜਪਾ ਆਗੂ ਪੰਜਾਬੀਆਂ ਨੂੰ ਅਪੀਲ ਕਰ ਰਹੇ ਹਨ ਕਿ ਉਨ੍ਹਾਂ ਨੂੰ ਵੀ ਆਮ ਆਦਮੀ ਪਾਰਟੀ ਵਾਂਗ ਇੱਕ ਵਾਰ ਸਰਕਾਰ ਚਲਾਉਣ ਦਾ ਮੌਕਾ ਦਿੱਤਾ ਜਾਵੇ। ਪਰ ਸੱਚ ਇਹ ਹੈ ਕਿ ਭਾਜਪਾ, ਪੰਜਾਬ ਦੇ ਮਾੜੇ ਸਿਆਸੀ ਇਤਿਹਾਸ ਦਾ ਹਿੱਸਾ ਰਹੀ ਹੈ। ਇਸ ਦੇ ਆਗੂ ਅਕਾਲੀਆਂ ਨਾਲ ਮਿਲ ਕੇ ਸੱਤਾ ਦਾ ਸੁਖ ਮਾਣ ਚੁੱਕੇ ਹਨ। ਪੰਜਾਬ ਵਿੱਚ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਦੇ ਉਭਾਰ ਵੇਲੇ ਇਨ੍ਹਾਂ ਆਗੂਆਂ ਨੇ ਅਜਿਹੇ ਮਾੜੇ ਅਨਸਰਾਂ ਨੂੰ ਮਿਲਦੀ ਸਿਆਸੀ ਪੁਸ਼ਤਪਨਾਹੀ ਖ਼ਿਲਾਫ਼ ਸ਼ਾਇਦ ਹੀ ਕਦੇ ਆਵਾਜ਼ ਉਠਾਈ ਹੋਵੇ। ਉਹ ਸੱਤਾ ਦੇ ਨਸ਼ੇ ਵਿੱਚ ਚੂਰ ਹੋ ਕੇ ਮਾੜੇ ਸ਼ਾਸਨ ਦਾ ਹਿੱਸਾ ਬਣੇ ਰਹੇ। ਅੱਜ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਦੇ ਜਿਹੜੇ ਮੁੱਦਿਆਂ 'ਤੇ ਭਾਜਪਾ ਆਗੂ ਇੰਨੀ ਉੱਚੀ ਸੁਰ 'ਚ ਆਵਾਜ਼ ਉਠਾ ਰਹੇ ਹਨ, ਉਸ ਵੇਲੇ ਇਹ ਮੁੱਦੇ ਉਨ੍ਹਾਂ ਲਈ ਕੋਈ ਮਾਅਨੇ ਨਹੀਂ ਰੱਖਦੇ ਸਨ।

ਕਾਂਗਰਸ ਅਤੇ 'ਆਪ' ਵਿੱਚੋਂ ਆਏ ਨਵੇਂ ਸਿਆਸੀ ਆਗੂਆਂ 'ਤੇ ਲੋਕਾਂ ਨੂੰ ਕੋਈ ਬਹੁਤਾ ਭਰੋਸਾ ਨਹੀਂ ਹੈ। ਉਨ੍ਹਾਂ ਦਾ ਇੱਕੋ-ਇੱਕ ਮਕਸਦ ਦਿੱਲੀ ਬੈਠੇ ਆਪਣੇ ਆਕਾਵਾਂ ਦੀ ਧੱਕੇਸ਼ਾਹੀ ਵਾਲੀ ਸਿਆਸਤ ਦੇ ਦਮ 'ਤੇ ਸੱਤਾ ਹਾਸਲ ਕਰਨਾ ਜਾਪਦਾ ਹੈ। ਜਿਸ 'ਮਜ਼ਬੂਤ ਲੀਡਰਸ਼ਿਪ' ਨੂੰ ਉਹ ਪੰਜਾਬ ਦੀਆਂ ਸਾਰੀਆਂ ਮੁਸ਼ਕਿਲਾਂ ਦਾ ਹੱਲ ਦੱਸਦੇ ਹਨ, ਉਹ ਲੀਡਰਸ਼ਿਪ ਕੌਮਾਂਤਰੀ ਸਰਹੱਦਾਂ ਤੋਂ ਹੁੰਦੀ ਨਸ਼ਾ ਤਸਕਰੀ ਜਾਂ ਭਾਜਪਾ ਸ਼ਾਸਿਤ ਰਾਜਾਂ ਅੰਦਰ ਚੱਲ ਰਹੇ ਨਸ਼ੇ ਦੇ ਕਾਰੋਬਾਰ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ। ਗੁਜਰਾਤ ਵਿੱਚ ਬਹੁਤ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਫੜੇ ਜਾਣ ਕਾਰਨ ਇਹ ਸੂਬਾ ਪੂਰੇ ਦੇਸ਼ ਵਿੱਚ ਬਦਨਾਮ ਹੋ ਗਿਆ ਹੈ। ਚੰਡੀਗੜ੍ਹ ਦੇ ਸਮਾਗਮ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਦਲੀਲ ਦਿੱਤੀ ਸੀ ਕਿ ਜੇਕਰ ਭਾਜਪਾ ਤ੍ਰਿਣਮੂਲ ਕਾਂਗਰਸ ਦੇ ਗੜ੍ਹ (ਬੰਗਾਲ) ਵਿੱਚ 3 ਸੀਟਾਂ ਤੋਂ ਦੋ-ਤਿਹਾਈ ਬਹੁਮਤ ਤੱਕ ਪਹੁੰਚ ਸਕਦੀ ਹੈ ਤਾਂ ਪੰਜਾਬ ਵਿੱਚ ਵੀ ਅਜਿਹੀ ਇਤਿਹਾਸਕ ਜਿੱਤ ਦੁਹਰਾਉਣਾ ਬਹੁਤ ਆਸਾਨ ਹੈ। ਫਿਲਹਾਲ, ਪੰਜਾਬ ਵਿਧਾਨ ਸਭਾ ਵਿੱਚ ਭਾਜਪਾ ਕੋਲ ਸਿਰਫ਼ ਦੋ ਸੀਟਾਂ ਹਨ ਅਤੇ ਉਸ ਦਾ ਪ੍ਰਭਾਵ ਸਿਰਫ਼ ਪਠਾਨਕੋਟ ਅਤੇ ਹੁਸ਼ਿਆਰਪੁਰ ਦੇ ਇਲਾਕਿਆਂ ਤੱਕ ਹੀ ਸੀਮਤ ਹੈ। ਪੰਜਾਬ ਦੀ ਧਰਤੀ ਦਲਬਦਲੂਆਂ, ਨਫ਼ਰਤ ਫੈਲਾਉਣ ਵਾਲਿਆਂ ਅਤੇ ਫ਼ਿਰਕੂ ਸੋਚ ਵਾਲਿਆਂ ਲਈ ਕਦੇ ਵੀ ਉਪਜਾਊ ਨਹੀਂ ਰਹੀ। ਹਿੰਦੂਤਵ ਦੇ ਪ੍ਰਭਾਵ ਨੂੰ ਸੂਬੇ ਦੇ ਹੋਰਨਾਂ ਸ਼ਹਿਰਾਂ ਤੱਕ ਵਧਾਉਣਾ ਭਾਜਪਾ ਲਈ ਇੱਕ ਬਹੁਤ ਵੱਡੀ ਚੁਣੌਤੀ ਹੈ। ਅਕਾਲੀ ਦਲ ਨਾਲ ਗੱਠਜੋੜ ਦੇ ਸਭ ਤੋਂ ਸੁਨਹਿਰੀ ਦੌਰ ਵਿੱਚ ਵੀ ਅਰੁਣ ਜੇਤਲੀ ਵਰਗੇ ਭਾਜਪਾ ਦੇ ਦਿੱਗਜ ਆਗੂ ਅੰਮ੍ਰਿਤਸਰ ਦੀ ਲੋਕ ਸਭਾ ਸੀਟ ਨਹੀਂ ਜਿੱਤ ਸਕੇ ਸਨ। ਇਸ ਤੋਂ ਬਾਅਦ ਅੰਮ੍ਰਿਤਸਰ ਤੋਂ ਮੈਦਾਨ ਵਿੱਚ ਉਤਾਰੇ ਗਏ ਸਿੱਖ ਚਿਹਰਿਆਂ ਹਰਦੀਪ ਪੁਰੀ ਅਤੇ ਤਰਨਜੀਤ ਸਿੰਘ ਸੰਧੂ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ। ਹੁਣ ਪਾਰਟੀ ਅਕਾਲੀ ਦਲ ਦੇ ਸਾਥ ਤੋਂ ਬਿਨਾਂ 2027 ਵਿੱਚ ਵੱਡੀ ਜਿੱਤ ਦੀ ਉਮੀਦ ਲਾਈ ਬੈਠੀ ਹੈ। ਪਰ ਇਤਿਹਾਸ ਗਵਾਹ ਹੈ ਕਿ ਪੰਜਾਬ ਵਿੱਚ ਸਿਰਫ਼ ਪਾਰਟੀ ਦੀ ਕੱਟੜ ਵਿਚਾਰਧਾਰਾ ਨਾਲ ਜੁੜੇ ਲੋਕ ਹੀ ਭਾਜਪਾ ਨੂੰ ਵੋਟ ਪਾਉਂਦੇ ਹਨ ਅਤੇ ਜਿੱਥੋਂ ਤੱਕ ਚੰਗੇ ਸ਼ਾਸਨ ਦਾ ਸਵਾਲ ਹੈ, ਉੱਥੇ ਪਾਰਟੀ ਦਾ ਰਿਕਾਰਡ ਬੇਹੱਦ ਨਿਰਾਸ਼ਾਜਨਕ ਹੈ। ਭਾਜਪਾ ਦੀਆਂ ਚੋਣਾਂ ਜਿੱਤਣ ਦੀਆਂ ਜਾਣੀਆਂ-ਪਛਾਣੀਆਂ ਗੁਪਤ ਰਣਨੀਤੀਆਂ ਵਿੱਚੋਂ ਇੱਕ ਇਹ ਵੀ ਹੈ ਕਿ ਵਿਰੋਧੀ ਧਿਰ ਦੇ ਰਾਜ ਵਾਲੇ ਸੂਬੇ ਵਿੱਚ ਡਰ ਤੇ ਅਸੁਰੱਖਿਆ ਦਾ ਮਾਹੌਲ ਪੈਦਾ ਕੀਤਾ ਜਾਵੇ ਅਤੇ ਹਰ ਹੀਲਾ ਵਰਤ ਕੇ ਉੱਥੇ ਮੁਸ਼ਕਿਲਾਂ ਖੜ੍ਹੀਆਂ ਕੀਤੀਆਂ ਜਾਣ। ਪਿਛਲੇ ਦਿਨੀਂ ਸੂਬੇ ਵਿੱਚ ਹੋਏ ਬੰਬ ਧਮਾਕਿਆਂ (ਇਨ੍ਹਾਂ ਵਿੱਚੋਂ ਸਿਰਫ਼ ਰੇਲਵੇ ਟਰੈਕ 'ਤੇ ਹੋਏ ਧਮਾਕੇ ਵਿੱਚ ਹੀ ਇੱਕ ਜਾਨ ਗਈ ਸੀ) ਬਾਰੇ ਦੋ ਤਰ੍ਹਾਂ ਦੇ ਬਿਆਨ ਸਾਹਮਣੇ ਆ ਰਹੇ ਹਨ। ਪਹਿਲੇ ਬਿਆਨ ਮੁਤਾਬਿਕ ਇਨ੍ਹਾਂ ਧਮਾਕਿਆਂ ਪਿੱਛੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ 'ਆਈ ਐੱਸ ਆਈ' ਦੇ ਏਜੰਟਾਂ ਦਾ ਹੱਥ ਦੱਸਿਆ ਜਾ ਰਿਹਾ ਹੈ। ਇਹ ਬੜੀ ਹਾਸੋਹੀਣੀ ਗੱਲ ਹੈ ਕਿ ਗੁਆਂਢੀ ਦੇਸ਼ ਦੀ ਜਿਹੜੀ ਖ਼ੁਫ਼ੀਆ ਏਜੰਸੀ ਕਿਸੇ ਵੇਲੇ ਇੰਨੀ ਤਾਕਤਵਰ ਹੁੰਦੀ ਸੀ ਅਤੇ ਜਿਸ ਨੇ ਪੰਜਾਬ ਵਿੱਚ ਅਤਿਵਾਦ ਦੇ ਦੌਰ ਦੌਰਾਨ ਖ਼ੌਫ਼ਨਾਕ ਭੂਮਿਕਾ ਨਿਭਾਈ ਸੀ, ਉਹ ਹੁਣ ਇੱਕ ਢੰਗ ਦਾ ਬੰਬ ਧਮਾਕਾ ਵੀ ਨਹੀਂ ਕਰਵਾ ਸਕਦੀ। ਜਲੰਧਰ ਵਿੱਚ ਬੀ ਐੱਸ ਐੱਫ ਦੇ ਮੁੱਖ ਦਫ਼ਤਰ ਦੇ ਬਾਹਰ ਅਤੇ ਇੱਕ ਫ਼ੌਜੀ ਛਾਉਣੀ ਨੇੜੇ ਹੋਏ ਧਮਾਕਿਆਂ ਨੂੰ ਦੇਖ ਕੇ ਇੰਝ




ਲੱਗਦਾ ਹੈ ਜਿਵੇਂ ਇਨ੍ਹਾਂ ਦਾ ਮਕਸਦ ਕੋਈ ਜਾਨੀ-ਮਾਲੀ ਨੁਕਸਾਨ ਕਰਨਾ ਨਹੀਂ, ਸਗੋਂ ਸਿਰਫ਼ ਖ਼ੌਫ਼ ਫੈਲਾਉਣਾ ਸੀ। ਡਰਨਾ ਤਾਂ ਦੂਰ ਦੀ ਗੱਲ, ਅੰਮ੍ਰਿਤਸਰ ਦੇ ਮੇਰੇ ਇਲਾਕੇ ਦੇ ਪੇਂਡੂ ਲੋਕ ਅਜਿਹੇ 'ਦੋਸਤਾਨਾ ਧਮਾਕਿਆਂ' ਦਾ ਮਜ਼ਾਕ ਉਡਾਉਂਦੇ ਹਨ। ਦੂਜਾ ਬਿਆਨ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਆਗੂ ਸੰਜੇ ਸਿੰਘ ਵੱਲੋਂ ਦਿੱਤਾ ਜਾ ਰਿਹਾ ਹੈ, ਜੋ ਇਸ ਸਰਹੱਦੀ ਸੂਬੇ ਦੀ ਸ਼ਾਂਤੀ ਭੰਗ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਲਈ ਸਿੱਧੇ ਤੌਰ 'ਤੇ ਭਾਜਪਾ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਇਹ ਇੱਕ ਬਹੁਤ ਹੀ ਗੰਭੀਰ ਦੋਸ਼ ਹੈ। ਉਨ੍ਹਾਂ ਨੂੰ ਜਾਂ ਤਾਂ ਜਨਤਕ ਤੌਰ 'ਤੇ ਸਬੂਤ ਪੇਸ਼ ਕਰਕੇ ਇਸ ਦੋਸ਼ ਨੂੰ ਸਾਬਿਤ ਕਰਨਾ ਚਾਹੀਦਾ ਹੈ ਜਾਂ ਫਿਰ ਇਸ ਨੂੰ ਵਾਪਸ ਲੈਣਾ ਚਾਹੀਦਾ ਹੈ। ਕਿਸੇ ਨੂੰ ਵੀ ਇਸ ਤਰ੍ਹਾਂ ਹਵਾ ਵਿੱਚ ਤੀਰ ਛੱਡ ਕੇ ਨਿਕਲ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸ਼ਰਾਰਤੀ ਅਨਸਰ ਅਕਸਰ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਸਿੱਖ ਜਜ਼ਬਾਤ ਨੂੰ ਭੜਕਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਬੇਅਦਬੀ ਵਿਰੁੱਧ ਬਣਾਇਆ ਗਿਆ ਸਖ਼ਤ ਕਾਨੂੰਨ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਹੀ ਹੈ। ਹਾਲਾਂਕਿ, ਸੁਖਬੀਰ ਬਾਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉੱਚ ਧਾਰਮਿਕ ਆਗੂਆਂ ਨੇ ਪਹਿਲਾਂ ਤਾਂ ਇਸ ਕਾਨੂੰਨ ਦਾ ਸਵਾਗਤ ਕੀਤਾ ਸੀ, ਪਰ ਬਾਅਦ ਵਿੱਚ ਸੋਚ-ਵਿਚਾਰ ਕੇ ਇਸ ਦਾ ਵਿਰੋਧ ਕਰਨਾ ਚੁਣਿਆ। ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿਰਫ਼ ਸਖ਼ਤ ਕਾਨੂੰਨ ਬਣਾਉਣ ਨਾਲੋਂ ਵੱਧ ਧਿਆਨ ਇਸ ਗੱਲ 'ਤੇ ਦੇਣ ਦੀ ਲੋੜ ਹੈ ਕਿ ਅਜਿਹੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ ਬਹੁਤ ਘੱਟ ਹੈ। ਸਿੱਖ ਅਤੇ ਹਿੰਦੂ ਹੁਣ ਧਾਰਮਿਕ ਵੰਡ ਪਾਉਣ ਵਾਲੀਆਂ ਅਜਿਹੀਆਂ ਚਾਲਾਂ ਦਾ ਸ਼ਿਕਾਰ ਨਹੀਂ ਹੋਣ ਲੱਗੇ। ਜੇਕਰ ਭਾਜਪਾ ਸੱਚਮੁੱਚ ਪੰਜਾਬ ਵਿੱਚ ਆਪਣਾ ਆਧਾਰ ਵਧਾਉਣਾ ਚਾਹੁੰਦੀ ਹੈ ਤਾਂ ਕਈ ਅਜਿਹੇ ਅਹਿਮ ਮੁੱਦੇ ਹਨ, ਜਿਨ੍ਹਾਂ ਨੂੰ ਉਹ ਪਹਿਲ ਦੇ ਆਧਾਰ 'ਤੇ ਚੁੱਕ ਸਕਦੀ ਹੈ। ਪੰਜਾਬ ਦੀ ਆਰਥਿਕ ਵਿਕਾਸ ਦਰ ਪਹਿਲਾਂ ਹੀ ਰੁਕੀ ਹੋਈ ਹੈ ਅਤੇ ਹਾਲ ਹੀ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਤੋਂ ਬਾਅਦ ਇਸ ਵਿੱਚ ਹੋਰ ਗਿਰਾਵਟ ਆ ਸਕਦੀ ਹੈ। ਕੇਂਦਰ ਸਰਕਾਰ ਪੰਜਾਬ ਦੇ ਉਦਯੋਗਾਂ ਲਈ ਕੋਈ ਵਿਸ਼ੇਸ਼ ਪੈਕੇਜ ਜਾਂ ਟੈਕਸ ਛੋਟ ਦੇ ਸਕਦੀ ਹੈ। ਦੂਜਾ, ਵਪਾਰ ਅਤੇ ਸੈਰ-ਸਪਾਟੇ ਲਈ ਅਟਾਰੀ-ਵਾਹਗਾ ਸਰਹੱਦ ਨੂੰ ਖੋਲ੍ਹ ਕੇ ਸੂਬੇ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕਦਾ ਹੈ।

ਤੀਜਾ, ਕੇਂਦਰ ਸਰਕਾਰ ਨੂੰ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਅਤੇ ਪੰਜਾਬ ਯੂਨੀਵਰਸਿਟੀ ਦਾ ਕੰਟਰੋਲ ਪੰਜਾਬ ਤੋਂ ਖੋਹਣ ਦੀਆਂ ਕੋਸ਼ਿਸ਼ਾਂ ਬੰਦ ਕਰਨੀਆਂ ਚਾਹੀਦੀਆਂ ਹਨ, ਪੰਜਾਬੀ ਦੀ ਥਾਂ ਹਿੰਦੀ ਨੂੰ ਥੋਪਣਾ ਬੰਦ ਕਰਨਾ ਚਾਹੀਦਾ ਹੈ ਅਤੇ ਦਰਿਆਈ ਪਾਣੀਆਂ ਵਿੱਚ ਪੰਜਾਬ ਦਾ ਜਾਇਜ਼ ਹੱਕ ਯਕੀਨੀ ਬਣਾਉਣਾ ਚਾਹੀਦਾ ਹੈ। ਅਖੀਰ ਵਿੱਚ ਕੇਂਦਰ ਸਰਕਾਰ ਸਿੱਖਾਂ ਦੇ ਗਿਲੇ-ਸ਼ਿਕਵਿਆਂ ਨੂੰ ਦੂਰ ਕਰਕੇ ਉਨ੍ਹਾਂ ਦਾ ਦਿਲ ਜਿੱਤ ਸਕਦੀ ਹੈ, ਜਿਵੇਂ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣਾ ਅਤੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨਾ। ਦੂਜੀਆਂ ਪਾਰਟੀਆਂ ਵਿੱਚੋਂ ਕੁਝ ਚੋਣਵੇਂ ਪਗੜੀਧਾਰੀ ਆਗੂਆਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਕੇ ਹੀ ਭਾਜਪਾ ਪੰਜਾਬ ਵਿੱਚ ਸਿਆਸੀ ਕਿਲ੍ਹਾ ਫ਼ਤਹਿ ਨਹੀਂ ਕਰ ਸਕਦੀ। ਜੇ ਇੱਥੇ ਪੈਰ ਜਮਾਉਣੇ ਹਨ ਤਾਂ ਦਿੱਲੀ ਨੂੰ ਪਿੰਡਾਂ ਵਿੱਚ ਵੱਸਦੇ ਪੰਜਾਬ ਦੀ ਮਾਨਸਿਕਤਾ ਤੇ ਜਜ਼ਬਾਤ ਨੂੰ ਸਮਝਣਾ ਪਵੇਗਾ।

# ਕੁਸ਼ਤੀ ਨੂੰ ਮਿਲਿਆ ਇਨਸਾਫ਼



ਦਿੱਲੀ ਹਾਈ ਕੋਰਟ ਵੱਲੋਂ ਵਿਨੇਸ਼ ਫੋਗਾਟ ਨੂੰ ਏਸ਼ਿਆਈ ਖੇਡਾਂ ਦੇ ਟਰਾਇਲਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਮਹਿਜ਼ ਇੱਕ ਖਿਡਾਰੀ ਦੀ ਕਿਸਮਤ ਦਾ ਫ਼ੈਸਲਾ ਨਹੀਂ ਹੈ। ਇਹ ਫ਼ੈਸਲਾ ਸਿੱਧਾ ਇਸ਼ਾਰਾ ਕਰਦਾ ਹੈ ਕਿ ਖੇਡ ਸੰਸਥਾਵਾਂ ਅਸਪੱਸ਼ਟ ਨਿਯਮਾਂ, ਪੱਖਪਾਤੀ ਵਤੀਰੇ ਅਤੇ ਨਿੱਜੀ ਬਦਲਾਖੋਰੀ ਦੇ ਸਿਰ 'ਤੇ ਨਹੀਂ ਚੱਲ ਸਕਦੀਆਂ। ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਖ਼?ਲਾਫ਼ ਅਦਾਲਤ ਦੀ ਤਿੱਖੀ ਟਿੱਪਣੀ (ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਫੈਡਰੇਸ਼ਨ ਦਾ ਰਵੱਈਆ 'ਬਦਲੇ ਦੀ ਭਾਵਨਾ ਵਾਲਾ' ਜਾਪਦਾ ਹੈ) ਭਾਰਤੀ ਖੇਡਾਂ ਨਾਲ ਜੁੜੇ ਹਰ ਸ਼ਖ਼ਸ ਲਈ ਚਿੰਤਾ ਦਾ ਵਿਸ਼ਾ ਹੋਣੀ ਚਾਹੀਦੀ ਹੈ। ਫੈਡਰੇਸ਼ਨਾਂ ਦਾ ਵਜੂਦ ਪ੍ਰਤਿਭਾ ਨੂੰ ਨਿਖਾਰਨ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਹੁੰਦਾ ਹੈ ਨਾ ਕਿ ਉਨ੍ਹਾਂ ਅਥਲੀਟਾਂ ਨਾਲ ਹਿਸਾਬ-ਕਿਤਾਬ ਬਰਾਬਰ ਕਰਨ ਲਈ ਜੋ ਸੱਤਾ/ਅਥਾਰਿਟੀ ਨੂੰ ਚੁਣੌਤੀ ਦਿੰਦੇ ਹਨ। ਮੈਟਰਨਿਟੀ ਛੁੱਟੀ ਅਤੇ ਸੱਟ ਤੋਂ ਉੱਭਰਨ ਤੋਂ ਬਾਅਦ ਵਿਨੇਸ਼ ਨੂੰ ਇੱਕ ਨਿਰਪੱਖ ਮੌਕਾ ਦੇਣ ਤੋਂ ਇਨਕਾਰ ਕਰਨ ਦੀ ਕੋਸ਼ਿਸ਼ ਨੇ ਇਹ ਜਨਤਕ ਕਰ ਦਿੱਤਾ ਹੈ ਕਿ ਕਿਵੇਂ ਭਾਰਤੀ ਖੇਡ ਪ੍ਰਸ਼ਾਸਨ ਵਿੱਚ ਪਾਰਦਰਸ਼ੀ, ਮਾਨਵੀ ਅਤੇ ਸੰਵੇਦਨਸ਼ੀਲ ਨੀਤੀਆਂ ਦੀ ਘਾਟ ਹੈ।

ਭਾਰਤ ਨੇ ਪਹਿਲਾਂ ਵੀ ਮਾਂ ਬਣਨ ਤੋਂ ਬਾਅਦ ਖੇਡਾਂ ਵਿੱਚ ਕਾਮਯਾਬੀ ਹਾਸਲ ਕਰਨ ਵਾਲੀਆਂ ਮਹਿਲਾ ਖਿਡਾਰੀਆਂ ਦਾ ਦਿਲੋਂ ਸਨਮਾਨ ਕੀਤਾ ਹੈ। ਮੈਰੀਕਾਮ ਨੇ ਬੱਚੇ ਹੋਣ ਤੋਂ ਬਾਅਦ ਵਾਪਸੀ ਕਰਕੇ ਵਰਲਡ ਚੈਂਪੀਅਨਸ਼ਿਪ ਅਤੇ ਓਲੰਪਿਕ ਮੈਡਲ ਜਿੱਤਿਆ, ਜਦੋਂ ਕਿ ਸਾਨੀਆ ਮਿਰਜ਼ਾ ਨੇ ਵੀ ਮਾਂ ਬਣਨ ਤੋਂ ਬਾਅਦ ਅੰਤਰਰਾਸ਼ਟਰੀ ਟੈਨਿਸ ਵਿੱਚ ਸ਼ਾਨਦਾਰ ਵਾਪਸੀ ਕੀਤੀ। ਜੇਕਰ ਦੁਨੀਆ ਦੀ ਗੱਲ ਕਰੀਏ ਤਾਂ ਸੈਰੇਨਾ ਵਿਲੀਅਮਜ਼ ਅਤੇ ਐਲੀਸਨ ਫੇਲਿਕਸ ਵਰਗੀਆਂ ਮਹਾਨ ਖਿਡਾਰਨਾਂ ਨੇ ਮਾਂ ਬਣਨ ਤੋਂ ਬਾਅਦ ਆਪਣੇ ਬਿਹਤਰੀਨ ਪ੍ਰਦਰਸ਼ਨ ਨਾਲ ਇਹ ਸਾਬਤ ਕਰ ਦਿੱਤਾ ਕਿ ਖੇਡਾਂ ਵਿੱਚ ਮਾਵਾਂ ਕੀ ਹਾਸਲ ਕਰ ਸਕਦੀਆਂ ਹਨ। ਇਸ ਲਈ ਮਾਂ ਬਣਨਾ ਕਿਸੇ ਖਿਡਾਰੀ ਦੇ ਕਰੀਅਰ ਵਿੱਚ ਰੁਕਾਵਟ ਨਹੀਂ ਬਣਨਾ ਚਾਹੀਦਾ ਅਤੇ ਨਾ ਹੀ ਅਫ਼ਸਰਸ਼ਾਹੀ ਨੂੰ ਇਸ ਬਹਾਨੇ ਕਿਸੇ ਖਿਡਾਰੀ ਨੂੰ ਬਾਹਰ ਰੱਖਣ ਦਾ ਹੱਕ ਹੈ। ਇਹ ਵਿਵਾਦ ਪਹਿਲਵਾਨਾਂ ਦੇ ਉਸ ਅੰਦੋਲਨ ਦੇ ਅਸਰ ਨੂੰ ਵੀ ਦਿਖਾਉਂਦਾ ਹੈ, ਜਿੱਥੇ ਕਈ ਖਿਡਾਰੀਆਂ ਨੇ ਵੱਡੇ ਅਧਿਕਾਰੀਆਂ 'ਤੇ ਡਰਾਉਣ-ਧਮਕਾਉਣ ਅਤੇ ਗਲਤ ਵਤੀਰੇ ਦੇ ਦੋਸ਼ ਲਾਏ ਸਨ। ਜਦੋਂ ਆਪਣੀ ਆਵਾਜ਼ ਬੁਲੰਦ ਕਰਨ ਵਾਲੇ ਖਿਡਾਰੀਆਂ ਦੇ ਰਾਹ ਵਿੱਚ ਪ੍ਰਸ਼ਾਸਨ ਵੱਲੋਂ ਰੋੜੇ ਅਟਕਾਏ ਜਾਂਦੇ ਹਨ ਤਾਂ ਖੇਡ ਸੰਸਥਾਵਾਂ ਤੋਂ ਆਮ ਲੋਕਾਂ ਦਾ ਭਰੋਸਾ ਬਹੁਤ ਤੇਜ਼ੀ ਨਾਲ ਉੱਠ ਜਾਂਦਾ ਹੈ।

ਸਾਡਾ ਦੇਸ਼ ਆਪਣੀਆਂ ਮਹਿਲਾ ਖਿਡਾਰਨਾਂ ਦੇ ਮੈਡਲ ਜਿੱਤਣ 'ਤੇ ਤਾਂ ਬਹੁਤ ਜਸ਼ਨ ਮਨਾਉਂਦਾ ਹੈ ਪਰ ਜਦੋਂ ਉਹੀ ਖਿਡਾਰਨਾਂ ਸਿਸਟਮ ਦੀ ਤਾਕਤ ਨਾਲ ਟੱਕਰ ਲੈਂਦੀਆਂ ਹਨ ਜਾਂ ਮਾਂ ਬਣਨ ਅਤੇ ਸੱਟ ਤੋਂ ਉੱਭਰਨ ਵਰਗੀਆਂ ਸਰੀਰਕ ਸੱਚਾਈਆਂ ਦਾ ਸਾਹਮਣਾ ਕਰਦੀਆਂ ਹਨ ਤਾਂ ਅਕਸਰ ਉਨ੍ਹਾਂ ਨੂੰ ਇਕੱਲਾ ਛੱਡ ਦਿੱਤਾ ਜਾਂਦਾ ਹੈ। ਖਿਡਾਰੀਆਂ ਦੀ ਚੋਣ ਦੇ ਮਾਮਲੇ ਵਿੱਚ ਅਦਾਲਤਾਂ ਨੂੰ ਵਾਰ-ਵਾਰ ਦਖ਼ਲ ਦੇਣ ਦੀ ਲੋੜ ਨਹੀਂ ਪੈਣੀ ਚਾਹੀਦੀ। ਖੇਡ ਫੈਡਰੇਸ਼ਨਾਂ ਨੂੰ ਅਜਿਹੇ ਭਰੋਸੇਮੰਦ ਅਤੇ ਸਾਫ਼-ਸੁਥਰੇ ਨਿਯਮ ਬਣਾਉਣੇ ਚਾਹੀਦੇ ਹਨ ਜਿਨ੍ਹਾਂ ਵਿੱਚ ਮਨਮਰਜ਼ੀ ਦੀ ਕੋਈ ਜਗ੍ਹਾ ਨਾ ਹੋਵੇ ਅਤੇ ਖਿਡਾਰੀਆਂ ਦਾ ਭਰੋਸਾ ਜਿੱਤਿਆ ਜਾ ਸਕੇ। ਭਾਰਤੀ ਖੇਡਾਂ ਉਦੋਂ ਤੱਕ ਦੁਨੀਆ ਵਿੱਚ ਸਭ ਤੋਂ ਅੱਗੇ ਨਹੀਂ ਨਿਕਲ ਸਕਦੀਆਂ ਜਦੋਂ ਤੱਕ ਉਹ ਅੰਦਰੂਨੀ ਸਿਆਸਤ ਅਤੇ ਸੰਸਥਾਵਾਂ ਦੀ ਆਪਸੀ ਖਿੱਚੋਤਾਣ ਵਿੱਚ ਫਸੀਆਂ ਰਹਿਣਗੀਆਂ। ਖਿਡਾਰੀਆਂ ਦੀ ਪਰਖ ਉਨ੍ਹਾਂ ਦੀ ਯੋਗਤਾ ਅਤੇ ਖੇਡ ਤੋਂ ਹੋਣੀ ਚਾਹੀਦੀ ਹੈ ਨਾ ਕਿ ਇਸ ਗੱਲ ਤੋਂ ਕਿ ਉਹ ਸਿਸਟਮ ਅੱਗੇ ਕਿੰਨੇ ਜੀ-ਹਜ਼ੂਰੀ ਕਰਨ ਵਾਲੇ ਹਨ।

# ਨਾਨਕਿਆਂ ਦੇ ਪਿੰਡ ਦੀ ਮਿੱਠੀ ਯਾਦ




ਪੰਜਾਬ ਦੇ ਪਿੰਡਾਂ ਦੇ ਪੁਰਾਣੇ ਸੱਭਿਆਚਾਰਕ ਰੀਤ-ਰਿਵਾਜਾਂ ਅਤੇ ਆਪਸੀ ਸਾਂਝ ਦੀਆਂ ਕਹਾਣੀਆਂ ਅੱਜ ਵੀ ਬਜ਼ੁਰਗਾਂ ਦੀਆਂ ਯਾਦਾਂ ਵਿੱਚ ਜੀਵੰਤ ਹਨ। ਅਜਿਹੀ ਹੀ ਇੱਕ ਮਿੱਠੀ ਯਾਦ ਨਾਲ ਜੁੜਿਆ ਹੈ ਅਕਾਲੀ ਫੂਲਾ ਸਿੰਘ ਦਾ ਪਿੰਡ ਦੇਹਲਾ ਸ਼ੀਹਾਂ, ਜਿਸ ਨੂੰ ਆਪਣੇ ਨਾਲ ਜੁੜੇ ਹੋਰ ਛੇ ਪਿੰਡਾਂ ਲੇਹਲ ਕਲਾਂ, ਢੀਂਡਸਾ, ਭੁਟਾਲ ਕਲਾਂ, ਕੋਟੜਾ ਲੇਹਲ, ਲੇਹਲ ਕਕਰਾਲਾ ਅਤੇ ਪੱਕਾ ਪਥਰਾਲਾ ਦਾ ਮਾਣ ਹਾਸਲ ਹੈ। ਇਹ ਸਾਰੇ ਪਿੰਡ ਸਰਾਓ ਗੋਤ ਨਾਲ ਸਬੰਧਤ ਹਨ ਅਤੇ ਦਹਾਕਿਆਂ ਤੱਕ ਇਨ੍ਹਾਂ ਵਿਚਕਾਰ ਇੱਕ ਪਰਿਵਾਰ ਵਰਗੀ ਸਾਂਝ ਰਹੀ।

ਭਾਵੇਂ ਲੇਹਲ ਕਕਰਾਲਾ (ਪਟਿਆਲਾ) ਅਤੇ ਪੱਕਾ ਪਥਰਾਲਾ (ਬਠਿੰਡਾ) ਦੀ ਦੂਰੀ ਕਾਫ਼ੀ ਵੱਧ ਹੈ, ਪਰ ਦਿਲਾਂ ਦੀ ਨੇੜਤਾ ਨੇ ਕਦੇ ਇਸ ਦੂਰੀ ਨੂੰ ਮਹਿਸੂਸ ਨਹੀਂ ਹੋਣ ਦਿੱਤਾ। 1960-70 ਦੇ ਦਹਾਕੇ ਵਿੱਚ ਇਨ੍ਹਾਂ ਪਿੰਡਾਂ ਦੇ ਲੋਕ ਇੱਕ-ਦੂਜੇ ਨੂੰ ਆਪਣੇ ਹੀ ਘਰ ਦਾ ਮੈਂਬਰ ਸਮਝਦੇ ਸਨ। ਉਸ ਵੇਲੇ ਬਜ਼ੁਰਗ ਮਾਣ ਨਾਲ ਕਹਿੰਦੇ ਸਨ ਕਿ 'ਸਾਡੇ ਸੱਤ ਪਿੰਡ ਹਨ।' ਇਹ ਸਿਰਫ਼ ਕਹਿਣ ਦੀ ਗੱਲ ਨਹੀਂ ਸੀ, ਸਗੋਂ ਉਸ ਸਮੇਂ ਦੀ ਸੱਚੀ ਜੀਵਨ-ਪ੍ਰਥਾ ਸੀ।

ਮੇਰਾ ਨਾਨਕਾ ਪਿੰਡ ਦੇਹਲਾ ਸ਼ੀਹਾਂ (ਸੰਗਰੂਰ) ਹੈ। ਬਚਪਨ ਵਿੱਚ ਨਾਨਕਿਆਂ ਦਾ ਚਾਅ ਅਤੇ ਪਿਆਰ ਦਾਦਕੇ ਪਿੰਡ ਨਾਲੋਂ ਵੀ ਵੱਧ ਮਹਿਸੂਸ ਹੁੰਦਾ ਸੀ। ਨਾਨਕਿਆਂ ਦਾ ਘਰ ਸਦਾ ਲਈ ਟਿਕਾਣਾ ਨਹੀਂ ਹੁੰਦਾ, ਪਰ ਉੱਥੇ ਬਿਤਾਏ ਕੁਝ ਦਿਨ ਸਾਰੀ ਉਮਰ ਦੀਆਂ ਮਿੱਠੀਆਂ ਯਾਦਾਂ ਬਣ ਜਾਂਦੇ ਹਨ। ਖ਼ਾਸ ਕਰਕੇ ਸਕੂਲੀ ਛੁੱਟੀਆਂ ਦੌਰਾਨ ਨਾਨੀ, ਮਾਮੇ, ਮਾਮੀਆਂ ਅਤੇ ਮਾਸੀਆਂ ਦਾ ਪਿਆਰ ਦਿਲ ਨੂੰ ਖਿੱਚਦਾ ਸੀ। ਉਨ੍ਹਾਂ ਦੇ ਮਿੱਠੇ ਬੋਲ ਅਤੇ ਖਾਣ-ਪੀਣ ਦੀ ਖ਼ਾਸ ਖਾਤਰਦਾਰੀ ਬੱਚੇ ਦੇ ਮਨ ਵਿੱਚ ਵੱਖਰਾ ਹੀ ਪਿਆਰ ਪੈਦਾ ਕਰ ਦਿੰਦੀ ਸੀ।

ਦੇਹਲਾ ਸ਼ੀਹਾਂ ਅਤੇ ਲੇਹਲ ਕਲਾਂ ਦੀ ਬੋਲੀ ਵਿੱਚ ਇੱਕ ਅਨੋਖੀ ਮਿਠਾਸ ਸੀ। ਭਾਵੇਂ ਇਨ੍ਹਾਂ ਵਿੱਚੋਂ ਬਹੁਤ ਸਾਰੇ ਪਿੰਡਾਂ ਦੀ ਬੋਲਚਾਲ ਵੀ ਹਰਿਆਣਵੀ ਪ੍ਰਭਾਵ ਵਾਲੀ ਹੈ, ਪਰ ਦੇਹਲਾ ਸ਼ੀਹਾਂ ਅਤੇ ਲੇਹਲ ਕਲਾਂ ਦੀ ਆਮ ਗੱਲਬਾਤ ਵਿੱਚ ਅਪਣਾਪਣ ਸਾਫ਼ ਮਹਿਸੂਸ ਹੁੰਦਾ ਸੀ। ਇੱਥੋਂ ਤੱਕ ਕਿ ਗੁੱਸੇ ਦੀ ਬੋਲਚਾਲ ਵੀ ਨਿਵੇਕਲੀ ਲੱਗਦੀ ਸੀ। ਲੋਕ ਆਪਣੇ ਮਨ ਦੀ ਗੱਲ ਬਿਨਾਂ ਕਿਸੇ ਲੁਕਾਵਟ ਦੇ ਸਿੱਧੀ ਕਹਿੰਦੇ ਸਨ। ਬੋਲੀਆਂ ਵਿੱਚ ਸੱਚਾਈ ਅਤੇ ਦਿਲਾਂ ਵਿੱਚ ਪਿਆਰ ਹੁੰਦਾ ਸੀ, ਪਰ ਜੋ ਮਿਠਾਸ 'ਬਾਈਓ' ਸ਼ਬਦ ਲਾ ਕੇ ਸਾਹਮਣੇ ਵਾਲੇ ਨਾਲ ਗੱਲ ਕਰਦੇ ਹਨ ਤਦ ਸਤਿਕਾਰ 'ਚੋਂ ਮਿਠਾਸ ਡੁੱਲ੍ਹ

**ਗੁਰਮੇਲ ਸਿੰਘ ਸੰਗਤਪੁਰਾ**

ਡੁੱਲ੍ਹ ਪੈਂਦਾ ਹੈ।

ਸਾਲ 1963-64 ਦੇ ਦਿਨ ਅੱਜ ਵੀ ਯਾਦ ਆਉਂਦੇ ਹਨ, ਜਦੋਂ ਮੈਂ ਆਪਣੇ ਮਾਤਾ-ਪਿਤਾ ਨਾਲ ਊਠ ਉੱਤੇ ਚੜ੍ਹ ਕੇ ਪਿੰਡਾਂ ਦੀਆਂ ਪਗਡੰਡੀਆਂ ਰਾਹੀਂ ਦੇਹਲਾ ਸ਼ੀਹਾਂ ਜਾਂਦਾ ਸੀ। ਖੇਤਾਂ ਵਿੱਚ ਲਹਿਰਾਉਂਦੀਆਂ ਫ਼ਸਲਾਂ ਅਤੇ ਠੰਢੀ ਰੁਮਕਦੀ ਪੌਣ ਮਨ ਨੂੰ ਅਦਭੁੱਤ ਸਕੂਨ ਦਿੰਦੀ ਸੀ। ਉਸ ਰਸਤੇ ਦੇ ਕਿਸਾਨ ਵੀ ਸਾਡੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਮੇਰੇ ਪਿਤਾ ਜੀ ਨੂੰ ਉਹ ਆਪਣੇ ਪਿੰਡ ਦਾ ਜਵਾਈ ਮੰਨਦੇ ਅਤੇ ਬਹੁਤ ਮਾਣ ਦਿੰਦੇ ਸਨ।

ਬਾਜਰੇ ਚੁਗਦੇ ਜਾਂ ਡੁੰਗਦੇ ਕਿਸਾਨ ਹੱਥ ਖੜ੍ਹਾ ਕਰਕੇ ਆਵਾਜ਼ ਮਾਰਦੇ, 'ਪ੍ਰਾਹੁਣਿਆਂ, ਚਾਹ ਪੀਕੇ ਜਾਈਂ।' ਇਨ੍ਹਾਂ ਪਿੰਡਾਂ ਵਿੱਚ 'ਪ੍ਰਾਹੁਣਾ' ਸ਼ਬਦ ਖ਼ਾਸ ਤੌਰ 'ਤੇ ਜਵਾਈ ਲਈ ਵਰਤਿਆ ਜਾਂਦਾ ਸੀ। ਜੇ ਕਿਤੇ ਚਾਹ ਬਣੀ ਹੁੰਦੀ ਤਾਂ ਅੱਗੇ ਹੋ ਕੇ ਸਤਿਕਾਰ ਨਾਲ ਚਾਹ ਪਿਲਾਈ ਜਾਂਦੀ ਅਤੇ ਊਠ ਜਾਂ ਬੋਤੇ ਲਈ ਗੁਆਰੇ ਦਾ ਥੱਬਾ ਵੀ ਪਾਇਆ ਜਾਂਦਾ। ਇਹ ਸਿਰਫ਼ ਰਸਮ ਨਹੀਂ ਸੀ, ਇਹ ਦਿਲਾਂ ਦੀ ਸੱਚੀ ਮਹਿਮਾਨ-ਨਿਵਾਜ਼ੀ ਸੀ।

ਉਸ ਸਮੇਂ ਪਿੰਡਾਂ ਵਿੱਚ ਲੋਕ ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਬੜੀ ਸਾਂਝ ਨਾਲ ਖੜ੍ਹਦੇ ਸਨ। ਜੇ ਕਿਸੇ ਘਰ ਵਿੱਚ ਵਿਆਹ ਹੋਵੇ ਤਾਂ ਸਾਰੇ ਸੱਤ ਪਿੰਡਾਂ ਦੇ ਲੋਕ ਆਪਣਾ ਕੰਮ ਸਮਝ ਕੇ ਪਹੁੰਚਦੇ ਸਨ। ਕੋਈ ਲੰਗਰ ਦੀ ਸੇਵਾ ਕਰਦਾ, ਕੋਈ ਮਹਿਮਾਨਾਂ ਦੀ ਸੰਭਾਲ ਅਤੇ ਕੋਈ ਘਰ ਦੇ ਕੰਮਾਂ ਵਿੱਚ ਹੱਥ ਵਟਾਉਂਦਾ। ਇਸੇ ਤਰ੍ਹਾਂ ਜੇ ਕਿਸੇ ਘਰ ਵਿੱਚ ਕੋਈ ਦੁਖਦਾਈ ਘਟਨਾ ਹੋ ਜਾਵੇ ਤਾਂ ਸਾਰੇ ਪਿੰਡ ਦੇ ਲੋਕ ਪਰਿਵਾਰ ਦੇ ਮੈਂਬਰਾਂ ਵਾਂਗ ਨਾਲ ਖੜ੍ਹਦੇ ਸਨ। ਇਹ ਸਾਂਝ ਅਤੇ ਆਪਣਾਪਣ ਹੀ ਪਿੰਡਾਂ ਦੀ ਅਸਲ ਤਾਕਤ ਹੁੰਦੀ ਸੀ।

ਇਨ੍ਹਾਂ ਸੱਤ ਪਿੰਡਾਂ ਦੇ ਬਜ਼ੁਰਗਾਂ ਦੀ ਸੋਚ ਵੀ ਬੜੀ ਉੱਚੀ ਸੀ। ਉਹ ਆਪਸ ਵਿੱਚ ਧੀਆਂ ਦੇ ਰਿਸ਼ਤੇ ਨਹੀਂ ਕਰਦੇ ਸਨ। ਬਾਕੀ ਛੇ ਪਿੰਡਾਂ ਦੀ ਧੀ ਨੂੰ ਆਪਣੀ ਧੀ ਸਮਝਿਆ ਜਾਂਦਾ ਸੀ। ਇਹ ਰਿਸ਼ਤਾ ਸਿਰਫ਼ ਖ਼ੂਨ ਦਾ ਨਹੀਂ, ਸਤਿਕਾਰ ਅਤੇ ਭਾਈਚਾਰੇ ਦਾ ਸੀ। ਇਸ ਕਰਕੇ ਪਿੰਡਾਂ ਵਿੱਚ ਆਪਸੀ ਪਿਆਰ ਅਤੇ ਵਿਸ਼ਵਾਸ ਦੀ ਮਜ਼ਬੂਤ ਡੋਰ ਬਣੀ ਰਹਿੰਦੀ ਸੀ, ਪਰ ਸਮੇਂ ਦੇ ਨਾਲ ਬਹੁਤ ਕੁਝ ਬਦਲ ਗਿਆ। ਅੱਜ ਦੀ ਨਵੀਂ ਪੀੜ੍ਹੀ ਇਸ ਬਦਲਾਅ ਨੂੰ ਤਰੱਕੀ ਕਹਿੰਦੀ ਹੋਵੇਗੀ, ਪਰ ਪੁਰਾਣੀ ਪੀੜ੍ਹੀ ਲਈ ਇਹ ਸਾਂਝ ਅਤੇ ਸ਼ਰਮ-ਹਿਆ ਦੇ ਘਟਦੇ ਨਿਸ਼ਾਨ ਹਨ। ਅੱਜ ਹਾਲਾਤ ਇਹ ਹਨ ਕਿ ਲੋਕ ਗੁਆਂਢੀ ਪਿੰਡਾਂ ਹੀ ਨਹੀਂ, ਆਪਣੇ ਹੀ ਪਿੰਡ ਅਤੇ ਗਲੀ-ਮੁਹੱਲੇ ਵਿੱਚ ਰਿਸ਼ਤੇ ਕਰਾਉਣ ਤੋਂ ਵੀ ਨਹੀਂ ਝਿਜਕਦੇ। ਭਾਈਚਾਰੇ ਦੀ ਉਹ ਪਵਿੱਤਰ ਭਾਵਨਾ ਕਿਤੇ ਪਿੱਛੇ ਛੁੱਟਦੀ ਨਜ਼ਰ ਆਉਂਦੀ ਹੈ।

ਜਦੋਂ 1960 ਦੇ ਦਹਾਕੇ ਦੀ ਸਾਂਝ, ਸਤਿਕਾਰ ਅਤੇ ਮਰਿਆਦਾ ਨੂੰ ਅੱਜ ਦੀ ਸਵਾਰਥੀ ਤੇ ਰੁਝੇਵਿਆਂ ਭਰਪੂਰ ਜ਼ਿੰਦਗੀ ਨਾਲ ਤੋਲਦਾ ਹਾਂ ਤਾਂ ਮਨ ਅੰਦਰੋਂ ਹਿਲ ਜਾਂਦਾ ਹੈ। ਅੱਜ ਸੁਵਿਧਾਵਾਂ ਵਧ ਗਈਆਂ ਹਨ, ਪਰ ਦਿਲਾਂ ਦੀ ਨੇੜਤਾ ਘਟ ਗਈ ਹੈ। ਪੁਰਾਣੇ ਲੋਕ ਘੱਟ ਸਾਧਨਾਂ ਵਿੱਚ ਵੀ ਵੱਡੇ ਦਿਲ ਵਾਲੇ ਸਨ। ਉਹ ਰਿਸ਼ਤਿਆਂ ਨੂੰ ਨਿਭਾਉਣਾ ਜਾਣਦੇ ਸਨ, ਜਦਕਿ ਅੱਜ ਇਨਸਾਨ ਕੋਲ ਸਭ ਕੁਝ ਹੋ ਕੇ ਵੀ ਆਪਣੇਪਣ ਦੀ ਕਮੀ ਮਹਿਸੂਸ ਹੁੰਦੀ ਹੈ। ਕਦੇ ਪੰਜਾਬ ਦੇ ਪਿੰਡ ਆਪਣੇ ਗੋਤ ਦੇ ਪਿੰਡਾਂ ਦੀ ਧੀ ਨੂੰ ਆਪਣੀ ਸਮਝ ਕੇ ਆਪਣੇ ਪੁੱਤ ਲਈ ਰਿਸ਼ਤਾ ਨਹੀਂ ਲੈਂਦੇ ਸਨ, ਜਦੋਂ ਕਿ ਅੱਜ ਆਪਣੇ ਗਲੀ ਗੁਆਂਢ ਜਾਂ ਪਰਿਵਾਰਕ ਰਿਸ਼ਤਿਆਂ ਦੀ ਪਰਵਾਹ ਨਹੀਂ ਕੀਤੀ ਜਾਂਦੀ। ਦੇਹਲਾ ਸ਼ੀਹਾਂ ਅਤੇ ਉਸ ਨਾਲ ਜੁੜੇ ਇਹ ਸੱਤ ਪਿੰਡ ਸਿਰਫ਼ ਭੂਗੋਲਿਕ ਇਕਾਈਆਂ ਨਹੀਂ ਸਨ, ਸਗੋਂ ਪਿਆਰ, ਸਾਂਝ ਅਤੇ ਭਾਈਚਾਰੇ ਦੀ ਜਿਉਂਦੀ ਜਾਗਦੀ ਮਿਸਾਲ ਸਨ। ਅੱਜ ਵੀ ਜਦੋਂ ਉਹ ਪੁਰਾਣੇ ਦਿਨ ਯਾਦ ਆਉਂਦੇ ਹਨ ਤਾਂ ਮਨ ਮਾਣ ਨਾਲ ਭਰ ਜਾਂਦਾ ਹੈ, ਪਰ ਨਾਲ ਹੀ ਇਹ ਸੋਚ ਕੇ ਅਫ਼ਸੋਸ ਵੀ ਹੁੰਦਾ ਹੈ ਕਿ ਕਿਤੇ ਅਸੀਂ ਤਰੱਕੀ ਦੀ ਦੌੜ ਵਿੱਚ ਆਪਣੀ ਸਾਂਝੀ ਵਿਰਾਸਤ ਤਾਂ ਨਹੀਂ ਗੁਆ ਬੈਠੇ।

# ਬੁਢਾਪੇ ਦੀ ਚਾਦਰ



ਪੁੱਤਰੋ, ਤੁਸੀਂ ਤਾਂ ਮੇਰੇ ਬੁਢਾਪੇ ਦੀ ਚੱਦਰ ਹੀ ਖੋਹ ਲਈ, ਇਸ ਨਾਲ ਤਾਂ ਮੈਂ ਆਪਣੀ ਇੱਜ਼ਤ ਢੱਕ ਰਿਹਾ ਸੀ। ਹੁਣ ਦੱਸੋ ਕਿਸ ਅੱਗੇ ਹੱਥ ਅੱਡਾਂ, ਮੇਰਾ ਤਾਂ ਮਰਨ ਹੋ ਜੂ', ਬਜ਼ੁਰਗ ਨੇ ਆਪਣੇ ਪੁੱਤਰਾਂ ਨੂੰ ਕਿਹਾ।

'ਬੁਢਾਪਾ ਆ ਗਿਆ, ਹੁਣ ਬਾਪੂ ਜੀ, ਐਵੇਂ ਜਬਲੀਆਂ ਨਾ ਮਾਰੋ, ਚੁੱਪ ਕਰਕੇ ਰੋਟੀ ਖਾਈ ਜਾਓ, ਕੀ ਲੈਣੇ ਤੁਸੀਂ, ਪਤਾ ਨੀ ਕਿਹੜੇ ਚੱਕਰ 'ਚ ਪੈ ਗਏ', ਬਜ਼ੁਰਗ ਦੇ ਪੁੱਤਰ ਕੈਲੇ ਨੇ ਕਿਹਾ।

'ਲਾਹਨਤ ਹੈ ਮੈਨੂੰ ਚਾਰ ਪੈਸੇ ਪੈਨਸ਼ਨ ਦੇ ਮਿਲਦੇ ਨੇ, ਉਹ ਵੀ ਤੁਸੀਂ ਖੋਹ ਲਏ, ਮੈਂ ਬੰਦਾ ਨਹੀਂ, ਪੈਸੇ ਦੀ ਲੋੜ ਤਾਂ ਪੈਂਦੀ ਹੀ ਐ, ਤੁਹਾਡੇ ਮੂਹਰੇ ਹੱਥ ਕਿਉਂਕਿ ਅੱਡਾਂ', ਬਜ਼ੁਰਗ ਨੇ ਕੈਲੇ ਨੂੰ ਕਿਹਾ।

'ਅਸੀਂ ਮਰ ਤਾਂ ਨਹੀਂ ਗਏ, ਜਿਊਂਦੇ ਆਂ, ਕੀ ਕਰਨੀ ਐਂ ਤੁਸੀਂ ਪੈਨਸ਼ਨ', ਬਜ਼ੁਰਗ ਦੇ ਪੁੱਤਰਾਂ ਨੇ ਕਿਹਾ।

'ਨਾ ਜਦੋਂ ਮਰ ਗਿਆ, ਫੇਰ ਗੁਜ਼ਾਰਾ ਕਿਵੇਂ ਹੋਊ', ਬਜ਼ੁਰਗ ਨੇ ਉੱਤਰ ਦਿੱਤਾ।

'ਫੇਰ ਆਪੇ ਦੇਖੀ ਜਾਊ, ਹੁਣ ਦਾ ਸਮਾਂ ਤਾਂ ਕੱਢੀਏ', ਕੈਲੇ ਨੇ ਕਿਹਾ।

'ਮੇਰੇ ਗੱਲ ਅੰਗੂਠਾ ਦੇਈ ਜਾਓ, ਚਾਰ ਦਿਨ ਵੀ ਜਿਊਣ ਨਾ ਦੇਵੋ', ਬਜ਼ੁਰਗ ਨੇ ਅੱਖਾਂ ਵਿਚ ਹੰਝੂ ਵਗਾਉਂਦੇ ਕਿਹਾ।

'ਬਾਪੂ ਜੀ ਕਾਰ ਲਈ ਲੋਨ ਲਿਆ, ਸਹੁਰੇ ਜਾਣਾ ਹੁੰਦੈ, ਟੋਹਰ ਵੀ ਬਨਾਉਣੀ ਹੁੰਦੀ ਐ', ਕੈਲੇ ਨੇ ਕਿਹਾ।

'ਚੰਗਾ ਭਾਈ, ਥੋਡੀ ਟੋਹਰ 'ਚ ਫਰਕ ਨਾ ਪੈਜੇ, ਮੇਰਾ ਕੀ ਐ, ਭਾਵੇਂ ਕੱਲ ਮਰਜਾਂ', ਅੱਖਾਂ ਵਿਚੋਂ ਪਾਣੀ ਵਗਦੇ ਬਜ਼ੁਰਗ ਨੇ ਕਿਹਾ।

-ਡਾ. ਬਲਵਿੰਦਰ ਸਿੰਘ ਸੋਢੀ (ਮੀਰਹੇੜੀ)






# ਮੈਂ ਹੁਣ ਕਿਹਦੇ ਨਾਲ ਖੇਡਾਂਗੀ?



"ਸਾਰੇ ਬੱਚੇ ਕਹਿੰਦੇ ਨੇ ਮੈਨੂੰ ਨਹੀਂ ਖਿਡਾਉਣਾ। ਪਾਪਾ! ਮੈਂ ਹੁਣ ਕਿਹਦੇ ਨਾਲ ਖੇਡਾਂਗੀ?" ਮੇਰੀ ਛੇ ਸਾਲ ਦੀ ਬੱਚੀ ਰੋਂਦੀ ਹੋਈ ਬਾਹਰੋਂ ਆਈ ਤੇ ਗਲੀ ਦੇ ਬੱਚਿਆਂ ਦੀ ਸ਼ਿਕਾਇਤ ਕਰਨ ਲੱਗੀ।

ਮੇਰੇ ਕੋਲ ਰਿਟਾਇਰਡ ਜਨਰਲ ਵਿਪਨ ਸ਼ਰਮਾ ਜੀ ਆਏ ਬੈਠੇ ਸਨ, ਜੋ ਅੱਜ ਦੇ ਵਿਗੜ ਚੁੱਕੇ ਹਾਲਾਤ 'ਤੇ ਅੱਥਰੂ ਵਹਾ ਰਹੇ ਸਨ। ਕਿਉਂਕਿ ਮੇਰੀ ਦਿਲਚਸਪੀ ਜਨਰਲ ਸ਼ਰਮਾ ਜੀ ਦੀਆਂ ਗੱਲਾਂ ਵਿੱਚ ਵਧੇਰੇ ਸੀ, ਇਸ ਲਈ ਮੈਂ ਆਪਣੀ ਬੱਚੀ ਦੇ ਸਵਾਲ ਵੱਲ ਕੋਈ ਧਿਆਨ ਨਾ ਦਿੱਤਾ। ਬਸ ਉਸ ਨੂੰ ਆਪਣੀ ਗੋਦੀ ਵਿੱਚ ਬਿਠਾ ਲਿਆ ਤੇ ਫਿਰ ਜਨਰਲ ਸ਼ਰਮਾ ਦੀਆਂ ਗੱਲਾਂ ਵਿੱਚ ਮਸਤ ਹੋ ਗਿਆ। ਜਨਰਲ ਸ਼ਰਮਾ ਜੀ ਦੱਸ ਰਹੇ ਸਨ ਕਿ ਉਨ੍ਹਾਂ ਦੇ ਮਾਂ-ਬਾਪ ਦੇ ਘਰ ਔਲਾਦ ਨਹੀਂ ਸੀ ਹੁੰਦੀ। ਉਨ੍ਹਾਂ ਨੇ ਬੜੇ ਹਵਨ ਕਰਾਏ, ਪਾਠ-ਪੂਜਾ ਕਰਵਾਏ, ਤੀਰਥ ਅਸਥਾਨਾਂ 'ਤੇ ਜਾ ਕੇ ਮੰਨਤਾਂ ਮੰਨੀਆਂ, ਪਰ ਔਲਾਦ ਫਿਰ ਵੀ ਨਾ ਹੋਈ। ਅਖ਼ੀਰ ਉਨ੍ਹਾਂ ਅੰਮ੍ਰਿਤਸਰ ਜਾ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕੀਤੀ ਕਿ ਜੇ ਉਨ੍ਹਾਂ ਦੇ ਘਰ ਔਲਾਦ ਹੋਈ ਤਾਂ ਉਹ ਉਸ ਨੂੰ ਸਿੱਖੀ ਜਾਮਾ ਪਹਿਨਾਉਣਗੇ। ਵਾਹਿਗੁਰੂ ਨੇ ਉਨ੍ਹਾਂ ਦੀ ਅਰਦਾਸ ਕਬੂਲ ਕੀਤੀ ਜਾਂ ਇਹ ਇਤਫ਼ਾਕ ਹੀ ਹੋਇਆ ਕਿ ਉਨ੍ਹਾਂ ਦੇ ਘਰ ਜਨਰਲ ਸ਼ਰਮਾ ਜੀ ਦੇ ਵੱਡੇ ਭਰਾ ਨੇ ਜਨਮ ਲਿਆ। ਘਰ ਵਿੱਚ ਖ਼ੁਸ਼ੀਆਂ ਦਾ ਕੋਈ ਠਿਕਾਣਾ ਨਾ ਰਿਹਾ। ਬੱਚੇ ਦੇ ਨਾਮ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲਿਆ ਗਿਆ। ਪਹਿਲਾ ਅੱਖਰ 'ਗ' ਨਿਕਲਿਆ। ਜਨਰਲ ਸ਼ਰਮਾ ਜੀ ਦੇ ਮਾਤਾ ਜੀ ਨੇ ਝੱਟ ਹੀ ਕਹਿ ਦਿੱਤਾ, "ਇਹ ਬੱਚਾ ਗੁਰੂ ਦੀ ਬਖ਼ਸ਼ਿਸ਼ ਹੈ, ਇਸ ਲਈ ਇਸ ਦਾ ਨਾਮ ਗੁਰਬਖ਼ਸ਼ ਸਿੰਘ ਰੱਖਿਆ ਜਾਏਗਾ।" ਸਾਰਿਆਂ ਨੇ ਮਨਜ਼ੂਰੀ ਵਿੱਚ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡ ਦਿੱਤਾ।

ਗੁਰਬਖ਼ਸ਼ ਸਿੰਘ ਦੇ ਜਨਮ ਤੋਂ ਬਾਅਦ ਸ਼ਰਮਾ ਜੀ ਦੇ ਮਾਤਾ-ਪਿਤਾ ਦਾ ਸਿੱਖੀ ਵਿੱਚ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ। ਹਰ ਰੋਜ਼ ਸਵੇਰੇ ਤੜਕੇ ਉੱਠ ਕੇ ਉਹ ਜਪੁਜੀ ਸਾਹਿਬ ਦਾ ਪਾਠ ਕਰ ਕੇ ਤੇ ਫਿਰ ਅਰਦਾਸ ਕਰ ਕੇ ਵਾਹਿਗੁਰੂ ਦਾ ਸ਼ੁਕਰ ਕਰਦੇ। ਗੁਰਬਖ਼ਸ਼ ਸਿੰਘ ਦੇ ਜਨਮ ਤੋਂ ਦੋ ਸਾਲ ਬਾਅਦ ਸ਼ਰਮਾ ਜੀ ਦਾ ਜਨਮ ਹੋਇਆ। ਭਾਵੇਂ ਸ਼ਰਮਾ ਜੀ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚੋਂ ਹੁਕਮਨਾਮਾ ਲੈ ਕੇ ਨਹੀਂ ਸੀ ਰੱਖਿਆ ਗਿਆ, ਪਰ ਇਸ ਦਾ ਇਹ ਮਤਲਬ ਵੀ ਨਹੀਂ ਸੀ ਕਿ ਸ਼ਰਮਾ ਜੀ ਦੇ ਮਾਤਾ-ਪਿਤਾ ਦਾ ਸਿੱਖੀ 'ਚ ਵਿਸ਼ਵਾਸ ਨਹੀਂ ਸੀ ਰਿਹਾ। ਉਹ ਤਾਂ ਸਗੋਂ ਹੋਰ ਵੀ ਪੱਕਾ ਹੋ ਗਿਆ। ਘਰ ਵਿੱਚ ਕੋਈ ਵੀ ਖ਼ੁਸ਼ੀ ਜਾਂ ਗ਼ਮੀ ਦਾ ਮੌਕਾ ਹੁੰਦਾ, ਪਹਿਲਾਂ ਹਿੰਦੂ ਰਸਮਾਂ ਪੂਰੀਆਂ ਕੀਤੀਆਂ ਜਾਂਦੀਆਂ ਤੇ ਫਿਰ ਬਾਅਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਜਾਂਦਾ। ਕੀਰਤਨ ਕਰਵਾਇਆ ਜਾਂਦਾ ਤੇ ਲੰਗਰ ਵਰਤਾਇਆ ਜਾਂਦਾ। ਸ਼ਰਮਾ ਜੀ 'ਤੇ ਵੀ ਸਿੱਖੀ ਦਾ ਬਹੁਤ ਗਹਿਰਾ ਪ੍ਰਭਾਵ ਪਿਆ। ਸ਼ਰਮਾ ਜੀ ਦੇ ਕਹਿਣ ਮੁਤਾਬਕ ਇਹ ਸਿੱਖੀ ਦਾ ਪ੍ਰਭਾਵ ਹੀ ਸੀ ਜਿਸ ਸਦਕਾ ਉਹ ਫ਼ੌਜ ਵਿੱਚ ਸੈਕਿੰਡ ਲੈਫਟੀਨੈਂਟ ਭਰਤੀ ਹੋਏ ਤੇ ਫਿਰ ਤਰੱਕੀ ਕਰਦੇ ਕਰਦੇ ਜਨਰਲ ਦੇ ਅਹੁਦੇ 'ਤੇ ਪਹੁੰਚੇ ਤੇ ਫਿਰ ਬੜੀ ਸ਼ਾਨ ਤੇ ਸਨਮਾਨ ਨਾਲ ਰਿਟਾਇਰ ਹੋਏ।

ਰਿਟਾਇਰ ਹੋ ਕੇ ਉਹ ਆਪਣੀ ਜੱਦੀ ਕੋਠੀ ਵਿੱਚ ਆ ਕੇ ਰਹਿਣ ਲੱਗੇ। ਉਨ੍ਹਾਂ ਦੇ ਵੱਡੇ ਭਰਾ ਜੋ ਡਾਕਟਰ ਬਣ ਚੁੱਕੇ ਸਨ ਅਤੇ ਡਾਕਟਰ ਗੁਰਬਖ਼ਸ਼ ਸਿੰਘ ਦੇ ਨਾਮ ਨਾਲ ਜਾਣੇ ਜਾਂਦੇ ਸਨ, ਦਰਬਾਰ ਸਾਹਿਬ ਦੇ ਨਾਲ ਲੱਗਦੇ ਇਲਾਕੇ ਵਿੱਚ ਰਹਿੰਦੇ ਸਨ। ਰੋਜ਼ ਸਵੇਰੇ ਤੜਕੇ ਉੱਠ ਕੇ ਇਸ਼ਨਾਨ ਕਰ ਕੇ, ਜਪੁਜੀ ਸਾਹਿਬ ਦਾ ਪਾਠ ਕਰ ਕੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਜਾਂਦੇ। ਪਵਿੱਤਰ ਸਰੋਵਰ ਦਾ ਅੰਮ੍ਰਿਤ ਲਿਆ ਕੇ ਆਪਣੇ ਕਲੀਨਿਕ ਵਿੱਚ ਤਰੌਂਕਦੇ ਤੇ ਫਿਰ ਸਾਰਾ ਦਿਨ ਰੋਗੀਆਂ ਦਾ ਇਲਾਜ ਕਰਦੇ ਰਹਿੰਦੇ। ਸ਼ਰਮਾ ਜੀ ਨੇ ਦੋ-ਚਾਰ ਵਾਰੀ ਉਨ੍ਹਾਂ ਨੂੰ ਕਿਹਾ ਕਿ ਉਹ ਕਿਉਂ ਨਹੀਂ ਜੱਦੀ ਕੋਠੀ ਵਿੱਚ ਆ ਕੇ ਉਨ੍ਹਾਂ ਦੇ ਨਾਲ ਰਹਿੰਦੇ ਤਾਂ ਉਹ ਸਿਰਫ਼ ਇਹੋ ਆਖ ਛੱਡਦੇ, "ਨਾ ਹੀ ਮੈਂ ਦਰਬਾਰ ਸਾਹਿਬ ਤੋਂ ਦੂਰ ਰਹਿ ਸਕਦਾ ਹਾਂ ਤੇ ਨਾ ਹੀ ਆਪਣੇ ਮਰੀਜ਼ਾਂ ਤੋਂ।"

ਜਨਰਲ ਸ਼ਰਮਾ ਜੀ ਦੀ ਕੋਠੀ ਦੇ ਸਾਹਮਣੇ ਵਾਲੀ ਕੋਠੀ ਵਿੱਚ ਮੈਂ ਰਹਿੰਦਾ ਸਾਂ। ਸਾਰੀ ਕਲੋਨੀ ਵਿੱਚ ਸਿਰਫ਼ ਦੋ-ਚਾਰ ਘਰ ਹੀ ਸਿੱਖਾਂ ਦੇ ਸਨ, ਬਾਕੀ ਸਭ ਹਿੰਦੂ ਘਰਾਂ ਦਾ ਹੀ ਬੋਲ-ਬਾਲਾ ਸੀ। ਮੇਰੇ ਵਾਲੀ ਗਲੀ ਵਿੱਚ ਤਾਂ ਬਸ ਮੈਂ ਹੀ ਇੱਕ ਸਿੱਖ ਸਾਂ, ਜੋ ਆਪਣੀ ਪਤਨੀ ਤੇ ਆਪਣੀ ਛੇ ਸਾਲ ਦੀ ਬੱਚੀ ਨਾਲ ਰਹਿੰਦਾ ਸਾਂ। ਇਹ ਮੈਨੂੰ ਯਾਦ ਨਹੀਂ ਕਿ ਮੇਰੀ ਪਹਿਲੀ ਮੁਲਾਕਾਤ ਸ਼ਰਮਾ

**ਜਸਬੀਰ ਸਿੰਘ ਆਹਲੂਵਾਲੀਆ**

ਜੀ ਨਾਲ ਕਦੋਂ ਤੇ ਕਿਵੇਂ ਹੋਈ, ਪਰ ਇਹ ਜ਼ਰੂਰ ਯਾਦ ਹੈ ਕਿ ਸਾਡੀ ਸਾਂਝ ਬਹੁਤ ਗੂੜ੍ਹੀ ਪੈ ਚੁੱਕੀ ਸੀ। ਇਹ ਸਾਂਝ ਗੂੜ੍ਹੀ ਕਿਵੇਂ ਹੋਈ, ਇਹ ਵੀ ਇੱਕ ਦਿਲਚਸਪ ਕਹਾਣੀ ਹੈ।

ਇਹ ਕਹਾਣੀ ਸਾਲ 1985 ਦੀ ਹੈ। ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ 31 ਅਕਤੂਬਰ 1984 ਨੂੰ ਹੋਇਆ ਸੀ। ਉਸ ਤੋਂ ਬਾਅਦ ਦਿੱਲੀ ਵਿੱਚ ਅਤੇ ਭਾਰਤ ਦੇ ਹੋਰ ਕਈ ਸੂਬਿਆਂ ਵਿੱਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ। ਸਾਰੇ ਦੇਸ਼ ਦੇ ਹਾਲਾਤ ਇੰਨੇ ਵਿਗੜ ਚੁੱਕੇ ਸਨ ਕਿ ਹਿੰਦੂ ਤੇ ਸਿੱਖਾਂ ਵਿਚਕਾਰ ਨਫ਼ਰਤ ਦੀ ਇੱਕ ਦੀਵਾਰ ਪੈਦਾ ਹੋ ਗਈ ਸੀ। ਜਿਸ ਗਲੀ ਵਿੱਚ ਮੈਂ ਰਹਿੰਦਾ ਸਾਂ, ਉਸ ਗਲੀ ਦੇ ਤਕਰੀਬਨ ਸਾਰੇ ਹਿੰਦੂਆਂ ਨੇ ਮੇਰੇ ਨਾਲ ਬੋਲਣਾ ਛੱਡ ਦਿੱਤਾ ਸੀ। ਬਸ ਇਹ ਜਨਰਲ ਸ਼ਰਮਾ ਜੀ ਹੀ ਸਨ ਜਿਹੜੇ ਮੇਰੇ ਨਾਲ ਥੋੜ੍ਹੀ ਬਹੁਤੀ ਗੱਲ ਕਰ ਲੈਂਦੇ ਸਨ।

ਅੱਧੀ ਕੁ ਰਾਤ ਦਾ ਵੇਲਾ ਹੋਏਗਾ। ਅਸੀਂ ਆਪਣੇ ਕਮਰੇ ਵਿੱਚ ਘੂਕ ਸੁੱਤੇ ਪਏ ਸਾਂ। ਅਚਾਨਕ ਮੇਰੀ ਜਾਗ ਖੁੱਲ੍ਹੀ। ਮੈਂ ਮਹਿਸੂਸ ਕੀਤਾ ਕਿ ਮੇਰੀ ਜਾਗ ਐਵੇਂ ਨਹੀਂ ਖੁੱਲ੍ਹੀ। ਕੋਈ ਬੜੇ ਚਿਰ ਤੋਂ ਕੋਠੀ ਦੀ ਘੰਟੀ ਵਜਾ ਰਿਹਾ ਸੀ। ਮੇਰੀ ਹਿਲਜੁਲ ਨਾਲ ਮੇਰੀ ਪਤਨੀ ਵੀ ਜਾਗ ਪਈ। ਅਸੀਂ ਦੋਵੇਂ ਹੈਰਾਨ ਸਾਂ ਕਿ ਇੰਨੀ ਅੱਧੀ ਰਾਤ ਵੇਲੇ ਇੰਨੇ ਵਿਗੜੇ ਹਾਲਾਤ ਵਿੱਚ ਕੌਣ ਆ ਸਕਦਾ ਹੈ। ਡਰ ਦਾ ਇੱਕ ਡਰਾਵਾ ਜਿਹਾ ਸਾਡੇ ਮੱਥੇ ਵਿੱਚੋਂ ਦੀ ਹੁੰਦਾ ਹੋਇਆ ਸਾਡੇ ਸਿਰਾਂ 'ਤੇ, ਫਿਰ ਸਾਡੇ ਸਰੀਰਾਂ ਵਿੱਚ ਸਮਾ ਗਿਆ। ਮੈਂ ਆਪਣੀ ਬੱਚੀ ਵੱਲ ਇੱਕ ਝਾਤ ਮਾਰੀ। ਉਹ ਘੂਕ ਸੁੱਤੀ ਪਈ ਸੀ। ਮੈਂ ਡਰਦਾ ਡਰਦਾ ਬਾਹਰ ਗੇਟ ਕੋਲ ਪਹੁੰਚਿਆ। ਘੰਟੀ ਬਾਰ ਬਾਰ ਵੱਜ ਰਹੀ ਸੀ। ਮੈਂ ਹੌਲੀ ਜਿਹੀ ਪੁੱਛਿਆ, "ਕੌਣ ਏ ਬਾਹਰ?"

"ਪੁੱਤ ਜਲਦੀ ਬੂਹਾ ਖੋਲ੍ਹ। ਮੈਂ ਹਾਂ ਕਮਲਾ।"

"ਕਮਲਾ ਕੌਣ?" ਮੇਰੀ ਸਮਝ ਵਿੱਚ ਕੁਝ ਨਹੀਂ ਸੀ ਪੈ ਰਿਹਾ।

"ਮੈਂ ਪੁੱਤ! ਤੁਹਾਡੀ ਕਮਲਾ ਆਂਟੀ।"

ਮੈਂ ਝੱਟ ਬੂਹਾ ਖੋਲ੍ਹ ਦਿੱਤਾ। ਸਾਹਮਣੇ ਮਿਸਿਜ਼ ਕਮਲਾ ਸ਼ਰਮਾ ਖੜ੍ਹੇ ਸਨ। ਮੈਂ ਹੈਰਾਨ ਪਰੇਸ਼ਾਨ ਉਨ੍ਹਾਂ ਵੱਲ ਵੇਖਣ ਲੱਗਾ।

"ਪੁੱਤ! ਜ਼ਰਾ ਜਲਦੀ ਆ। ਤੁਹਾਡੇ ਅੰਕਲ ਦੀ ਤਬੀਅਤ ਬਹੁਤ ਖ਼ਰਾਬ ਹੈ।"

"ਤੁਸੀਂ ਚੱਲੋ ਆਂਟੀ ਜੀ! ਮੈਂ ਹੁਣੇ ਆਇਆ।" ਮੈਂ ਵਾਪਸ ਆ ਕੇ ਆਪਣੀ ਪਤਨੀ ਨੂੰ ਸਾਰੀ ਗੱਲ ਦੱਸੀ ਤੇ ਆਪ ਦੌੜ ਕੇ ਸ਼ਰਮਾ ਜੀ ਦੀ ਕੋਠੀ 'ਚ ਵੜ ਗਿਆ। ਮਿਸਿਜ਼ ਕਮਲਾ ਸ਼ਰਮਾ ਮੈਨੂੰ ਇੱਕ ਕਮਰੇ ਵਿੱਚ ਲੈ ਗਏ ਜਿੱਥੇ ਜਨਰਲ ਸ਼ਰਮਾ ਜੀ ਛਾਤੀ ਦੀ ਦਰਦ ਨਾਲ ਤੜਪ ਰਹੇ ਸਨ।

"ਕਿਸੇ ਡਾਕਟਰ ਨੂੰ ਬੁਲਾਇਆ ਜੇ?" ਮੈਂ ਮਿਸਿਜ਼ ਕਮਲਾ ਸ਼ਰਮਾ ਨੂੰ ਪੁੱਛਿਆ।

"ਬੇਟਾ! ਕਈ ਡਾਕਟਰਾਂ ਨੂੰ ਫੋਨ ਕੀਤੇ ਨੇ। ਕੋਈ ਫੋਨ ਹੀ ਨਹੀਂ ਚੁੱਕਦਾ। ਸ਼ਹਿਰ ਦੇ ਅੰਦਰ ਵਾਲੇ ਪਾਸੇ ਕਰਫ਼ਿਊ ਲੱਗਾ ਹੋਇਆ ਏ, ਨਹੀਂ ਤਾਂ ਭਾਵੇਂ ਇਨ੍ਹਾਂ ਦੇ ਵੱਡੇ ਵੀਰ ਜੀ ਹੀ ਆ ਜਾਂਦੇ। ਸ਼ਹਿਰ ਦੇ ਬਾਹਰ ਵਾਲੇ ਪਾਸੇ ਕਰਫ਼ਿਊ ਨਹੀਂ ਹੈ, ਪਰ ਡਾਕਟਰ ਐਨੀ ਰਾਤ ਗਏ ਆਉਣੋਂ ਡਰਦੇ ਨੇ।"

ਮੈਂ ਇੱਕ ਨਜ਼ਰ ਟੈਲੀਫੋਨ 'ਤੇ ਮਾਰੀ ਤੇ ਫਿਰ ਮੇਰੀਆਂ ਉਂਗਲਾਂ ਆਪਣੇ ਦੋਸਤ ਡਾਕਟਰ ਕੁਲਦੀਪ ਸਿੰਘ ਦਾ ਨੰਬਰ ਮਿਲਾਉਣ ਲੱਗੀਆਂ। ਖ਼ੁਸ਼ਕਿਸਮਤੀ ਨਾਲ ਡਾਕਟਰ ਕੁਲਦੀਪ ਸਿੰਘ ਘਰ ਹੀ ਮਿਲ ਪਿਆ ਤੇ ਅੱਧੇ ਘੰਟੇ ਵਿੱਚ ਹੀ ਉਹ ਸਾਡੇ ਕੋਲ ਪਹੁੰਚ ਵੀ ਗਿਆ। ਸ਼ਰਮਾ ਜੀ ਦਾ ਮੁਆਇਨਾ ਕੀਤਾ। ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਸੀ। ਡਾਕਟਰ ਕੁਲਦੀਪ ਸਿੰਘ ਕਹਿਣ ਲੱਗਾ, "ਬਹੁਤ ਵੇਲੇ ਸਿਰ ਆ ਗਿਆ ਹਾਂ, ਨਹੀਂ ਤਾਂ ਕੁਝ ਵੀ ਹੋ ਸਕਦਾ ਸੀ।" ਡਾਕਟਰ ਕੁਲਦੀਪ ਸਿੰਘ ਨੇ ਇੱਕ-ਦੋ ਟੀਕੇ ਸ਼ਰਮਾ ਜੀ ਨੂੰ ਲਾਏ ਤੇ ਫਿਰ ਫੋਨ ਕਰ ਕੇ ਆਪਣੇ ਪ੍ਰਾਈਵੇਟ ਹਸਪਤਾਲ ਤੋਂ ਐਂਬੂਲੈਂਸ ਮੰਗਵਾ ਲਈ ਤੇ ਸ਼ਰਮਾ ਜੀ ਨੂੰ ਹਸਪਤਾਲ ਲੈ ਗਏ।

ਜਨਰਲ ਸ਼ਰਮਾ ਜੀ ਤਕਰੀਬਨ ਪੰਦਰਾਂ ਕੁ ਦਿਨ ਹਸਪਤਾਲ ਰਹੇ। ਫਿਰ ਉਸ ਤੋਂ ਬਾਅਦ ਹੌਲੀ ਹੌਲੀ ਤੰਦਰੁਸਤ ਹੁੰਦੇ ਗਏ। ਮੇਰੀ ਗਲੀ ਦੇ ਸਾਰੇ ਹਿੰਦੂ, ਜਿਨ੍ਹਾਂ ਨੇ ਮੇਰੇ ਨਾਲ ਬੋਲਣਾ ਛੱਡ ਦਿੱਤਾ ਸੀ, ਮੇਰੇ ਨਾਲ ਗੱਲਬਾਤ ਕਰਨ ਲੱਗ ਪਏ। ਸਾਰੇ ਹਿੰਦੂ ਇਹ ਸਮਝ ਰਹੇ ਸਨ ਕਿ ਸ਼ਰਮਾ ਜੀ ਦੀ ਜਾਨ ਮੈਂ ਬਚਾਈ ਹੈ। ਜਦੋਂ ਵੀ ਸ਼ਰਮਾ ਜੀ ਕੋਲ ਥੋੜ੍ਹਾ ਬਹੁਤ ਵਕਤ ਹੁੰਦਾ, ਉਹ ਮੇਰੇ ਕੋਲ ਆ ਜਾਂਦੇ ਜਾਂ ਮੈਨੂੰ ਆਪਣੇ ਕੋਲ ਬੁਲਾ ਲੈਂਦੇ। ਅਸੀਂ ਕਿੰਨਾ ਕਿੰਨਾ ਚਿਰ ਗੱਲਾਂ ਕਰਦੇ ਰਹਿੰਦੇ। ਪੰਜਾਬ ਦੇ ਵਿਗੜੇ ਹਾਲਾਤ 'ਤੇ ਰੋਂਦੇ ਰਹਿੰਦੇ। ਗੰਦੀ ਰਾਜਨੀਤੀ ਨੂੰ ਕੋਸਦੇ ਰਹਿੰਦੇ। ਕਦੇ ਕਦੇ ਜਨਰਲ ਸ਼ਰਮਾ ਜੀ ਆਪਣੇ ਫ਼ੌਜੀ ਤਜਰਬੇ ਦੱਸਦੇ ਰਹਿੰਦੇ।

ਅੱਜ ਵੀ ਸ਼ਰਮਾ ਜੀ ਸਾਡੇ ਘਰ ਆਏ ਹੋਏ ਸਨ। 1971 ਦੀ ਪਾਕਿਸਤਾਨ ਨਾਲ ਹੋਈ ਜੰਗ ਬਾਰੇ ਆਪਣੇ ਤਜਰਬੇ ਦੱਸ ਰਹੇ ਸਨ। ਮੇਰਾ ਸਾਰਾ ਧਿਆਨ ਉਨ੍ਹਾਂ ਦੇ ਤਜਰਬੇ ਸੁਣਨ ਵੱਲ ਸੀ ਕਿ ਮੇਰੀ ਛੇ ਸਾਲ ਦੀ ਬੱਚੀ ਸਵੀਟੀ ਰੋਂਦੀ ਹੋਈ ਬਾਹਰੋਂ ਆਈ ਤੇ ਗਲੀ ਦੇ ਬੱਚਿਆਂ ਦੀ ਸ਼ਿਕਾਇਤ ਕਰਨ ਲੱਗੀ, "ਸਾਰੇ ਬੱਚੇ ਕਹਿੰਦੇ ਨੇ ਮੈਨੂੰ ਨਹੀਂ ਖਿਡਾਉਣਾ। ਪਾਪਾ! ਮੈਂ ਹੁਣ ਕਿਹਦੇ ਨਾਲ ਖੇਡਾਂਗੀ?"

ਕਿਉਂਕਿ ਮੇਰੀ ਦਿਲਚਸਪੀ ਜਨਰਲ ਸ਼ਰਮਾ ਦੇ ਜੰਗੀ ਤਜਰਬੇ ਵੱਲ ਵਧੇਰੇ ਸੀ, ਇਸ ਲਈ ਮੈਂ ਆਪਣੀ ਬੱਚੀ ਦੀ ਸ਼ਿਕਾਇਤ ਵੱਲ ਕੋਈ ਧਿਆਨ ਨਾ ਦਿੱਤਾ। ਬਸ...ਉਸ ਨੂੰ ਆਪਣੀ ਗੋਦੀ ਵਿੱਚ ਬਿਠਾ ਲਿਆ। ਕੁਝ ਦੇਰ ਬਾਅਦ ਮੇਰੀ ਪਤਨੀ ਜਨਰਲ ਸ਼ਰਮਾ ਤੇ ਮੇਰੇ ਲਈ ਗਰਮ ਗਰਮ ਚਾਹ ਤੇ ਗਰਮ ਗਰਮ ਪਕੌੜੇ ਲੈ ਕੇ ਆ ਗਈ। ਮੇਰੀ ਬੱਚੀ ਸਵੀਟੀ ਮੇਰੀ ਗੋਦ ਵਿੱਚੋਂ ਉਤਰ ਕੇ ਆਪਣੀ ਮੰਮੀ ਕੋਲ ਚਲੀ ਗਈ ਤੇ ਉਸ ਨੂੰ ਬੱਚਿਆਂ ਦੀ ਸ਼ਿਕਾਇਤ ਕਰਨ ਲੱਗੀ;

"ਮੰਮੀ! ਸਾਰੇ ਬੱਚੇ ਕਹਿੰਦੇ ਨੇ ਮੈਨੂੰ ਨਹੀਂ ਖਿਡਾਉਣਾ। ਮੈਂ ਹੁਣ ਕਿਹਦੇ ਨਾਲ ਖੇਡਾਂਗੀ?"

"ਤੂੰ ਮੇਰੇ ਨਾਲ ਆ ਕੇ ਖੇਡ..." ਤੇ ਮੇਰੀ ਪਤਨੀ ਬੱਚੀ ਦਾ ਹੱਥ ਫੜ ਕੇ ਆਪਣੇ ਨਾਲ ਦੂਜੇ ਕਮਰੇ ਵਿੱਚ ਲੈ ਗਈ।

ਮੈਂ ਤੇ ਸ਼ਰਮਾ ਜੀ ਨੇ ਅਜੇ ਚਾਹ ਦੇ ਇੱਕ-ਦੋ ਘੁੱਟ ਹੀ ਭਰੇ ਹੋਣਗੇ ਕਿ ਗਲੀ ਦੇ ਅੱਠ-ਦਸ ਬੱਚੇ ਦਗੜ ਦਗੜ ਕਰਦੇ ਸਾਡੀ ਕੋਠੀ ਦੀ ਛੱਤ 'ਤੇ ਚੜ੍ਹ ਗਏ। ਮੇਰੀ ਬੱਚੀ ਦੌੜੀ ਦੌੜੀ ਦੂਜੇ ਕਮਰੇ 'ਚੋਂ ਆਈ ਤੇ ਮੈਨੂੰ ਕਹਿਣ ਲੱਗੀ;

"ਪਾਪਾ! ਇਨ੍ਹਾਂ ਸਾਰਿਆਂ ਬੱਚਿਆਂ ਨੂੰ ਸਾਡੀ ਛੱਤ ਤੋਂ ਉਤਾਰੋ। ਜੇ ਇਨ੍ਹਾਂ ਨੇ ਮੈਨੂੰ ਨਹੀਂ ਖਿਡਾਉਣਾ ਤਾਂ ਇਹ ਸਾਡੀ ਛੱਤ 'ਤੇ ਕਿਉਂ ਚੜ੍ਹੇ ਨੇ?"

ਛੱਤ 'ਤੇ ਬੱਚਿਆਂ ਦਾ ਦੌੜਨਾ ਮੈਨੂੰ ਵੀ ਪਸੰਦ ਨਹੀਂ ਸੀ। ਮੈਂ ਚਾਹ ਦਾ ਕੱਪ ਮੇਜ਼ 'ਤੇ ਰੱਖ ਕੇ ਬਾਹਰ ਆ ਗਿਆ। ਮੇਰੇ ਪਿੱਛੇ ਪਿੱਛੇ ਸ਼ਰਮਾ ਜੀ ਵੀ ਆ ਗਏ। ਛੱਤ 'ਤੇ ਬੱਚੇ ਬੜੇ ਜ਼ੋਰ ਸ਼ੋਰ ਨਾਲ ਖੇਡ ਰਹੇ ਸਨ। ਮੈਂ ਉਨ੍ਹਾਂ 'ਚੋਂ ਇੱਕ ਬੱਚੇ ਨੂੰ ਆਵਾਜ਼ ਦੇ ਕੇ ਹੇਠਾਂ ਬੁਲਾਇਆ, "ਗੀਤੂ! ਜ਼ਰਾ ਥੱਲੇ ਆਉਣਾ ਬੇਟੇ।"

ਮੇਰੀ ਬੱਚੀ ਤੇ ਸ਼ਰਮਾ ਜੀ ਖੜ੍ਹੇ ਸਨ। ਮੈਂ ਬੜੇ ਪਿਆਰ ਨਾਲ ਪੁੱਛਿਆ, "ਬੇਟੇ! ਤੁਸੀਂ ਸਵੀਟੀ ਨੂੰ ਆਪਣੇ ਨਾਲ ਕਿਉਂ ਨਹੀਂ ਖਿਡਾਉਂਦੇ?" ਗੀਤੂ ਨੇ ਇੱਕ ਨਜ਼ਰ ਸ਼ਰਮਾ ਜੀ ਵੱਲ ਵੇਖਿਆ ਤੇ ਚੁੱਪ ਰਹੀ।

ਫਿਰ ਸ਼ਰਮਾ ਜੀ ਨੇ ਕਿਹਾ, "ਬੇਟੇ! ਸਭ ਬੱਚਿਆਂ ਨਾਲ ਰਲ-ਮਿਲ ਕੇ ਖੇਡਿਆ ਕਰੋ।"

"ਅਸੀਂ ਤਾਂ ਅੰਕਲ ਜੀ ਸਾਰੇ ਰਲ ਕੇ ਖੇਡ ਰਹੇ ਸਾਂ, ਪਰ ਕਮਲਾ ਆਂਟੀ ਕਹਿਣ ਲੱਗੇ ਕਿ ਇਸ ਸਿੱਖਾਂ ਦੀ ਕੁੜੀ ਨੂੰ ਨਾ ਖਿਡਾਉਣਾ ਕਿਉਂਕਿ ਇਨ੍ਹਾਂ ਸਿੱਖਾਂ ਨੇ ਸਾਡੇ ਪ੍ਰਧਾਨ ਮੰਤਰੀ ਦਾ ਕਤਲ ਕੀਤਾ ਏ।" ਗੀਤੂ ਫਟਾਫਟ ਸ਼ਰਮਾ ਜੀ ਨੂੰ ਸੰਬੋਧਨ ਕਰ ਕੇ ਉੱਥੋਂ ਦੌੜ ਗਈ।

ਸਾਰੇ ਬੱਚੇ ਜਾ ਚੁੱਕੇ ਸਨ। ਸ਼ਰਮਾ ਜੀ ਵੀ ਆਪਣੇ ਘਰ ਚਲੇ ਗਏ। ਮੈਂ ਗੁੰਮ ਸੁੰਮ ਜਿਹਾ ਹੋਇਆ ਅੰਦਰ ਪਲੰਘ 'ਤੇ ਆਣ ਡਿੱਗਾ। ਮੈਂ ਅੱਜ ਦੀ ਵਾਪਰੀ ਘਟਨਾ ਬਾਰੇ ਸੋਚਣ ਲੱਗਾ। ਮੇਰੀ ਕਲਪਨਾ ਦੇ ਸਾਹਮਣੇ ਸ਼ਰਮਾ ਜੀ ਆਣ ਖੜ੍ਹੇ ਹੋਏ। ਇਕਦਮ ਜਨਰਲ ਦੀ ਵਰਦੀ ਵਿੱਚ ਜਨਰਲ ਵਿਪਨ ਸ਼ਰਮਾ, ਪਰ ਚਿਹਰੇ 'ਤੇ ਇਕਦਮ ਉਦਾਸੀ ਛਾਈ ਹੋਈ। ਇੱਕ ਹਾਰੇ ਹੋਏ ਜਨਰਲ ਵਾਂਗ ਸ਼ਰਮਾ ਜੀ ਕਹਿ ਰਹੇ ਸਨ, "ਮੈਂ ਦੇਸ਼ ਦੇ ਬਾਹਰਲੇ ਦੁਸ਼ਮਣਾਂ ਨਾਲ ਤਾਂ ਲੜ ਸਕਦਾ ਹਾਂ, ਪਰ ਇਨ੍ਹਾਂ ਅੰਦਰਲੇ ਦੁਸ਼ਮਣਾਂ ਨਾਲ ਨਹੀਂ ਲੜ ਸਕਦਾ ਜੋ ਸਾਡੇ ਸੰਸਕਾਰਾਂ ਦਾ ਕਤਲ ਕਰ ਰਹੇ ਹਨ। ਅੱਜ ਮੈਂ ਇਸ ਅਹੁਦੇ ਤੋਂ ਰਿਟਾਇਰ ਹੋ ਰਿਹਾ ਹਾਂ ਤੇ ਫਿਰ ਮੇਰੀ ਰੂਹ ਵਿੱਚ ਮੇਰੀ ਬੱਚੀ ਦਾ ਸਵਾਲ ਗੂੰਜਿਆ, "ਮੈਂ ਹੁਣ ਕਿਹਦੇ ਨਾਲ ਖੇਡਾਂਗੀ?"


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

## ਪਿੰਜਰੇ ਦਾ ਪੰਛੀ

ਅੰਬਰਾਂ ਵਿਚ ਉੱਡਣਾ ਚਾਹੁੰਦਾ ਸੀ,
ਜੋ ਪੰਛੀ ਦੇ ਮਨ ਭਾਉਂਦਾ ਸੀ
ਮਿੱਤਰਾਂ ਸੰਗ ਸ਼ੋਰ ਮਚਾਉਂਦਾ ਸੀ,
ਅੱਜ ਵਿਚ ਭੁਲੇਖੇ ਪੈ ਗਿਆ
ਪਿੰਜਰੇ ਦਾ ਪੰਛੀ ਬੱਸ ਪਿੰਜਰੇ
ਜੋਗਾ ਰਹਿ ਗਿਆ,
ਪਿੰਜਰੇ ਦਾ ਪੰਛੀ
ਕਿਤੇ ਉਡਾਰੀ ਲਾ ਨਹੀਂ ਸਕਦਾ,
ਸੱਜੇ ਖੱਬੇ ਜਾ ਨਹੀਂ ਸਕਦਾ
ਮਨਭਾਉਂਦਾ ਕੁਝ ਖਾ ਨਹੀਂ ਸਕਦਾ,
ਵਿਚ ਖੁਸੀ ਦੇ ਗਾ ਨਹੀਂ ਸਕਦਾ
ਇਕ ਬੁੱਤ ਬਣ ਕੇ ਹੀ ਰਹਿ ਗਿਆ
ਅਤੇ ਸੋਚਾਂ ਦੇ ਵਿਚ ਪੈ ਗਿਆ
ਪਿੰਜਰੇ ਦਾ ਪੰਛੀ....

ਡੱਕੇ ਤੋੜ ਲਿਆ ਨਹੀਂ ਸਕਦਾ,
ਕੋਈ ਆਲ੍ਹਣਾ ਪਾ ਨਹੀਂ ਸਕਦਾ
ਗੱਲ ਆਪਣੀ ਸਮਝਾ ਨਹੀਂ ਸਕਦਾ,
ਹਵਾ 'ਚ ਟੰਗਿਆ ਰਹਿ ਗਿਆ
ਕੋਈ ਸੁਪਨ ਚੁਰਾ ਕੇ ਲੈ ਗਿਆ,
ਖੁਦ ਵਿਚ ਮੁਸੀਬਤ ਪੈ ਗਿਆ
ਪਿੰਜਰੇ ਦਾ ਪੰਛੀ....

ਦੇਖਣ ਨੂੰ ਤਾਂ ਚੰਗਾ ਲਗਦਾ,
ਪਿੰਜਰੇ ਦੇ ਵਿਚ ਬੈਠਾ ਫੱਬਦਾ
ਨੇੜੇ ਹੋ ਕੇ ਹਰ ਕੋਈ ਤੱਕਦਾ,
ਇਹੋ ਭੁਲੇਖਾ ਹੁੰਦਾ ਜੱਗ ਦਾ
ਕਿਹੜਾ ਉਸਦੇ ਮਨ ਦੀ ਸਮਝੇ,
ਡਾਰ ਤੋਂ 'ਕੱਲਾ ਰਹਿ ਗਿਆ
ਪਿੰਜਰੇ ਦਾ ਪੰਛੀ....

ਮਾਲਕ ਦੇ ਮਨ ਨੂੰ ਹੈ ਭਾਉਂਦਾ,
ਮਨ ਮਰਜੀ ਦਾ ਚੋਗਾ ਪਾਉਂਦਾ
ਨਾਲ ਇਸਾਰੇ ਰਹੇ ਨਚਾਉਂਦਾ,
ਦੁੱਖ ਪਰ ਕੋਈ ਸਮਝ ਨਾ ਪਾਉਂਦਾ
ਗਮ ਦੇ ਲੰਮੇ ਗੀਤ ਉਹ ਗਾਉਂਦਾ,
ਚੁੱਪ ਕਰਕੇ ਸਭ ਸਹਿ ਗਿਆ
ਪਿੰਜਰੇ ਦਾ ਪੰਛੀ....

ਸੋਨੇ ਦਾ ਵੀ ਪਿੰਜਰਾ ਹੋਵੇ,
ਪੰਛੀ ਤਾਂ ਵਿਚ ਬਹਿ ਕੇ ਰੋਵੇ
ਦੌਲਤ ਨੂੰ ਉਸ ਕੀ ਕਰਨਾ ਏ,
ਜੋ ਉਸਦੀ ਆਜਾਦੀ ਖੋਹਵੇ
ਦਰਦ ਪੰਛੀ ਦਾ 'ਲਾਂਬੜਾ'
ਕੁਝ ਲਿਖ ਕੇ ਏਦਾਂ ਕਹਿ ਗਿਆ
ਪਿੰਜਰੇ ਦਾ ਪੰਛੀ....

**ਸੁਰਜੀਤ ਸਿੰਘ ਲਾਂਬੜਾ**
**92177-90689**

## ਸਵਾਸਾਂ ਦੀ ਪੂੰਜੀ

ਹੋਰਾਂ ਦਾ ਦੁੱਖ ਵੇਖ ਕੇ,
ਲੱਗੇ ਹਮੇਸਾ ਘੱਟ।
ਪੀੜ ਉਦੋਂ ਹੀ ਲੱਗਦੀ,
ਜਦ ਆਪਣੇ ਲੱਗੇ ਸੱਟ।

ਮੈਂ ਦੇਖੇ ਜੋ ਆਖਦੇ,
ਮਰਾਂਗੇ ਤੇਰੇ ਨਾਲ,
ਪਰ ਮੁਸੀਬਤ ਬਣੀ ਤੋਂ,
ਲੈਂਦੇ ਪਾਸਾ ਵੱਟ।

ਅਣਖੀ ਬੰਦੇ ਅਣਖ ਨੂੰ,
ਲੱਗਣ ਨਾ ਦਿੰਦੇ ਦਾਗ,
ਗੈਰ ਜਮੀਰੇ ਜੋ ਹੁੰਦੇ,
ਥੁੱਕ ਕੇ ਲੈਂਦੇ ਚੱਟ।

ਸੇਵਾ ਦੇ ਵਿੱਚ ਹਰ ਸਮੇਂ,
ਰਹਿੰਦੇ ਜੋ ਮਸਰੂਫ,
ਓਹੀ ਬੰਦੇ ਜੱਗ ਤੋਂ,
ਨੇਕੀ ਜਾਂਦੇ ਖੱਟ।

ਗੈਰਾਂ ਦੀ ਸੱਟ 'ਗੋਸਲਾ',
ਬੰਦਾ ਜਾਵੇ ਝੱਲ,
ਹਰ ਪਲ ਰਹਿੰਦੇ ਰਿੱਝਦੇ,
ਖੁਦ ਆਪਣਿਆਂ ਦੇ ਫੱਟ।

**ਗੁਰਵਿੰਦਰ 'ਗੋਸਲ'**

## ਸਾਂਭ ਸਾਂਭ ਰੱਖਲੈ ਪੰਜਾਬਣੇ

ਅੱਡੀ ਵੱਜੇ ਤੇ ਪੰਜੇਬ ਛਣਕੇ,
ਨੱਚਦਾ ਏ ਗੁੱਤ ਨਾਂ ਪਰਾਂਦਾ ਅੱਲ੍ਹੜੇ ,
ਹੱਥ ਕੰਨਾਂ ਉੱਤੇ ਪਾਵੇਂ ਬੋਲੀਆਂ,
ਲੱਕ ਪਤਲਾ ਹੁਲਾਰੇ ਖਾਂਦਾ ਅੱਲ੍ਹੜੇ,
ਲੱਗੇ ਅਰਸਾਂ ਤੋਂ ਪਰੀ ਉੱਤਰੀ,
ਹੱਸ ਪਵੇਂ ਖਿੜਦੇ ਗੁਲਾਬ ਨੇਂ।
ਸਾਂਭ ਸਾਂਭ ਰੱਖਲੈ ਪੰਜਾਬਣੇ,
ਵਿਰਸਾ ਜੋ ਜੰਮਿਆਂ ਪੰਜਾਬ ਨੇਂ।

ਸਿਰਨਾਵਾਂ ਏ ਪੰਜਾਬੀਅਤ ਦਾ,
ਸਿਰ ਚੁੰਨੀ ਅਤੇ ਗਲ ਫੁਲਕਾਰੀ ਨੀ,
ਬਾਹਵਾਂ ਵਿੱਚ ਪਾਈਆਂ ਚੂੜੀਆਂ,
ਨੈਣ ਟੂਣੇਹਾਰ ਕਜਲੇ ਦੀ ਧਾਰੀ ਨੀ,
ਦੰਦ ਚਿੱਟੀਆ ਚੋਂ ਮੋਤੀ ਸੱਜਣਾ,
ਬੁੱਲਾਂ ਵਿਚੋਂ ਕਿਰਦੇ ਸਬਾਬ ਨੇਂ।
ਸਾਂਭ ਸਾਂਭ ਰੱਖਲੈ ਪੰਜਾਬਣੇ,
ਵਿਰਸਾ ਜੋ ਜੰਮਿਆਂ ਪੰਜਾਬ ਨੇਂ
ਲਿਟ ਮੇਲਦੀ ਆ ਵਾਰ ਵਾਰ ਨੀ,
ਚੰਨ ਜਿਹੇ ਮੁਖੜੇ ਤੇ ਲਾਵੇ ਗੇੜੀਆਂ,
ਹੈ ਲੰਮੀ ਧੌਣ ਵੀ ਸੁਰਾਹੀ ਵਰਗੀ,
ਗੱਲਾਂ ਹੋਈ ਜਾਣ ਚਾਰੇ ਪਾਸੇ ਤੇਰੀਆਂ,
ਮੱਥੇ ਵਾਲਾ ਟਿੱਕਾ ਨੱਥ ਨਥਣੀ,
ਨਖਰੇ ਆ ਤੇਰੇ ਲਾਜਵਾਬ ਨੇਂ।
ਸਾਂਭ ਸਾਂਭ ਰੱਖਲੈ ਪੰਜਾਬਣੇ,
ਵਿਰਸਾ ਜੋ ਜੰਮਿਆਂ ਪੰਜਾਬ ਨੇਂ।

ਤੋਰ ਤੇਰੀ ਮਾਤ ਪਾਵੇ ਮੋਰਾਂ ਨੂੰ,
ਰੱਖੇ ਧਰਤੀ ਮੜਕ ਨਾਲ ਪੱਬ ਨੀ,
ਕਰੇ ਅਰਜੋਈਆ ਮੀਰਪੁਰੀਆ,
ਬਚਾਕੇ ਰੱਖੇ ਸਭਿਆਚਾਰ ਜੱਗ ਨੀ,
ਲੱਗ ਜਾਣ ਤੀਆਂ ਤੇ ਤ੍ਰਿੰਜਣਾਂ,
ਮੁੜ ਫਿਰ ਬਿੰਦਰਾ ਖਵਾਬ ਨੇਂ।
ਸਾਂਭ ਸਾਂਭ ਰੱਖਲੈ ਪੰਜਾਬਣੇ,
ਵਿਰਸਾ ਜੋ ਜੰਮਿਆਂ ਪੰਜਾਬ ਨੇਂ।

**ਵਿੰਦਰ ਮੀਰਪੁਰੀਆ**

## ਬੇੜਾ ਗਰਕ

ਕੁੱਝ ਮਤਲਬਖੋਰੀ ਲੋਕਾਂ ਨੇ
ਕੁਰਸੀ ਨੂੰ ਚਿੰਬੜੀਆਂ ਜੋਕਾਂ ਨੇ
ਕੁੱਝ ਅੰਧਵਿਸ਼ਵਾਸੀ ਸੋਚਾਂ ਨੇ
ਮੇਰੇ ਦੇਸ਼ ਦਾ ਬੇੜਾ ਗਰਕ ਕੀਤਾ
ਸੀ ਸਵਰਗ ਜੋ, ਉਸਨੂੰ ਨਰਕ ਕੀਤਾ......

ਕੁੱਝ ਮੁੱਲ ਵਿਕਦੀਆਂ ਵੋਟਾਂ ਨੇ
ਕੁੱਝ ਵਿਕਦੇ ਕਾਲਿਆਂ ਕੋਟਾਂ ਨੇ
ਕੁੱਝ ਦੋ-ਨੰਬਰ ਦਿਆਂ ਨੋਟਾਂ ਨੇ
ਮੇਰੇ ਦੇਸ਼ ਦਾ ਬੇੜਾ ਗਰਕ ਕੀਤਾ......

ਕੁੱਝ ਨਸ਼ੇ 'ਚ ਡੁੱਬੀ ਜਵਾਨੀ ਨੇ
ਕੁੱਝ ਕਰਜ਼ੇ ਮਾਰੀ ਕਿਸਾਨੀ ਨੇ
ਕੁੱਝ ਲੀਡਰਾਂ ਦੀ ਬੇਈਮਾਨੀ ਨੇ
ਮੇਰੇ ਦੇਸ਼ ਦਾ ਬੇੜਾ ਗਰਕ ਕੀਤਾ......

ਕੁੱਝ ਘਟੀਆ ਕਾਰਗੁਜ਼ਾਰਾਂ ਨੇ
ਕੁੱਝ ਸਮੇ ਦੀਆਂ ਸਰਕਾਰਾਂ ਨੇ
ਕੁਦਰਤ ਦੀਆਂ ਪੈਂਦੀਆਂ ਮਾਰਾਂ ਨੇ
ਮੇਰੇ ਦੇਸ਼ ਦਾ ਬੇੜਾ ਗਰਕ ਕੀਤਾ......

ਕੁੱਝ ਸਾਧ ਪਾਖੰਡੀ ਬਾਬਿਆਂ ਨੇ
ਸੜਕਾਂ ' ਤੇ ਖੁੱਲ੍ਹੇ ਢਾਬਿਆਂ ਨੇ
ਨਿੱਤ ਹੁੰਦੇ ਖ਼ੂਨ-ਖਰਾਬਿਆਂ ਨੇ
ਮੇਰੇ ਦੇਸ਼ ਦਾ ਬੇੜਾ ਗਰਕ ਕੀਤਾ......

ਸਰਹੱਦ 'ਤੇ ਹੁੰਦੇ ਹਮਲਿਆਂ ਨੇ
ਲੀਡਰਾਂ ਦੇ ਟੋਲੇ ਕਮਲਿਆਂ ਨੇ
ਨਿੱਤ ਕੰਨੀਂ ਪੈਂਦੇ ਜੁਮਲਿਆਂ ਨੇ
ਮੇਰੇ ਦੇਸ਼ ਦਾ ਬੇੜਾ ਗਰਕ ਕੀਤਾ......

"ਖੁਸ਼ੀ" ਵਧਦੀ ਬੇਰੁਜ਼ਗਾਰੀ ਨੇ
ਇੱਥੇ ਹੁੰਦੀ ਭ੍ਰਿਸ਼ਟਾਚਾਰੀ ਨੇ
ਘਟੀਆ ਸਿਸਟਮ ਸਰਕਾਰੀ ਨੇ
ਮੇਰੇ ਦੇਸ਼ ਦਾ ਬੇੜਾ ਗਰਕ ਕੀਤਾ
ਸੀ ਸਵਰਗ ਜੋ, ਉਸਨੂੰ ਨਰਕ ਕੀਤਾ..

**ਖੁਸ਼ੀ ਦੂਹੜਿਆਂ ਵਾਲਾ**

## ਗੀਤ (ਸੰਧਾਰਾ)

ਸੋਹਣਾ ਵੀਰ ਜਾਨ ਤੋਂ ਪਿਆਰਾ।
ਸਖੀਓ ਲੈ ਕੇ ਆਇਆ ਸੰਧਾਰਾ।
ਤੱਕਿਆ ਚੰਨ ਵਰਗਾ ਜਦ ਚਿਹਰਾ।
ਧਰਤੀ ਪੈਰ ਨਹੀਂ ਲੱਗਦਾ ਮੇਰਾ।
ਲੱਖ-ਲੱਖ ਸੁਕਰ ਮਨਾਵਾਂ ਨੀ ।
ਜਿਉਂਦੇ ਰਹਿਣ ਅੰਮਾ ਦੇ ਜਾਏ।
ਰੱਬ ਤੋਂ ਮੰਗਾਂ ਦੁਆਵਾਂ ਨੀ।

ਮਾਂ ਦੇ ਹੱਥ ਦੀਆਂ ਬਣੀਆ ਪਿੰਨੀਆਂ।
ਹੋਰ ਮਠਿਆਈਆਂ ਪਤਾ ਨਹੀ ਕਿੰਨੀਆ।
ਬਿਸਕੁੱਟ, ਮੱਠੀਆਂ, ਖਿਡੌਣੇ ਖੰਡ ਦੇ।
ਮਾਪੇ ਪਿਆਰ ਧੀਆਂ ਨਾਲ ਵੰਡਦੇ।
ਮਾਪੇ ਪਿਆਰ ਧੀਆਂ ਨਾਲ ਵੰਡਦੇ।
ਕਰਨ ਨਿੱਤ ਹੱਥੀਂ ਛਾਵਾਂ ਨੀ।
ਜਿਉਂਦੇ ਰਹਿਣ ਅੰਮਾਂ ਦੇ ਜਾਏ।
ਰੱਬ ਤੋਂ ਮੰਗਾਂ ਦੁਆਵਾਂ ਨੀ।

ਸਧਰਾਂ ਤੋਂ ਬਣ ਗਿਆ ਸੰਧਾਰਾ।
ਇਹ ਵਿਰਸੇ ਦਾ ਰੰਗ ਨਿਆਰਾ।
ਸਾਉਣ ਮਹੀਨਾ ਜਦ ਚੜ੍ਹ ਜਾਵੇ।
ਇਹ ਖੁਸੀਆਂ ਤੇ ਖੇੜੇ ਲਿਆਵੇ।
ਇਹ ਖੁਸੀਆਂ ਤੇ ਖੇੜੇ ਲਿਆਵੇ।
ਮਾਪਿਆਂ ਦੀਆਂ ਤੱਕੀਏ ਰਾਹਵਾਂ ਨੀ।
ਜਿਉਂਦੇ ਰਹਿਣ ਅੰਮਾਂ ਦੇ ਜਾਏ।
ਰੱਬ ਤੋਂ ਮੰਗਾਂ ਦੁਆਵਾਂ ਨੀ।

ਭਾਬੋ ਨੇ ਘੱਲੀਆਂ ਵੀਰੇ ਹੱਥ ਵੰਗਾ।
ਦਿਲ ਦੀਆਂ ਪੂਰੀਆਂ ਹੋਈਆਂ ਉਮੰਗਾਂ।
ਸੋਹਣਾ ਇੱਕ ਸੂਟ ਸੀਸਿਆਂ ਵਾਲਾ।
ਸੁਰਖੀ, ਬਿੰਦੀ, ਪਰਾਂਦਾ ਏ ਕਾਲਾ।
ਸੁਰਖੀ, ਬਿੰਦੀ, ਪਰਾਂਦਾ ਏ ਕਾਲਾ।
ਮੈਂ ਚਾਵਾਂ ਨਾਲ ਦਿਖਾਵਾਂ ਨੀ।
ਜਿਉਂਦੇ ਰਹਿਣ ਅੰਮਾਂ ਦੇ ਜਾਏ ।
ਰੱਬ ਤੋਂ ਮੰਗਾਂ ਦੁਆਵਾਂ ਨੀ।

ਆਉਂਦੇ ਰਹਿਣ ਇਹ ਸਦਾ ਤਿਉਹਾਰ।
ਬਣਿਆ ਰਹੇ ਸਦਾ ਲਈ ਪਿਆਰ।
ਕਰਦੀ ਅਰਜ ਮੈਂ ਸਤਿਗੁਰ ਅੱਗੇ।
ਤੱਤੀ ਵਾਅ ਨਾ ਵੀਰ ਨੂੰ ਲੱਗੇ।
ਤੱਤੀ ਵਾਅ ਨਾ ਵੀਰ ਨੂੰ ਲੱਗੇ।
'ਸੁੱਖ' ਮਾਪਿਆਂ ਦੀ ਚਾਹਵਾਂ ਨੀ।
ਜਿਉਂਦੇ ਰਹਿਣ ਅੰਮਾਂ ਦੇ ਜਾਏ।
ਰੱਬ ਤੋਂ ਮੰਗਾਂ ਦੁਆਵਾਂ ਨੀ।

**ਸੁਖਚੈਨ ਸਿੰਘ ਚੰਦ ਨਵਾਂ**

## ਕਵਿਤਾ

ਸ਼ਿਵ ਤੋਂ ਲੈਕੇ ਸਿਆਹੀ ਉਧਾਰੀ,
ਮੈਂ ਦਰਦ ਹਿਜਰ ਲਿਖ ਘੱਲੇ ਵੇ।
ਹਰ ਨਾੜ ਵਿੰਨੀ ਗਈ ਨਾਲ ਪੀੜਾਂ,
ਹੰਝੂਆਂ ਅੱਖਾਂ ਕੋਇ ਮੱਲੇ ਵੇ।

ਪੀੜ ਹਿਜਰ ਦੀ ਕੀ ਹੁੰਦੀ,
ਮੈਂ ਸ਼ਿਵ ਨੂੰ ਪੜ੍ਹ ਕੇ ਲਿਖਿਆ ਵੇ।
ਇੱਕ ਇੱਕ ਲਫਜ ਬਿਰਹੋ ਦਾ ਯਾਰਾ,
ਮੈਂ ਸ਼ਿਵ ਦੇ ਕੋਲੋ ਸਿੱਖਿਆ ਵੇ।

ਪੀੜ ਵਿਛੋੜਾ, ਵਸਲ ਮਾਹੀ ਦਾ,
ਪੱਲ ਪੱਲ ਚੀਸਾਂ ਡੰਗਣ ਵੇ,
ਰਾਤਾਂ ਨੂੰ ਉੱਠ ਹੂਕਣ ਸ?ਕਰੇ ਲਈ,
ਮਾਸ ਜਿਗਰ ਦਾ ਮੰਗਣ ਵੇ।

ਕੇਹੀ ਏ ਕਾਲੀ ਸਿਆਹੀ ਮਾਏ,
ਸ਼ਿਵ ਮੇਰੀ ਦਵਾਤੇ ਪਾ ਦਿੱਤੀ,
ਪੂਰੀ ਜਿੰਦਗੀ ਸਾਡੇ ਸੱਜਣ ਨੇ,
ਸਾਡੀ ਬਿਰਹੋ ਲੇਖੇ ਲਾ ਦਿੱਤੀ।

ਸਾਡਾ ਯਾਰ ਵੀ ਹੈ ਪਰਦੇਸੀ,
ਮੁੜ ਆ ਆ ਜਖਮ ਉਧੇੜ ਦੇਵੇ,
ਬਾਰ ਬਾਰ ਦੇ ਕੇ ਵਿਛੋੜਾ,
ਰਾਗ "ਪ੍ਰੀਤ" ਬਿਰਹੋ ਦੇ ਛੇੜ ਦੇਵੇ।

ਰੂਹ ਸਾਡੀ ਰੋਂਦੀ ਕੁਲਾਉਂਦੀ,
ਬੁੱਕ ਹੰਝੂਆਂ ਦੇ ਭਰ ਕੇਰੇ ਵੇ,
ਸਾਡੇ ਪੱਲੇ ਰੋਗ ਇਸਕ ਅਵੱਲੇ,
ਹੌਂਕੇ, ਹਟਕੋਰੇ, ਹਾਵੇ ਹੇਰੇ ਵੇ।



**ਲਵਪ੍ਰੀਤ ਕੌਰ ਜਵੰਧਾ**

## ਐੱਸ.ਆਈ.ਆਰ ਹੋਸ਼ਿਆਰ !

ਵਕਤ ਸਿਰ ਜੋ 'ਹੱਲ' ਕੋਈ ਸੋਚਦੇ ਨਾ
ਕਹਿੰਦੇ ਕਰੂ ਗਾ ਭਲੀ ਕਰਤਾਰ ਪਿੱਛੋਂ।
'ਲਾਠੀ ਹੱਥ' ਜਿਹਦੇ ਮੱਝ ਉਸੇ ਦੀ ਹੀ
ਬਦਲੇ ਤੱਥ ਜੇ ਪਵੇ 'ਲਲਕਾਰ' ਪਿੱਛੋਂ।
ਇੱਕ ਇੱਕ ਵੋਟ 'ਤੇ ਅੱਖ ਜੋ ਰੱਖਦੇ ਐ
ਬਣੇ ਉਨ੍ਹਾਂ ਦੀ ਯਾਰੋ 'ਸਰਕਾਰ' ਪਿੱਛੋਂ।
ਚਿੜੀਆਂ ਚੁਗ ਹੀ ਲੈਣ ਜੇ 'ਖੇਤ ਸਾਰਾ'
ਫਾਇਦਾ ਹੋਣਾ ਕੀ ਹੋਏ 'ਲਾਚਾਰ' ਪਿੱਛੋਂ।
ਪਹਿਲਾਂ ਕਲਮ ਦਾ ਕਾਜ 'ਸਰਤਾਜ' ਦੱਸੇ
ਕਰਿਆ ਜਾਂਦਾ ਐ 'ਖੰਡੇ ਦਾ ਵਾਰ' ਪਿੱਛੋਂ।
ਜ਼ੋਰਾਵਰਾਂ ਨੇ 'ਮਿਸ਼ਨ' ਜੋ ਮਿਥ ਲਿਆ ਏ
ਪੂਰਾ ਕਰਨਗੇ 'ਐੱਸ.ਆਈ.ਆਰ' ਪਿੱਛੋਂ!



**-ਤਰਲੋਚਨ ਸਿੰਘ ਦੁਪਾਲ ਪੁਰ**
**001-408-905-5517**

## ਖ਼ਾਹਿਸ਼

ਹਰ ਸ਼ਖ਼ਸ ਮੈਨੂੰ ਇੱਥੇ ਬਿਮਾਰ ਲੱਗਦਾ,
ਧਰਤੀ ਦੀ ਹਿੱਕ ਤੇ ਉੱਤੇ ਭਾਰ ਲੱਗਦਾ,
ਕਦ ਰੁਕੇ ਤਲਖ਼ ਹਵਾ ਸੋਚਦਾ ਰਹਿੰਦਾ,
ਸੋਚਾਂ ਦੇ ਜਾਲ ਅੰਦਰ ਉਦਾਸ ਲੱਗਦਾ,
ਪਰਵਾਸ ਦੇ ਨ੍ਹੇਰ ਵਾਵਰੋਲਿਆਂ ਵਿੱਚ,
ਇਕੱਲੇਪਣ ਵਿੱਚ ਬੜਾ ਖੁਆਰ ਲੱਗਦਾ,
ਖ਼ਾਹਿਸੀ ਝੱਖੜਾਂ ਵਿਚ ਡੰਬਿਆ ਮਨ ਵੀ,
ਭੁੱਬਲ ਉਤੇ ਪਾਣੀ ਦੀ ਬੁਝਾਰ ਲੱਗਦਾ,
ਪੜ੍ਹ ਪੜ੍ਹ ਫ਼ਾਜ਼ਿਲ ਬਣੇ ਬੇਰੁਜ਼ਗਾਰ ਵਾਂਗ,
ਰੋਟੀ ਟੁੱਕਰ ਖਾਤਰ ਮੁਹਤਾਜ਼ ਲੱਗਦਾ,
ਸੀਨੇ ਵਿਚ ਅਰਮਾਨਾਂ ਦੇ ਭਾਂਬੜ ਪਾਲ,
ਫਰਜ਼ਾਂ ਦੱਬੀ ਲਵਾਰਿਸ਼ ਲਾਸ਼ ਲੱਗਦਾ,
ਸੋਹਲ ਕਰੂੰਬਲਾਂ ਪੁੰਗਰਨਗੀਆਂ ਫੇਰ,
'ਅਮਰ' ਸਮਾਂ ਦੀ ਆਸ ਅਰਦਾਸ ਲੱਗਦਾ।

**ਅਮਰਜੀਤ ਦਸੂਹਾ**
**89689-33711**

## ਜ਼ਿੰਦਗੀ ਦਾ ਗੀਤ

ਚੜ੍ਹਦੀ ਜਵਾਨੀ ਦੀ ਤਾਂ ਸੀ ਗੱਲ ਹੋਰ ਨੀਂ,
ਨੱਚਦੇ ਸੀ ਬਾਗੀਂ ਬਣ ਮੋਰਨੀ ਤੇ ਮੋਰ ਨੀਂ।
ਹੁਣ ਆਇਆ ਬੁਢੇਪਾ ਤਾਂ,
ਛੱਡ ਗਏ ਨਿਆਣੇ ਨੀਂ।
ਚੱਲ ਛੱਡ ਪਰ੍ਹੇ ਝੇੜਾ ਨੀਂ,
ਭੁੱਲੀਏ ਬੀਤੇ ਭਾਣੇ ਨੀਂ।

ਵਿਆਹ ਵੇਲ਼ੇ ਤਾਂ ਸੀ ਤੂੰ ਨਿਰੀ ਹਿਰਨੋਟੀ ਨੀਂ,
ਭਾਰੀ ਮਿਜਾਜ਼ਣ ਸੀ ਤੂੰ ਡਾਢੀ ਨਖ਼ਰੋਟੀ ਨੀਂ।
ਦਿਲ 'ਚ ਫੁੱਟਦੇ ਸੀ ਲੱਡੂ,
ਦੋਵੇਂ ਮਿਲੇ ਅਣਜਾਣੇ ਨੀਂ।
ਬੱਦਲ ਵਰ੍ਹਦੇ ਨੈਣੋਂ ਨੀਂ,
ਜ਼ਖਮ ਛਿੜਦੇ ਪੁਰਾਣੇ ਨੀਂ।
ਹੁਣ ਆਇਆ,

ਚਾਈਂ ਚਾਈਂ ਸੀ ਆਪਾਂ ਟੱਬਰ ਨੂੰ ਪਾਲ਼ਦੇ ਨੀਂ,
ਸੜਦੇ ਗੁਆਂਢੀ ਸੀ ਜੋ ਲੜਾਈ ਸਾਥੋਂ ਭਾਲ਼ਦੇ ਨੀਂ।
ਸਬਰ ਸ਼ਾਂਤੀ ਸੀ ਬਾਹਲ਼ੀ,
ਵਕਤ ਹੋ ਗਏ ਪੁਰਾਣੇ ਨੀਂ।
ਯਾਦਾਂ ਦੇ ਪਰਛਾਵੇਂ ਬਹਿ ਨੀਂ,
ਅਸਾਂ ਨਹੀਂ ਦੁਹਰਾਣੇ ਨੀਂ।
ਹੁਣ ਆਇਆ,

ਜਰਾ ਹੱਸ ਗੁਜ਼ਾਰ ਜਿੰਦੇ ਚਾਰ ਦਿਨ ਦੀ ਪ੍ਰਾਹੁੰਣੀ ਨੀਂ,
ਮੈਂ ਤੇਰਾ ਤੂੰ ਮੇਰੀ ਫਿਰ ਕਦੇ ਮੁੜ ਕੇ ਨਾ ਆਉਣੀ ਨੀਂ।
ਕਿਹਨੇ ਸਾਥ ਛੱਡ ਜਾਣਾ,
ਆਪਾਂ ਦੋਨੋਂ ਅਣਜਾਣੇ ਨੀਂ।
ਮਿਲ ਪਿਆਰ ਮੁਹੱਬਤਾਂ ਦੇ,
ਚੱਲ ਗਾਈਏ ਗਾਣੇ ਨੀਂ।
ਹੁਣ ਆਇਆ,

**-ਸੇਵਾ ਸਿੰਘ ਨੂਰਪੁਰੀ**

# ਕਿਸ ਅਲਾਮਤ ਦਾ ਪ੍ਰਗਟਾਵਾ ਹੈ ਕਾਕਰੋਚ ਜਨਤਾ ਪਾਰਟੀ ?




ਜੇਕਰ ਦੁਨੀਆ ਦੇ ਰਾਜਨੀਤਕ ਇਤਿਹਾਸ ਦਾ ਅਧਿਐਨ ਕੀਤਾ ਜਾਏ ਤਾਂ ਵੱਖ-ਵੱਖ ਦੇਸ਼ਾਂ ਵਿਚ ਵਾਪਰਦੇ ਰਹੇ ਘਟਨਾਕ੍ਰਮਾਂ ਸੰਬੰਧੀ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ। ਕਈ ਵਾਰ ਦੇਸ਼ਾਂ ਵਿਚ ਅਜਿਹਾ ਕੁਝ ਵਾਪਰਦਾ ਹੈ, ਜਿਸ ਦੀ ਪਹਿਲਾਂ ਕਦੇ ਕਿਸੇ ਨੇ ਆਸ ਨਹੀਂ ਕੀਤੀ ਹੁੰਦੀ। ਮਜ਼ਬੂਤ ਨਜ਼ਰ ਆਉਂਦੀਆਂ ਸਰਕਾਰਾਂ ਅਤੇ ਕੱਦਾਵਰ ਲੀਡਰ ਲੋਕ ਲਹਿਰਾਂ ਦੇ ਵਹਾਅ ਅੱਗੇ ਤਾਸ਼ ਦੇ ਪੱਤਿਆਂ ਵਾਂਗ ਬਿਖਰਦੇ ਦਿਖਾਈ ਦਿੰਦੇ ਹਨ। ਵੱਡੇ-ਵੱਡੇ ਆਗੂਆਂ ਦੀ ਯਾਦ ਵਿਚ ਖੜ੍ਹੇ ਕੀਤੇ ਬੁੱਤ ਭੀੜਾਂ ਤੋੜ ਦਿੰਦੀਆਂ ਹਨ। ਯਾਦਗਾਰਾਂ ਦੀ ਸਾੜ-ਫੂਕ ਜਾਂ ਭੰਨਤੋੜ ਕਰ ਦਿੱਤੀ ਜਾਂਦੀ ਹੈ। ਸ਼ਾਹੀ ਮਹਿਲਾਂ ਵਿਚ ਭੀੜਾਂ ਆ ਜਾਂਦੀਆਂ ਹਨ। ਜੇਕਰ ਦੱਖਣੀ ਏਸ਼ੀਆ ਦੀ ਗੱਲ ਕਰੀਏ ਤਾਂ ਇਸੇ ਤਰ੍ਹਾਂ ਸਾਡੇ ਗੁਆਂਢੀ ਦੇਸ਼ਾਂ ਸ੍ਰੀਲੰਕਾ, ਬੰਗਲਾਦੇਸ਼ ਅਤੇ ਨਿਪਾਲ ਵਿਚ ਕੁਝ ਸਾਲ ਪਹਿਲਾਂ ਹੀ ਵਿਦਿਆਰਥੀਆਂ ਅਤੇ ਲੋਕਾਂ ਦੀ ਅਸੰਤੁਸ਼ਟੀ ਕਾਰਨ ਸਰਕਾਰਾਂ ਬਦਲਦੀਆਂ ਨਜ਼ਰ ਆਈਆਂ ਹਨ। ਇਨ੍ਹਾਂ ਦੇਸ਼ਾਂ ਸੰਬੰਧੀ ਪਹਿਲਾਂ ਰਾਜਨੀਤਕ ਮਾਹਿਰਾਂ ਨੇ ਅਜਿਹੇ ਅੰਦਾਜ਼ੇ ਨਹੀਂ ਲਗਾਏ ਸਨ, ਕਿ ਲੋਕਾਂ ਦੀ ਬੇਚੈਨੀ ਇਸ ਕਦਰ ਵਧ ਜਾਏਗੀ ਅਤੇ ਉਹ ਸਰਕਾਰਾਂ ਪਲਟ ਦੇਣਗੇ। ਪਰ ਇਹ ਸਭ ਕੁਝ ਵਾਪਰਦਾ ਅਸੀਂ ਦੇਖ ਚੁੱਕੇ ਹਾਂ।

ਅਜਿਹੇ ਵਰਤਾਰੇ ਵਾਪਰਨ ਤੋਂ ਬਾਅਦ ਜਦੋਂ ਉਨ੍ਹਾਂ ਸੰਬੰਧੀ ਵਿਸ਼ਲੇਸ਼ਣ ਹੁੰਦਾ ਹੈ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਰਕਾਰਾਂ ਅਤੇ ਉਨ੍ਹਾਂ ਦੇ ਆਗੂ ਹੇਠਲੀ ਪੱਧਰ ਦੀਆਂ ਸਮਾਜਿਕ ਹਕੀਕਤਾਂ ਤੋਂ ਟੁੱਟ ਚੁੱਕੇ ਸਨ। ਉਨ੍ਹਾਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਅਤੇ ਦੁੱਖ-ਤਕਲੀਫ਼ਾਂ ਦਾ ਗਹਿਰਾ ਅਹਿਸਾਸ ਨਹੀਂ ਸੀ, ਜੇ ਅਹਿਸਾਸ ਸੀ ਵੀ ਤਾਂ ਵੀ ਉਹ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਿਚ ਅਸਫ਼ਲ ਰਹੇ ਸਨ। ਪਰ ਇਤਿਹਾਸ ਇਹ ਵੀ ਦੱਸਦਾ ਹੈ ਕਿ ਵੱਖ-ਵੱਖ ਦੇਸ਼ਾਂ ਵਿਚ ਚੱਲਣ ਵਾਲੀਆਂ ਸਾਰੀਆਂ ਲੋਕ ਲਹਿਰਾਂ ਹਮੇਸ਼ਾਂ ਹਾਂ-ਪੱਖੀ ਰਾਜਨੀਤਕ ਤੇ ਆਰਥਿਕ ਤਬਦੀਲੀਆਂ ਲਿਆਉਣ ਵਿਚ ਸਫ਼ਲ ਨਹੀਂ ਹੁੰਦੀਆਂ। ਕਈ ਲੋਕ ਲਹਿਰਾਂ ਤੋਂ ਬਾਅਦ ਸੰਬੰਧਿਤ ਦੇਸ਼ਾਂ ਦੇ ਪ੍ਰਸ਼ਾਸਨ ਹੋਰ ਵੀ ਵਧੇਰੇ ਤਾਨਾਸ਼ਾਹ ਤੇ ਦਮਨਕਾਰੀ ਹੋ ਜਾਂਦੇ ਹਨ ਅਤੇ ਲੋਕਾਂ ਦੀ ਆਰਥਿਕ ਤੇ ਰਾਜਨੀਤਕ ਪੱਖ ਤੋਂ ਸਥਿਤੀ ਹੋਰ ਵੀ ਖ਼ਰਾਬ ਹੋ ਜਾਂਦੀ ਹੈ। ਫਿਰ ਵੀ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਜਮਹੂਰੀ ਦੇਸ਼ਾਂ ਵਿਚ ਅੰਤਿਮ ਤੌਰ 'ਤੇ ਲੋਕਾਂ ਦੀ ਇੱਛਾ ਹੀ ਮਹੱਤਵ ਰੱਖਦੀ ਹੈ। ਦਮਨਕਾਰੀ ਪ੍ਰਸ਼ਾਸਨਾਂ ਦੀ ਉਮਰ ਲੰਮੀ ਹੋ ਸਕਦੀ ਹੈ ਪਰ ਲੋਕ ਸਮਰਥਨ ਦੀ ਅਣਹੋਂਦ ਕਾਰਨ ਉਹ ਸਦਾ ਕਾਇਮ ਨਹੀਂ ਰਹਿ ਸਕਦੇ। ਜੇਕਰ ਭਾਰਤ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਆਜ਼ਾਦੀ ਤੋਂ ਬਾਅਦ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿਚ ਹੋਏ ਅੰਦੋਲਨ ਅਤੇ ਉਸ ਤੋਂ ਬਾਅਦ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਹੋਏ ਜਨਤਕ ਅੰਦੋਲਨ ਨੇ ਆਪਣੀ ਕਿਸਮ ਦੀਆਂ ਚੰਗੀਆਂ-ਮਾੜੀਆਂ ਤਬਦੀਲੀਆਂ ਲਿਆਂਦੀਆਂ ਸਨ। ਉਨ੍ਹਾਂ ਨੇ ਕਈ ਰਾਜਨੀਤਕ ਪਾਰਟੀਆਂ ਦੀ ਕਿਸਮਤ ਸਵਾਰੀ ਸੀ ਅਤੇ ਕਈਆਂ ਦੀ ਵਿਗਾੜੀ ਸੀ।

ਇਸ ਸਮੇਂ ਦੇਸ਼ ਵਿਚ ਕੌਮੀ ਲੋਕਤੰਤਰਿਕ ਗੱਠਜੋੜ, ਜਿਸ ਵਿਚ ਭਾਜਪਾ ਭਾਰੂ ਧਿਰ ਹੈ, ਨੇ ਕੇਂਦਰ ਵਿਚ ਸੱਤਾ ਸੰਭਾਲੀ ਹੋਈ ਹੈ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਇਕ ਪ੍ਰਭਾਵੀ ਪ੍ਰਧਾਨ ਮੰਤਰੀ ਵਜੋਂ ਵਿਚਰ ਰਹੇ ਹਨ। ਇਸ ਤੋਂ ਇਲਾਵਾ ਦੇਸ਼ ਦੇ 22 ਦੇ ਲਗਭਗ ਸੂਬਿਆਂ ਵਿਚ ਵੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ। ਬਿਨਾਂ ਸ਼ੱਕ ਦੇਸ਼ ਦੇ ਲੋਕਾਂ ਲਈ ਇਹ ਅੰਮ੍ਰਿਤ ਕਾਲ ਹੋਵੇ ਜਾਂ ਨਾ ਹੋਵੇ ਪਰ ਭਾਰਤੀ ਜਨਤਾ ਪਾਰਟੀ ਲਈ ਇਹ ਜ਼ਰੂਰ ਅੰਮ੍ਰਿਤ ਕਾਲ ਹੈ। ਪਰ ਹੇਠਲੀ ਪੱਧਰ 'ਤੇ ਕੇਂਦਰ ਸਰਕਾਰ ਅਤੇ ਇਸ ਦੀਆਂ ਰਾਜ ਸਰਕਾਰਾਂ ਦਾ ਲੋਕਾਂ ਵਿਚ ਕਿਹੋ ਜਿਹਾ ਪ੍ਰਭਾਵ ਹੈ ਅਤੇ ਲੋਕ ਇਸ ਤੋਂ ਕਿੰਨਾ ਕੁ ਸੰਤੁਸ਼ਟ ਹਨ, ਇਸ ਦਾ ਕੱਚ-ਸੱਚ ਪਿਛਲੇ ਦਿਨੀਂ ਮਜ਼ਾਕ ਵਜੋਂ ਹੋਂਦ ਵਿਚ ਆਈ ਕਾਕਰੋਚ ਜਨਤਾ ਪਾਰਟੀ ਦੇ ਉਭਾਰ ਨਾਲ ਸਾਹਮਣੇ ਆਇਆ ਹੈ। ਸੁਪਰੀਮ ਕੋਰਟ ਦੇ ਮੁੱਖ ਜੱਜ ਸੂਰਿਆਕਾਂਤ ਨੇ ਕੁਝ ਦਿਨ ਪਹਿਲਾਂ ਇਕ ਕੇਸ ਦੀ ਸੁਣਵਾਈ ਕਰਦਿਆਂ ਇਹ ਕਿਹਾ ਸੀ ਕਿ ਸਾਡੇ ਦੇਸ਼ ਵਿਚ ਕੁੱਝ ਨੌਜਵਾਨ ਕਾਕਰੋਚਾਂ ਦੀ ਤਰ੍ਹਾਂ ਹਨ, ਜਿਨ੍ਹਾਂ ਨੂੰ ਕੋਈ ਨੌਕਰੀ ਨਹੀਂ ਮਿਲਦੀ ਜਾਂ ਕਿਸੇ ਕਿੱਤੇ ਵਿਚ ਉਹ ਆਪਣੀ ਥਾਂ ਨਹੀਂ ਬਣਾ ਪਾਉਂਦੇ ਤਾਂ ਫਿਰ ਉਹ ਮੀਡੀਆ ਅਤੇ ਸੋਸ਼ਲ ਮੀਡੀਆ ਵਿਚ ਚਲੇ ਜਾਂਦੇ ਹਨ। ਆਰ.ਟੀ.ਆਈ. ਐਕਟੀਵਿਸਟ ਬਣ ਜਾਂਦੇ ਹਨ ਅਤੇ ਸਿਸਟਮ 'ਤੇ ਹਮਲੇ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਦੀ ਇਸ ਟਿੱਪਣੀ ਦਾ ਬਿਨਾਂ ਸ਼ੱਕ ਦੇਸ਼ ਦੇ ਰਾਜਨੀਤਕ ਤੇ ਪੱਤਰਕਾਰੀ ਹਲਕਿਆਂ ਵਿਚ ਗੰਭੀਰਤਾ ਨਾਲ ਨੋਟਿਸ ਲਿਆ ਗਿਆ ਸੀ ਅਤੇ ਉਨ੍ਹਾਂ ਦੀ ਆਲੋਚਨਾ ਵੀ ਹੋਈ ਸੀ। ਇਸ ਨੂੰ ਮੁੱਖ ਰੱਖਦਿਆਂ ਮੁੱਖ ਜੱਜ ਸੂਰਿਆਕਾਂਤ ਨੇ ਆਪਣਾ ਸਪੱਸ਼ਟੀਕਰਨ ਵੀ ਦਿੱਤਾ ਸੀ ਕਿ ਉਨ੍ਹਾਂ ਨੇ ਦੇਸ਼ ਦੇ ਨੌਜਵਾਨਾਂ ਸੰਬੰਧੀ ਅਜਿਹੀ ਕੋਈ ਟਿੱਪਣੀ ਨਹੀਂ ਸੀ ਕੀਤੀ, ਸਗੋਂ ਅਜਿਹੇ ਵਿਅਕਤੀਆਂ ਸੰਬੰਧੀ ਟਿੱਪਣੀ ਕੀਤੀ ਸੀ, ਜਿਹੜੇ ਜਾਅਲੀ ਡਿਗਰੀਆਂ ਲੈ ਕੇ ਨੌਕਰੀਆਂ ਹਾਸਿਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਉਨ੍ਹਾਂ ਦੇ ਇਸ ਸਪੱਸ਼ਟੀਕਰਨ ਨਾਲ ਨਾ ਤਾਂ ਦੇਸ਼ ਵਿਚ ਅਤੇ ਨਾ ਹੀ ਵਿਦੇਸ਼ ਵਿਚ ਲੋਕ ਸੰਤੁਸ਼ਟ ਹੋਏ। ਉਨ੍ਹਾਂ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਬਹੁਤੇ ਲੋਕਾਂ ਅਤੇ ਖ਼ਾਸ ਕਰਕੇ ਨੌਜਵਾਨਾਂ ਵਲੋਂ ਇਸ ਤਰ੍ਹਾਂ ਲਿਆ ਗਿਆ, ਜਿਵੇਂ ਉਹ ਬੇਰੁਜ਼ਗਾਰ ਨੌਜਵਾਨਾਂ ਅਤੇ ਆਮ ਲੋਕਾਂ ਦਾ ਮਜ਼ਾਕ ਉਡਾ ਰਹੇ ਹੋਣ। ਇਸ ਤਰ੍ਹਾਂ ਦੀਆਂ ਭਾਵਨਾਵਾਂ ਦੇ ਪ੍ਰਭਾਵ ਅਧੀਨ ਹੀ ਭਾਰਤੀ ਮੂਲ ਦੇ ਅਮਰੀਕਾ ਦੀ ਬੋਸਟਨ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀ ਅਭਿਜੀਤ ਦੀਪਕੇ ਨੇ ਮਜ਼ਾਕ-ਮਜ਼ਾਕ ਵਿਚ ਇੰਸਟਾਗ੍ਰਾਮ 'ਤੇ

**ਸਤਨਾਮ ਸਿੰਘ ਮਾਣਕ**

ਕਾਕਰੋਚ ਜਨਤਾ ਪਾਰਟੀ ਨਾਂਅ ਦਾ ਸੰਗਠਨ ਬਣਾ ਕੇ ਨੌਜਵਾਨਾਂ ਨੂੰ ਇਸ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਇਸ ਸੰਬੰਧੀ ਐਕਸ 'ਤੇ ਵੀ ਖਾਤਾ ਬਣਾਇਆ। ਉਨ੍ਹਾਂ ਲਈ ਤੇ ਭਾਰਤ ਦੇ ਲੋਕਾਂ ਲਈ ਵੀ ਇਹ ਬੜੀ ਹੈਰਾਨੀ ਵਾਲੀ ਗੱਲ ਹੋਈ ਕਿ ਜੰਗਲ ਦੀ ਅੱਗ ਦੀ ਤਰ੍ਹਾਂ ਕਾਕਰੋਚ ਜਨਤਾ ਪਾਰਟੀ ਦਾ ਸੁਨੇਹਾ ਦੇਸ਼-ਵਿਦੇਸ਼ ਵਿਚ ਫੈਲ ਗਿਆ। ਇਹ ਸਿਲਸਿਲਾ 16 ਮਈ ਤੋਂ ਆਰੰਭ ਹੋਇਆ ਸੀ ਹੁਣ ਤੱਕ ਇੰਸਟਾਗ੍ਰਾਮ 'ਤੇ ਇਸ ਨਾਲ 1.7 ਕਰੋੜ ਲੋਕ ਜੁੜ ਚੁੱਕੇ ਹਨ। ਐਕਸ 'ਤੇ ਅਭਿਜੀਤ ਦੀਪਕੇ ਵਲੋਂ ਬਣਾਏ ਖਾਤੇ ਨੂੰ ਭਾਰਤੀ ਸਰਕਾਰ ਨੇ ਦੇਸ਼ ਵਿਚ ਬੈਨ ਕਰਵਾ ਦਿੱਤਾ ਹੈ ਪਰ ਅਭਿਜੀਤ ਦੀਪਕੇ ਵਲੋਂ ਕਾਕਰੋਚ ਜਨਤਾ ਪਾਰਟੀ ਕੰਮਬੈਕ ਨਾਂਅ ਦੇ ਨਾਲ ਦੁਬਾਰਾ ਤੋਂ ਖਾਤਾ ਬਣਾ ਲਿਆ ਗਿਆ ਹੈ। ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਹੈ ਕਿ ਇਹ ਪਲੇਟਫਾਰਮ ਖੜ੍ਹਾ ਕਰਨ ਲਈ ਉਨ੍ਹਾਂ ਨੂੰ ਅਤੇ ਭਾਰਤ ਵਿਚ ਉਨ੍ਹਾਂ ਦੇ ਪਰਿਵਾਰ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਦੇਸ਼-ਵਿਦੇਸ਼ ਵਿਚ ਵੱਡੀ ਗਿਣਤੀ ਵਿਚ ਨੌਜਵਾਨ ਲਗਾਤਾਰ ਇਸ ਨਾਲ ਜੁੜ ਰਹੇ ਹਨ। ਪੰਜਾਬ ਸਮੇਤ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਨੌਜਵਾਨ ਕਾਕਰੋਚ ਜਨਤਾ ਪਾਰਟੀ ਦੇ ਨਾਂਅ ਨਾਲ ਆਪੋ-ਆਪਣੇ ਖਾਤੇ ਬਣਾ ਕੇ ਏ.ਆਈ. ਦੀ ਵਰਤੋਂ ਨਾਲ ਕਾਕਰੋਚਾਂ ਦੀਆਂ ਬੜੀਆਂ ਦਿਲਚਸਪ ਵੀਡੀਓਜ਼ ਬਣਾ ਰਹੇ ਹਨ, ਜਿਨ੍ਹਾਂ ਵਿਚ ਕਾਕਰੋਚ ਨੌਜਵਾਨਾਂ ਅਤੇ ਆਮ ਲੋਕਾਂ ਦੇ ਮਸਲਿਆਂ ਬਾਰੇ ਭਾਸ਼ਣ ਕਰਦੇ ਨਜ਼ਰ ਆ ਰਹੇ ਹਨ ਅਤੇ ਕਾਕਰੋਚਾਂ ਦੀਆਂ ਭੀੜਾਂ ਤਬਦੀਲੀ ਲਈ ਨਾਅਰੇ ਮਾਰਦੀਆਂ ਦਿਖਾਈ ਦੇ ਰਹੀਆਂ ਹਨ। ਬਹੁਤ ਸਾਰੇ ਕਲਾਕਾਰਾਂ ਨੇ ਕਾਕਰੋਚ ਜਨਤਾ ਪਾਰਟੀ ਦੇ ਹੱਕ ਵਿਚ ਗਾਣੇ ਵੀ ਰਿਕਾਰਡ ਕਰਵਾ ਕੇ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ 'ਤੇ ਪਾ ਦਿੱਤੇ ਹਨ। ਅਭਿਜੀਤ ਦੀਪਕੇ ਨੇ ਇਸ ਮਜ਼ਾਕੀਆ ਪਾਰਟੀ ਵਿਚ ਸ਼ਾਮਿਲ ਹੋਣ ਲਈ ਜੋ ਯੋਗਤਾਵਾਂ ਰੱਖੀਆਂ ਹਨ, ਉਨ੍ਹਾਂ ਵਿਚ ਬੇਰੁਜ਼ਗਾਰ ਹੋਣਾ, ਆਲਸੀ ਹੋਣਾ ਅਤੇ ਹਮੇਸ਼ਾ ਆਨਲਾਈਨ ਰਹਿਣਾ ਅਤੇ ਪੇਸ਼ਾਵਰ ਤਰੀਕੇ ਨਾਲ ਆਪਣੀ ਭੜਾਸ ਕੱਢਣ ਦੀ ਯੋਗਤਾ ਹੋਣਾ ਆਦਿ ਸ਼ਾਮਿਲ ਹਨ। ਕਾਕਰੋਚ ਜਨਤਾ ਪਾਰਟੀ ਵਲੋਂ ਜੋ ਆਪਣੀਆਂ ਮੰਗਾਂ ਰੱਖੀਆਂ ਗਈਆਂ ਹਨ ਉਹ ਹੇਠ ਪ੍ਰਕਾਰ ਹਨ।

(1) ਸੁਪਰੀਮ ਕੋਰਟ ਦੇ ਸੇਵਾਮੁਕਤ ਹੋਣ ਵਾਲੇ ਮੁੱਖ ਜੱਜਾਂ ਨੂੰ ਰਾਜ ਸਭਾ ਜਾਂ ਹੋਰ ਸਰਕਾਰੀ ਅਹੁਦਿਆਂ 'ਤੇ ਨਿਯੁਕਤ ਨਾ ਕੀਤਾ ਜਾਏ।

(2) ਹਾਲ ਹੀ ਵਿਚ ਨੀਟ ਮੈਡੀਕਲ ਪ੍ਰੀਖਿਆ ਦੇ ਲੀਕ ਹੋਏ ਪੇਪਰ ਦੀ ਜ਼ਿੰਮੇਵਾਰੀ ਲੈਂਦਿਆਂ ਹੋਇਆਂ ਦੇਸ਼ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਸਤੀਫ਼ਾ ਦੇਣ।

(3) ਸੰਸਦ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਲਈ 50 ਫ਼ੀਸਦੀ ਰਾਖਵਾਂਕਰਨ ਲਾਗੂ ਕੀਤਾ ਜਾਏ। ਜੇਕਰ ਚੋਣਾਂ ਵਿਚ ਹੇਰਾ-ਫੇਰੀ ਹੁੰਦੀ ਹੈ ਜਾਂ ਵੋਟ ਚੋਰੀ ਹੁੰਦੇ ਹਨ ਤਾਂ ਮੁੱਖ ਚੋਣ ਕਮਿਸ਼ਨਰ 'ਤੇ ਯੂ.ਏ.ਪੀ.ਏ. ਲਗਾ ਕੇ ਉਸ ਨੂੰ ਜੇਲ੍ਹ ਭਜਿਆ ਜਾਏ।

(4) ਜਿਹੜਾ ਕੋਈ ਲੀਡਰ ਦਲ ਬਦਲੀ ਕਰਦਾ ਹੈ ਉਸ 'ਤੇ 20 ਸਾਲ ਤੱਕ ਚੋਣ ਲੜਨ 'ਤੇ ਪਾਬੰਦੀ ਲਗਾਈ ਜਾਵੇ।

(5) ਸੱਤਾ ਸਮਰਥਕ ਮੀਡੀਆ (ਗੋਦੀ ਮੀਡੀਆ) ਦੇ ਐਂਕਰਾਂ ਅਤੇ ਉਸ ਦੇ ਮਾਲਿਕਾਂ ਦੀ ਜਾਇਦਾਦ ਦੀ ਜਾਂਚ ਕੀਤੀ ਜਾਵੇ।

ਕਾਕਰੋਚ ਜਨਤਾ ਪਾਰਟੀ ਦਾ ਉਪਰੋਕਤ ਉਭਾਰ ਇਸ ਗੱਲ ਦਾ ਭਲੀ-ਭਾਂਤ ਪ੍ਰਗਟਾਵਾ ਕਰਦਾ ਹੈ ਕਿ ਦੇਸ਼ ਦੇ ਨੌਜਵਾਨ ਅਤੇ ਆਮ ਲੋਕ ਸਾਡੀ ਰਾਜਨੀਤਕ ਵਿਵਸਥਾ, ਨਿਆਂਪਾਲਕਾ ਅਤੇ ਇਥੇ ਦੀਆਂ ਸਰਕਾਰਾਂ ਵਲੋਂ ਲਾਗੂ ਕੀਤੀਆਂ ਜਾ ਰਹੀਆਂ ਆਰਥਿਕ ਨੀਤੀਆਂ ਤੋਂ ਸੰਤੁਸ਼ਟ ਨਹੀਂ ਹਨ। ਉਹ ਇਸ ਗੱਲ ਤੋਂ ਵੀ ਪ੍ਰੇਸ਼ਾਨ ਤੇ ਬਦਜ਼ਨ ਹਨ ਕਿ ਪੂਰੀ ਵਿਵਸਥਾ ਆਮ ਲੋਕਾਂ ਪ੍ਰਤੀ ਜਵਾਬਦੇਹ ਨਹੀਂ ਹੈ। ਸਗੋਂ ਆਮ ਲੋਕਾਂ ਦਾ ਵੱਡੇ ਅਹੁਦਿਆਂ 'ਤੇ ਬੈਠੀਆਂ ਸ਼ਖ਼ਸੀਅਤਾਂ ਵਲੋਂ ਤ੍ਰਿਸਕਾਰ ਕੀਤਾ ਜਾ ਰਿਹਾ ਹੈ। ਕਾਕਰੋਚ ਜਨਤਾ ਪਾਰਟੀ ਦੇ ਉਭਾਰ ਨਾਲ ਜੋ ਇਹ ਹਕੀਕਤਾਂ ਸਾਹਮਣੇ ਆਈਆਂ ਹਨ ਇਹ ਸਾਡੀ ਪੂਰੀ ਰਾਜਨੀਤਕ ਵਿਵਸਥਾ ਲਈ ਇਕ ਬੜੀ ਵੱਡੀ ਚੁਣੌਤੀ ਪੇਸ਼ ਕਰਦੀਆਂ ਹਨ। ਸੱਤਾ ਦੀਆਂ ਕੁਰਸੀਆਂ 'ਤੇ ਬਿਰਾਜਮਾਨ ਲੋਕਾਂ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਦਿਆਂ ਆਪਣੀ ਕਾਰਜਸ਼ੈਲੀ ਵਿਚ ਵੱਡੀਆਂ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ। ਦੇਸ਼ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣੇ ਚਾਹੀਦੇ ਹਨ। ਪ੍ਰਬੰਧ ਵਿਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ ਚਾਹੀਦਾ ਹੈ। ਆਰਥਿਕ ਨੀਤੀਆਂ ਕਾਰਪੋਰੇਟਰਾਂ ਦੇ ਹੱਕ ਵਿਚ ਨਹੀਂ ਸਗੋਂ ਆਮ ਲੋਕਾਂ ਦੇ ਹੱਕ ਵਿਚ ਹੋਣੀਆਂ ਚਾਹੀਦੀਆਂ ਹਨ। ਜਲ, ਜੰਗਲ, ਜ਼ਮੀਨ ਅਤੇ ਦੇਸ਼ ਦੇ ਹੋਰ ਕੁਦਰਤੀ ਸਾਧਨਾਂ ਦੀ ਵਰਤੋਂ ਕਾਰਪੋਰੇਟਰਾਂ ਦਾ ਮੁਨਾਫ਼ਾ ਵਧਾਉਣ ਲਈ ਨਹੀਂ ,ਸਗੋਂ ਆਮ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਸਿਰਜਣ ਵਾਸਤੇ ਹੋਣੀ ਚਾਹੀਦੀ ਹੈ। ਸਿੱਖਿਆ ਪ੍ਰਣਾਲੀ ਨੂੰ ਸਮੇਂ ਦੀ ਹਾਣੀ ਬਣਾਉਣਾ ਚਾਹੀਦਾ ਹੈ ਅਤੇ ਪੇਸ਼ਾਵਰ ਕੋਰਸਾਂ ਦੇ ਦਾਖ਼ਲਿਆਂ ਸੰਬੰਧੀ ਪੇਪਰਾਂ ਦੇ ਵਾਰ-ਵਾਰ ਲੀਕ ਹੋਣ ਦਾ ਸਿਲਸਿਲਾ ਰੋਕਿਆ ਜਾਣਾ ਚਾਹੀਦਾ ਹੈ। ਜੇਕਰ ਸਾਡਾ ਸੱਤਾਧਾਰੀ ਵਰਗ ਵਿਵਸਥਾ ਵਿੱਚ ਪਾਏ ਜਾ ਰਹੇ ਉਪਰੋਕਤ ਵਿਗਾੜਾਂ ਨੂੰ ਸਮੇਂ ਸਿਰ ਦਰੁਸਤ ਨਹੀਂ ਕਰਦਾ ਤੇ ਆਪਣੇ ਆਪ ਨੂੰ ਲੋਕਾਂ ਅੱਗੇ ਜਵਾਬਦੇਹ ਨਹੀਂ ਬਣਾਉਂਦਾ ਤਾਂ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ 'ਤੇ ਕਾਕਰੋਚ ਜਨਤਾ ਪਾਰਟੀ ਦਾ ਜਿਹੜਾ ਅੰਦੋਲਨ ਧੂੰਮਾਂ ਪਾਉਂਦਾ ਨਜ਼ਰ ਆ ਰਿਹਾ ਹੈ, ਉਹ ਸੜਕਾਂ 'ਤੇ ਵੀ ਉਤਰ ਸਕਦਾ ਹੈ। ਸਮੇਂ ਦੀ ਆਵਾਜ਼ ਨੂੰ ਸੁਣਨਾ ਹੁਣ ਸਾਡੇ ਸੱਤਾਧਾਰੀ ਵਰਗ ਦਾ ਕੰਮ ਹੈ।

## ਸਿਆਸੀ ਚਿਤਾਵਨੀ

ਆਰਥਿਕ ਸੰਕਟ ਅਤੇ ਨੀਟ ਪ੍ਰੀਖਿਆ ਦੀਆਂ ਨਾਕਾਮੀਆਂ ਦਰਮਿਆਨ ਸੋਸ਼ਲ ਮੀਡੀਆ ਉੱਤੇ 'ਕੌਕਰੋਚ ਜਨਤਾ ਪਾਰਟੀ' ਨੂੰ ਮਿਲ ਰਿਹਾ ਭਰਵਾਂ ਹੁੰਗਾਰਾ ਭਾਰਤ ਦੇ ਨੌਜਵਾਨਾਂ ਖ਼ਾਸ ਕਰਕੇ ਬੇਰੁਜ਼ਗਾਰਾਂ ਦੇ ਅੰਦਰਲੇ ਗੁੱਸੇ ਤੇ ਨਿਰਾਸ਼ਾ ਨੂੰ ਦਰਸਾਉਂਦਾ ਹੈ। ਇਸ ਔਨਲਾਈਨ ਮੁਹਿੰਮ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਬੇਰੁਜ਼ਗਾਰੀ, ਪ੍ਰੀਖਿਆ ਘੁਟਾਲਿਆਂ ਅਤੇ ਸਿਆਸੀ ਬੇਰੁਖ਼ੀ ਤੋਂ ਅੱਕੀ ਹੋਈ ਅੱਜ ਦੀ ਪੀੜ੍ਹੀ ਹੁਣ ਵਿਅੰਗ ਨੂੰ ਆਪਣੇ ਲੋਕਤੰਤਰੀ ਪ੍ਰਗਟਾਵੇ ਦੇ ਹਥਿਆਰ ਵਜੋਂ ਵਰਤ ਰਹੀ ਹੈ। ਇਹ ਸਭ ਕੁਝ ਭਾਰਤ ਦੇ ਮੁੱਖ ਜੱਜ ਦੀ ਉਸ ਟਿੱਪਣੀ ਦੇ ਤਿੱਖੇ ਜਵਾਬ ਵਜੋਂ ਸ਼ੁਰੂ ਹੋਇਆ ਸੀ ਜਿਸ ਵਿੱਚ ਉਨ੍ਹਾਂ ਨੇ ਨੌਜਵਾਨਾਂ ਦੇ ਇੱਕ ਹਿੱਸੇ ਦੀ ਤੁਲਨਾ 'ਕੌਕਰੋਚਾਂ' ਨਾਲ ਕੀਤੀ ਸੀ। ਪਰ ਦੇਖਦਿਆਂ ਹੀ ਦੇਖਦਿਆਂ ਇਹ ਮੁਹਿੰਮ ਨੌਜਵਾਨਾਂ ਦੀ ਬੇਚੈਨੀ, ਜਵਾਬਦੇਹੀ ਅਤੇ ਅਸਹਿਮਤੀ ਦੀ ਆਜ਼ਾਦੀ ਵਰਗੇ ਵੱਡੇ ਮੁੱਦਿਆਂ 'ਤੇ ਚਰਚਾ ਦਾ ਰੂਪ ਧਾਰਨ ਕਰ ਗਈ ਹੈ। ਇਸ ਅੰਦੋਲਨ ਵਿੱਚ ਕੌਕਰੋਚ ਦੇ ਪ੍ਰਤੀਕ ਦੀ ਕੇਂਦਰੀ ਭੂਮਿਕਾ ਹੈ। ਆਮ ਤੌਰ 'ਤੇ ਇੱਕ ਕੀੜਾ ਸਮਝੇ ਜਾਣ ਵਾਲੇ ਇਸ ਜੀਵ ਨੂੰ 'ਕੌਕਰੋਚ ਜਨਤਾ ਪਾਰਟੀ' ਦੇ ਸਮਰਥਕਾਂ ਨੇ 'ਸੰਘਰਸ਼ ਅਤੇ ਜਿਉਂਦੇ ਰਹਿਣ ਦੀ ਸਮਰੱਥਾ' ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ। ਉਨ੍ਹਾਂ ਦਾ ਸੁਨੇਹਾ ਬਿਲਕੁਲ ਸਾਫ਼ ਹੈ; ਦੇਸ਼ ਦੇ ਜਿਨ੍ਹਾਂ ਨੌਜਵਾਨਾਂ ਨੂੰ ਅਣਗੌਲਿਆ ਕੀਤਾ ਗਿਆ, ਉਹ ਹਰ ਮੁਸ਼ਕਲ ਦੇ ਬਾਵਜੂਦ ਜਿਉਂਦੇ ਰਹੇ ਹਨ ਅਤੇ ਹੁਣ ਉਹ ਆਪਣੀ ਆਵਾਜ਼ ਬੁਲੰਦ ਕਰਕੇ ਰਹਿਣਗੇ।

'ਕੌਕਰੋਚ ਜਨਤਾ ਪਾਰਟੀ' ਦੀ ਤੇਜ਼ੀ ਨਾਲ ਵਧਦੀ ਲੋਕਪ੍ਰਿਯਤਾ ਨੇ ਸੱਤਾਧਾਰੀ ਭਾਜਪਾ ਨੂੰ ਵੀ ਜਵਾਬੀ ਹਮਲਾ ਕਰਨ ਲਈ ਮਜਬੂਰ ਕਰ ਦਿੱਤਾ ਹੈ। ਭਾਜਪਾ ਦੇ ਕਈ ਆਗੂਆਂ ਨੇ ਦੋਸ਼ ਲਾਇਆ ਹੈ ਕਿ ਇਸ ਮੁਹਿੰਮ ਨੂੰ ਸੋਸ਼ਲ ਮੀਡੀਆ 'ਤੇ ਪਾਕਿਸਤਾਨ ਤੋਂ ਸਮਰਥਨ ਮਿਲ ਰਿਹਾ ਹੈ। ਦੂਜੇ ਪਾਸੇ 'ਕੌਕਰੋਚ ਜਨਤਾ ਪਾਰਟੀ' ਦੇ ਸੰਸਥਾਪਕ ਅਭਿਜੀਤ ਦੀਪਕੇ ਦਾ ਦਾਅਵਾ ਹੈ ਕਿ ਉਨ੍ਹਾਂ ਦੇ 94 ਫ਼ੀਸਦੀ ਤੋਂ ਵੱਧ ਫਾਲੋਅਰਜ਼ ਭਾਰਤ ਤੋਂ ਹੀ ਹਨ। ਦੀਪਕੇ ਵੱਲੋਂ ਖਾਤਿਆਂ 'ਤੇ ਪਾਬੰਦੀਆਂ ਲਾਉਣ, ਹੈਕਿੰਗ ਅਤੇ ਪਲੇਟਫਾਰਮ ਬੰਦ ਕੀਤੇ ਜਾਣ ਦੇ ਲਾਏ ਗਏ ਦੋਸ਼ਾਂ ਨੇ ਡਿਜੀਟਲ ਯੁੱਗ ਵਿੱਚ ਲੋਕਤੰਤਰ ਦੇ ਦਾਇਰੇ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਵਿਅੰਗ ਅਤੇ ਆਲੋਚਨਾ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਇਸ ਧਾਰਨਾ ਨੂੰ ਹੋਰ ਮਜ਼ਬੂਤ ਕਰਦੀਆਂ ਹਨ ਕਿ ਸਰਕਾਰ ਆਲੋਚਨਾ ਸੁਣਨ ਲਈ ਤਿਆਰ ਨਹੀਂ ਹੈ। ਲੋਕਤੰਤਰ ਉਦੋਂ ਹੀ ਸਿਹਤਮੰਦ ਮੰਨਿਆ ਜਾਂਦਾ ਹੈ ਜਦੋਂ ਸ਼ਾਂਤੀਪੂਰਨ ਤਰੀਕੇ ਨਾਲ ਅਸਹਿਮਤੀ ਪ੍ਰਗਟਾਉਣ ਦੀ ਪੂਰੀ ਆਜ਼ਾਦੀ ਹੋਵੇ।

ਇਸ ਵਿਰੋਧ ਪ੍ਰਦਰਸ਼ਨ ਦੇ ਉਭਾਰ ਨੇ ਸਾਰੇ ਸਬੰਧਿਤ ਧਿਰਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜਬੂਰ ਕਰ ਦਿੱਤਾ ਹੈ, ਚਾਹੇ ਉਹ ਸਿਆਸੀ ਜਮਾਤ ਹੋਵੇ, ਅਫ਼ਸਰਸ਼ਾਹੀ, ਨਿਆਂਪਾਲਿਕਾ ਜਾਂ ਫਿਰ ਮੀਡੀਆ। ਕੌਕਰੋਚ ਜਨਤਾ ਪਾਰਟੀ ਇੱਕ ਲੰਮੇ ਸਮੇਂ ਤੱਕ ਟਿਕਣ ਵਾਲੀ ਤਾਕਤ ਵਜੋਂ ਸਥਾਪਿਤ ਹੋ ਪਾਉਂਦੀ ਹੈ ਜਾਂ ਨਹੀਂ ਇਹ ਤਾਂ ਵੱਖਰੀ ਗੱਲ ਹੈ ਪਰ ਇਸ ਦਾ ਸਾਹਮਣੇ ਆਉਣਾ ਇੱਕ ਬਹੁਤ ਵੱਡੀ ਤੇ ਸਪਸ਼ਟ ਚੇਤਾਵਨੀ ਹੈ; ਇਨ੍ਹਾਂ ਸੋਸ਼ਲ ਮੀਡੀਆ ਮੀਮਜ਼ ਦੇ ਪਿੱਛੇ ਅੱਜ ਦੀ ਉਹ ਪੀੜ੍ਹੀ ਖੜ੍ਹੀ ਹੈ ਜੋ ਦੇਸ਼ ਦੇ ਭਵਿੱਖ ਨੂੰ ਸਿਰਜਣ ਵਿੱਚ ਆਪਣੀ ਇੱਜ਼ਤ, ਰੁਜ਼ਗਾਰ ਦੇ ਮੌਕੇ ਅਤੇ ਆਪਣੀ ਆਵਾਜ਼ ਦੀ ਹਿੱਸੇਦਾਰੀ ਮੰਗ ਰਹੀ ਹੈ।

# Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

**DUBLIN CHEVOLET**

**DUBLIN CADILLAC**

**DUBLIN BUICK GMC**

**DUBLIN KIA**

**DUBLIN NISSAN**

**DUBLIN INFINITI**

**FREMONT CHEVROLET**

**FREMONT CADILLAC**

**FREMONT BUICK GMC**

**STEVENS CREEK CHEVROLET**

**STEVENS CREEK CADILLAC**

**FREMONT HYUNDAI**

**CONCORD CHEVROLET**

**ACURA OF CONCORD**

**CONCORD NISSAN**

**LIVERMORE TOYOTA**

**FREMONT FORD**